# ਕੈਨੇਡਾ ਦਰਪਣ

ਮਈ 15, 1983

**May 15, 1983**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

25¢ Out Of Greater Vancouver 40¢

# ਕੈਨੇਡਾ ਦਰਪਣ

ADDRESS:
P.O. BOX 67344 STN. 'O'
VANCOUVER, B.C. V5W 3T1
CANADA

Publisher: ASIA BOOK COMPANY LTD.
VOL. 2, NO. 10 May 15, 1983
PHONE: 324-6111

THE CANADA DARPAN
PUNJABI FORTNIGHTLY
Hon. Editor DARSHAN GILL

## ਸਾੜ ਫੂਕ ਤੇ ਲੁੱਟ ਮਾਰ ਪਿਛੋਂ ਪਟਿਆਲੇ ਵਿਚ ਸ਼ਾਂਤੀ

### ਦਰਬਾਰਾ ਸਿੰਘ ਤੇ ਜਗਨ ਨਾਥ ਕੌਸ਼ਲ ਪਟਿਆਲੇ ਪਹੁੰਚੇ

ਪਟਿਆਲਾ— ਪਟਿਆਲੇ ਵਿਚ ਹਿੰਸਾ, ਲੁੱਟ ਮਾਰ ਅਤੇ ਅੱਗਾਂ ਤੋਂ ਪਿਛੋਂ ਸ਼ਹਿਰ ਵਿਚ ਸ਼ਾਂਤੀ ਦਾ ਵਾਤਾਵਰਣ ਹੈ। ਕੇਂਦਰੀ ਕਾਨੂੰਨ ਮੰਤਰੀ ਜਗਨ ਨਾਥ ਕੌਸ਼ਲ ਅਤੇ ਪੰਜਾਬ ਦੇ ਮੁਖ ਮੰਤਰੀ ਦਰਬਾਰਾ ਸਿੰਘ ਪਟਿਆਲੇ ਵਿਚ ਪੁਲਸ ਅਤੇ ਸਿਵਲ ਅਧਿਕਾਰੀਆਂ ਨੂੰ ਮਿਲੇ ਉਹਨਾਂ ਨੇ ਵੱਖ ਵੱਖ ਸਬੰਧਤ ਗਰੁਪਾਂ ਨਾਲ ਵੀ ਮੁਲਾਕਾਤਾਂ ਕੀਤੀਆਂ। ਪੱਤਰਕਾਰਾਂ ਨਾਲ ਗੱਲ ਬਾਤ ਕਰਦਿਆਂ ਮੁਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਅਮਨ ਹਰ ਹਾਲਤ ਵਿਚ ਕਾਇਮ ਰੱਖਿਆ ਜਾਵੇਗਾ ਅਤੇ ਫਿਰਕਾ ਪ੍ਰਸਤੀ ਨੂੰ ਸਿਰ ਨਹੀਂ ਚੁਕਣ ਦਿਤਾ ਜਾਵੇਗਾ। ਪਟਿਆਲੇ ਦੀਆਂ ਘਟਨਾਵਾਂ ਵਿਚ ਹਿੰਦੂ ਅਤੇ ਸਿੱਖ ਵਪਾਰੀਆਂ ਦੀਆਂ ਸੱਠ ਦੇ ਕਰੀਬ ਦੁਕਾਨਾਂ ਦਾ ਨੁਕਸਾਨ ਹੋਇਆ ਹੈ। ਮੁਖ ਮੰਤਰੀ ਨੇ ਘਟਨਾਵਾਂ ਵਿਚ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਦਾ ਵੀ ਐਲਾਨ ਕੀਤਾ।

**ਜਲੰਧਰ— ਭਾਰਤ ਸਰਕਾਰ ਵਲੋਂ ਸਵਰਗੀ ਅਟਵਾਲ ਨੂੰ ਰਾਸ਼ਟਰਪਤੀ ਪੁਲੀਸ ਮੈਡਲ ਪ੍ਰਦਾਨ।**

## ਅਤਿਵਾਦੀ ਰਾਜਸਥਾਨ ਨੂੰ ਰਵਾਨਾ ?

ਜੈਪੁਰ— ਰਾਜਸਥਾਨ ਪੁਲਸ ਅਕਾਲੀ ਅਤਿਵਾਦੀਆਂ ਦੇ ਗੰਗਾਨਗਰ ਇਲਾਕੇ ਵਿਚ ਪਹੁੰਚਣ ਤੇ ਧਿਆਨ ਰੱਖ ਰਹੀ ਹੈ।

ਸ੍ਰੀ ਗੰਗਾਨਗਰ ਜ਼ਿਲੇ ਵਿਚ 21 ਲੱਖ ਦੀ ਆਬਾਦੀ ਵਿਚੋਂ 4 ਲੱਖ ਆਬਾਦੀ ਸਿੱਖਾਂ ਦੀ ਹੈ। ਆਲ-ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਅਤਿਵਾਦੀ ਅਕਾਲੀਆਂ ਦੀ ਕਾਫੀ ਸੈਲ ਇਥੇ ਮੌਜੂਦ ਹਨ। 'ਰਸਤਾ-ਰੋਕੋ' ਐਜੀਟੇਸ਼ਨ ਸਮੇਂ ਗੰਗਾਨਗਰ —ਅਬੋਹਰ ਸੜਕ ਤੇ ਟਰੈਫਿਕ ਮੁਕੰਮਲ ਜਾਮ ਕਰ ਦਿਤਾ ਗਿਆ ਸੀ।

ਪੰਜਾਬ ਵਿਚੋਂ ਖਿਸਕੇ ਅਤਿਵਾਦੀ ਰਾਜਸਥਾਨ ਵਿਚ ਅੱਡੇ ਬਣਾ ਰਹੇ ਹਨ। ਪਿਛਲੇ ਦਿਨੀਂ ਰਾਜਸਥਾਨ ਦੀ ਪੁਲਸ ਟੁਕੜੀ ਅਤਿਵਾਦੀਆਂ ਬਾਰੇ ਜਾਣਕਾਰੀ ਲੈਣ ਲਈ ਗਈ। ਉਹ ਸਰਕਾਰੀ ਮਾਲਖਾਨੇ ਵਿਚੋਂ ਹਥਿਆਰਾਂ ਦੀ ਚੋਰੀ ਦੀ ਤਹਿਕੀਕਾਤ ਕਰ ਰਹੇ ਹਨ।

## ਸੀ. ਬੀ. ਆਈ. ਟੀਮ ਅੰਮ੍ਰਿਤਸਰ ਵਿਚ

ਚੰਡੀਗੜ੍ਹ— ਕੇਂਦਰੀ ਜਾਂਚ ਬਿਊਰੋ (ਸੀ. ਬੀ. ਆਈ) ਦੇ ਡਾਇਰੈਕਟਰ ਸ੍ਰੀ ਜੇ. ਐਸ. ਬਾਵਾ, ਡੀ. ਆਈ. ਜੀ. ਸ੍ਰੀ ਅਟਵਾਲ ਦੇ ਹੋਏ ਕਤਲ ਦੀ ਜਾਂਚ ਕਰਨ ਲਈ ਅੰਮ੍ਰਿਤਸਰ ਪਹੁੰਚੇ। ਇਸਤੋਂ ਪਹਿਲਾਂ ਸ੍ਰੀ ਬਾਵਾ ਨੇ ਚੰਡੀਗੜ੍ਹ ਵਿਚ ਮੁਖ ਮੰਤਰੀ ਤੇ ਡੀ. ਜੀ. ਪੀ. ਸ੍ਰੀ ਸੀ. ਕੇ. ਸਾਹਨੀ ਸਮੇਤ ਪੰਜਾਬ ਪੁਲਸ ਦੇ ਉਚ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ।

ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪ੍ਰਕਾਸ਼ ਚੰਦ ਸੇਠੀ ਨੇ ਲੋਕ ਸਭਾ ਵਿਚ ਐਲਾਨ ਕੀਤਾ ਸੀ ਕਿ ਸੀ. ਬੀ. ਆਈ ਦੇ ਡਾਇਰੈਕਟਰ ਸ੍ਰੀ ਅਟਵਾਲ ਦੇ ਕਤਲ ਦੀ ਜਾਂਚ ਕਰਨਗੇ।

ਸ੍ਰੀ ਬਾਵਾ ਦੇ ਨਾਲ ਜਾਇੰਟ ਡਾਇਰੈਕਟਰ (ਆਈ. ਜੀ. ਪੁਲਸ) ਰੈਨੀਸਨ, ਡੀ. ਆਈ. ਜੀ. ਪੀ. ਸੀ. ਡੋਗਰਾ ਤੇ ਦੋ ਐਸ. ਪੀ. ਆਏ ਹਨ।

ਸੂਬੇ ਦੀ ਸੀਨੀਅਰ ਸੀ. ਆਈ. ਡੀ. ਅਧਿਕਾਰੀ ਗੁਰਬਚਨ ਜਗਤ ਚੰਡੀਗੜ੍ਹ ਤੋਂ ਕੇਂਦਰੀ ਟੀਮ ਨਾਲ ਅੰਮ੍ਰਿਤਸਰ ਪਹੁੰਚੇ।

ਸੂਤਰਾਂ ਮੁਤਾਬਕ ਕਾਤਲਾਂ ਨੇ ਸ੍ਰੀ ਅਟਵਾਲ ਨੂੰ ਅੰਦਰ ਵੜਦਿਆਂ ਨੋਟ ਕਰ ਲਿਆ ਸੀ। ਸ੍ਰੀ ਅਟਵਾਲ ਦੇ ਇਕ ਘੰਟਾ ਅੰਦਰ ਰਹਿਣ ਸਮੇਂ ਉਹਨਾਂ ਚੰਗੀ ਤਰ੍ਹਾਂ ਆਪਣੀਆਂ ਪੁਜ਼ੀਸ਼ਨਾਂ ਲੈ ਲਈਆਂ। ਸੂਤਰਾਂ ਨੂੰ ਕਾਤਲਾਂ ਦੀ ਗਿਣਤੀ ਇਕ ਤੋਂ ਵੱਧ ਹੋਣ ਦਾ ਸ਼ੱਕ ਹੈ। ਸੂਤਰਾਂ ਨੂੰ ਸ਼ੱਕ ਹੈ ਕਿ ਇਕ ਨੇ ਸ੍ਰੀ ਅਟਵਾਲ ਪਛਾਣਿਆਂ ਤੇ ਦੂਜੇ ਨੇ ਗੋਲੀਆਂ ਚਲਾਈਆਂ।

## ਬਦੇਸ਼ੀ ਭਾਰਤੀਆਂ ਦੀਆਂ ਜਾਇਦਾਦਾਂ ਦੀ ਰਾਖੀ ਲਈ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦਾ ਰਾਜ ਸਭਾ ਵਿਚ ਭਾਸ਼ਨ

**ਨਵੀਂ ਦਿੱਲੀ— ਭਾਰਤ ਦੇ ਬੱਜਟ ਉਪਰ ਤਕਰੀਰ ਕਰਦਿਆਂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਬਦੇਸ਼ੀ ਭਾਰਤੀਆਂ ਦੀਆਂ ਜਾਇਦਾਦਾਂ ਉਪਰ ਰੀਜ਼ਰਵ ਬੈਂਕ ਵਲੋਂ ਪਾਸ ਕੀਤੇ ਕਾਨੂੰਨ ਨੂੰ ਖਤਮ ਕਰਨ ਲਈ ਜ਼ੋਰ ਦਿਤਾ ਇਸ ਬਾਰੇ ਉਨ੍ਹਾਂ ਦੀ ਸਪੀਚ ਦਾ ਉਹ ਹਿੱਸਾ ਹੇਠਾਂ ਛਾਪ ਰਹੇ ਹਾਂ।**

"ਮੈਂ ਇਕ ਹੋਰ ਸਮੱਸਿਆ ਦਾ ਹਵਾਲਾ ਦਿੰਦਾ ਹਾਂ ਜਿਹੜੀ ਕਿ ਬਦੇਸ਼ਾਂ 'ਚ ਰਹਿੰਦੇ ਭਾਰਤੀਆਂ ਬਾਰੇ ਹੈ। ਤੁਸੀਂ ਪਾਰਲੀਮੈਂਟ ਵਿਚ ਇਕ ਐਕਟ ਬਣਾਇਆ, ਜਿਸਨੂੰ ਕਿ ਐਫ. ਈ. ਆਰ. ਏ ਕਿਹਾ ਜਾਂਦਾ ਹੈ, ਇਹ ਸਮਗਲਰਾਂ, ਚੋਰ ਬਜ਼ਾਰੀਆਂ, ਅਤੇ ਲੋਟੂ ਬਹੁ-ਕੌਮੀ ਕੰਪਨੀਆਂ ਨਾਲ ਨਜਿਠਣ ਦੇ ਨਿਸ਼ਾਨੇ ਅਤੇ ਉਦੇਸ਼ ਨਾਲ ਬਣਾਇਆ ਗਿਆ ਸੀ। ਪਰ ਇਹ ਕਾਨੂੰਨ ਉਹਨਾਂ ਨੂੰ ਕਿਸੇ ਮਹਤਵ ਪੂਰਣ ਰੂਪ 'ਚ ਫੜਣ ਵਿਚ ਵੀ ਅਸਫਲਤਾ ਰਿਹਾ ਹੈ। ਅਤੇ ਉਹ ਆਪਣੀਆਂ ਲੋਕ ਵਿਰੋਧੀ ਕਰਤੂਤਾਂ ਤੋਂ ਬਚ ਨਿਕਲਦੇ ਹਨ। ਪਰ ਸ਼ਾਇਦ ਤੁਸੀਂ ਸੋਚਿਆ ਕਿ ਮੁਲਾਜ਼ਮ ਜਿਹੜੇ ਉਸ ਵਿਭਾਗ ਵਿਚ ਰੁਜ਼ਗਾਰ ਤੇ ਲਗੇ ਹੋਏ ਹਨ ਬੇਰੁਜ਼ਗਾਰ ਹੋ ਜਾਣਗੇ, ਅਤੇ ਉਹਨਾਂ ਨੂੰ ਰੁਜ਼ਗਾਰ ਉਤੇ ਲਗਾਈ ਰਖਣ ਲਈ ਤੁਸੀਂ ਐਫ. ਈ. ਆਰ. ਏ. ਨੂੰ ਬਦੇਸ਼ਾਂ 'ਚ ਵਸਦੇ ਭਾਰਤੀਆਂ ਉਤੇ ਲਾਗੂ ਕਰਨਾ ਸ਼ੁਰੂ ਕਰ ਦਿਤਾ। ਜਿਹਨਾਂ ਨੂੰ ਮਜ਼ਬੂਰ ਕੀਤਾ ਜਾਂਦਾ ਹੈ, ਉਹਨਾਂ ਦੇਸ਼ਾਂ ਵਿਚ ਨਸਲੀ ਵਿਤਕਰੇ ਕਾਰਨ ਇਹਨਾਂ ਦੇਸ਼ਾਂ ਦੀ ਨਾਗਰਿਕਤਾ ਹਾਸਲ ਕਰਨ ਲਈ। ਐਫ. ਈ. ਆਰ. ਏ ਦੀ ਧਾਰਾ ਤਾਂ ਉਨ੍ਹਾਂ ਉਤੇ ਲਾਗੂ ਕੀਤੀ ਜਾਂਦੀ ਹੈ, ਅਤੇ ਉਨ੍ਹਾਂ ਦੇ ਮਾਪੇ, ਭਰਾ, ਪਿਤਾ, ਮਾਵਾਂ ਨੂੰ ਇਸ ਕਾਨੂੰਨ ਦੀ ਧਾਰਾ 31 ਅਨੁਸਾਰ ਤੰਗ ਕੀਤਾ ਜਾਂਦਾ ਹੈ।

(ਬਾਕੀ ਪੰਨਾ 15 ਤੇ)

## ਗਿਆਨੀ ਬਚਨ ਸਿੰਘ ਡੀ. ਐਸ. ਪੀ. ਤੇ ਕਾਤਲਾਨਾ ਹਮਲਾ

ਅੰਮ੍ਰਿਤਸਰ— ਗਿਆਨੀ ਬਚਨ ਸਿੰਘ ਤੇ ਗੁਰੂ ਨਾਨਕ ਹਸਪਤਾਲ ਦੇ ਬਾਹਰ ਗੋਲੀਆਂ ਨਾਲ ਹਮਲਾ ਕੀਤੇ ਜਾਣ ਦੀ ਖਬਰ ਹੈ। ਗਿਆਨੀ ਬਚਨ ਸਿੰਘ ਅਤਿਵਾਦੀਆਂ ਦੀ 'ਮਾਰੂ ਸੂਚੀ' ਵਿਚ ਸ਼ਾਮਲ ਦੱਸਿਆ ਜਾਂਦਾ ਹੈ।

ਗਿਆਨੀ ਬਚਨ ਸਿੰਘ ਜੀਪ ਵਿਚ ਬੈਠਣ ਲੱਗੇ ਤਾਂ ਦੋ ਵਿਅਕਤੀਆਂ ਵਲੋਂ ਕਾਤਲਾਨਾ ਹਮਲਾ ਕੀਤਾ ਗਿਆ। ਗੋਲੀਆਂ ਜੀਪ ਵਿਚ ਵੱਜੀਆਂ। ਕਾਤਲ ਹਨੇਰੇ ਵਿਚ ਛੁਪ ਗਏ।

ਹਰਿਮੰਦਰ ਸਾਹਿਬ ਦੇ ਨੇੜੇ ਇਕ ਢਾਬੇ ਤੇ ਸੀਤਾਰਾਮ ਨਾਂ ਦੇ ਵਿਅਕਤੀ ਨੂੰ ਵੀ ਗੋਲੀ ਮਾਰੀ ਗਈ। ਪਰ ਉਸਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

## ਅਟਵਾਲ ਦੇ ਕਾਤਲ ਦਾ ਪਤਾ ਲੱਗ ਗਿਆ — ਦਰਬਾਰਾ ਸਿੰਘ

ਚੰਡੀਗੜ੍ਹ— ਪੰਜਾਬ ਦੇ ਮੁਖ ਮੰਤਰੀ ਦਰਬਾਰਾ ਸਿੰਘ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਡੀ. ਆਈ. ਜੀ. ਅਵਤਾਰ ਸਿੰਘ ਅਟਵਾਲ ਦੇ ਕਾਤਲ ਦਾ ਪਤਾ ਲੱਗ ਗਿਆ ਹੈ। ਪਰ ਉਨ੍ਹਾਂ ਉਸਦਾ ਨਾਂ ਤੇ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿਤਾ। ਉਨ੍ਹਾਂ ਅੱਗੇ ਕਿਹਾ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਰਿਮੰਦਰ ਸਾਹਿਬ ਵਿਚ ਛੁਪੇ ਸ਼ੱਕੀ ਵਿਅਕਤੀਆਂ ਦੀ ਸੂਚੀ ਦੇ ਦਿਤੀ ਹੈ।

ਉਨ੍ਹਾਂ ਕਿਹਾ ਕਿ ਪੁਲਸ ਨੂੰ ਹਰਿਮੰਦਰ ਸਾਹਿਬ ਦਾਖਲ ਹੋਣ ਦੀ ਆਗਿਆ ਨਹੀਂ ਦਿਤੀ ਜਾਵੇਗੀ।

## ਅਕਾਲੀ ਗਲਬਾਤ ਲਈ ਤਿਆਰ

ਨਵੀਂ ਦਿੱਲੀ—'ਹਿੰਦੁਸਤਾਨ ਟਾਈਮਜ਼' ਦੀ ਖਬਰ ਅਨੁਸਾਰ ਅਕਾਲੀ ਲੀਡਰਾਂ ਨੇ ਕੇਂਦਰ ਨੂੰ ਸੂਚਿਤ ਕਰ ਦਿਤਾ ਹੈ ਕਿ ਉਹ ਆਪਣੀਆਂ ਮੰਗਾਂ ਸਬੰਧੀ ਕੇਂਦਰ ਨਾਲ ਗਲਬਾਤ ਕਰਨ ਲਈ ਤਿਆਰ ਹਨ।

ਇਸ ਨਾਲ ਗਲਬਾਤ ਦਾ ਦੌਰ ਮੁੜ ਸ਼ੁਰੂ ਹੋਣ ਵਾਲਾ ਹੈ। ਅਕਾਲੀਆਂ ਦਾ ਵਿਚਾਰ ਸੀ ਕਿ ਅਜੇ ਮੌਕਾ ਨਹੀਂ ਕਿ ਸੰਤ ਲੌਂਗੋਵਾਲ ਅਜੇ ਗਲਬਾਤ ਲਈ ਨਹੀਂ ਜਾਣਗੇ। ਇਸ ਨੂੰ ਟੀਮ ਪੱਧਰ ਤੇ ਹੀ ਨਜਿਠਿਆ ਜਾਵੇ।

ਹਰਿਆਣਾ ਮੁਖ ਮੰਤਰੀ ਭਜਨ ਲਾਲ ਵੀ ਅਮਰੀਕਾ ਦੇ ਦੌਰੇ ਤੋਂ ਵਾਪਸ ਆ ਕੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮਿਲੇ ਤੇ ਇਲਾਕਾਈ ਤੇ ਪਾਣੀਆਂ ਦੇ ਝਗੜੇ ਬਾਰੇ ਗਲਬਾਤ ਕੀਤੀ।

## ਬੀ. ਸੀ. ਦੀਆਂ ਚੋਣਾਂ ਵਿਚ ਅੰਤਮ ਨਤੀਜਿਆਂ ਦਾ ਪਤਾ 17 ਮਈ ਨੂੰ ਲੱਗੇਗਾ

### 5 ਮਈ ਦੀਆਂ ਚੋਣਾਂ ਵਿਚ ਸੋਕਰਡ ਨੂੰ 35 ਸੀਟਾਂ ਮਿਲੀਆਂ

ਵਿਕਟੋਰੀਆ— 5 ਮਈ, 1983 ਦੇ ਚੋਣ ਨਤੀਜਿਆਂ ਨੇ ਸਿਆਸੀ ਅਚੰਭਾ ਪੈਦਾ ਕਰ ਦਿਤਾ ਜਦ 1 ਘੰਟੇ ਦੇ ਅੰਦਰ ਅੰਦਰ ਸੋਕਰਡ ਦੀ ਮਦਦ ਲਿਬਰਲ ਪਾਰਟੀ ਨੇ 52 ਉਮੀਦਵਾਰ ਖੜ੍ਹੇ ਕਰਕੇ ਪੂਰੀ ਕੀਤੀ। ਘੱਟੋ ਘੱਟ 4 ਸੀਟਾਂ ਤੇ ਲਿਬਰਲ ਪਾਰਟੀ ਦੀ ਮਿਹਰਬਾਨੀ ਨਾਲ ਸੋਕਰਡ ਜਿੱਤੇ।

ਕਈ ਹਲਕਿਆਂ ਵਿਚ ਵੋਟਾਂ ਦਾ ਅੰਤਰ ਏਨਾ ਥੋੜ੍ਹਾ ਹੈ ਜਿਸ ਤੋਂ ਲੱਗਦਾ ਹੈ ਕਿ ਆਮ ਲੋਕਾਂ ਲਈ ਇਸ ਵਾਰ ਫੈਸਲਾ ਕਰਨਾ ਕਾਫੀ ਮੁਸ਼ਕਲ ਸੀ।

ਅਸਲ ਵਿਚ ਸੋਕਰਡ ਜਿੱਤ ਦਾ ਕਾਰਨ ਰੁਜ਼ਗਾਰ ਤੇ ਲੱਗੇ ਵੋਟਰ ਸਨ। ਬੇਰੁਜ਼ਗਾਰੀ ਦਾ ਜਿਨ੍ਹਾਂ ਨੂੰ ਅਜੇ ਸਾਹਮਣਾ ਨਹੀਂ ਕਰਨਾ ਪਿਆ ਤੇ ਏਸੇ ਡਰ ਅਤੇ ਭੈਅ ਕਾਰਨ ਉਨ੍ਹਾਂ ਵੋਟ ਸੋਕਰਡ ਪਾਰਟੀ ਨੂੰ ਪਾਏ।

ਇਸ ਚੋਣ ਨੇ ਇਕ ਗੱਲ ਸਪੱਸ਼ਟ ਕਰ ਦਿਤੀ ਹੈ ਕਿ ਐਨ. ਡੀ. ਪੀ. ਦੀ ਪੱਕੀ ਵੋਟ ਤੇ ਅਜਿਹੇ ਡਰ ਦਾ ਕੋਈ ਅਸਰ ਨਹੀਂ ਸੀ।

## ਅੰਦਰ ਪੜ੍ਹੋ —

**ਵਿਸ਼ੇਸ਼ ਸਪਲੀਮੈਂਟ — ਲੋਕ ਨਾਟਕ ਕਾਰ ਗੁਰਸ਼ਰਨ ਸਿੰਘ**

**ਵਿਸ਼ੇਸ਼ ਇੰਟਰਵਿਊ — ਅਸਲ ਵਿਚ ਖਾਲਿਸਤਾਨ ਕੀ ਹੈ ?**

**Bombay Sweet Manufacturer Inc.**

ਬੰਬੇ ਸਵੀਟ ਮਠਿਆਈ ਵਿਚ ਵਧੀਆ ਹੀ ਨਹੀਂ, ਸਗੋਂ ਸਭ ਤੋਂ ਵੱਡਾ ਵੀ ਹੈ

HEAD OFFICE
4405 Main St. (at 28th Ave)
Vancouver, B.C. V5V 3R2
Ph. (604) 874-5722

ਬੰਬੇ ਸਵੀਟ ਮੈਨੂਫੈਕਚਰਰ ਇ:

BRANCH
6545 Main St.(at 49th Ave)
Vancouver, B.C. V5X 3H1
Ph.(604) 321-1414

# ਸੰਤ ਲੌਂਗੋਵਾਲ ਵਲੋਂ 'ਕਨੇਡੀਅਨ ਸ਼ਹੀਦੀ ਜਥੇ' ਦੀ ਭਰਪੂਰ ਸ਼ਲਾਘਾ

ਤਾਰ ਦਾ ਪਤਾ :
'ਅਕਾਲੀ ਦਲ'

ੴ ਵਾਹਿਗੁਰੂ ਜੀ ਕੀ ਫਤਹਿ ॥

ਟੈਲੀਫੋਨ ਨੰ:
੪੬੯੧੨

ਦਫਤਰ

**ਸ਼੍ਰੋਮਣੀ ਅਕਾਲੀ ਦਲ, ਸ੍ਰੀ ਅੰਮ੍ਰਿਤਸਰ**

SHROMANI AKALI DAL, SRI AMRITSAR

ਸੰਮਤ ਸ੍ਰੀ ਗੁਰੂ ਨਾਨਕਸ਼ਾਹੀ - ੫੧੪,

ਨੰ:........ ਮਿਤੀ ੧੫-੪-੧੯੮੩

ਸ੍ਰਦਾਰ ਸੁਬੇਗ ਸਿੰਘ ਜੀ, ਜਨਰਲ ਸਕੱਤਰ,
ਮੋਰਚਾ ਐਕਸ਼ਨ ਕਮੇਟੀ, ਕਨੇਡਾ(ਵੈਨਕੂਵਰ)।

ਸ੍ਰੀਮਾਨ ਜੀਓ,

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਹਿ।

ਸ਼ਹੀਦਾਂ ਦੀ ਸਿਰਮੌਰ ਜਥੇਬੰਦੀ ਸ਼੍ਰੋ: ਅਕਾਲੀ ਦਲ ਵਲੋਂ ਪਿਛਲੇ ਸਾਲ ਸਿੱਖਾਂ ਤੇ ਪੰਜਾਬ ਦੇ ਹੱਕਾਂ, ਅਥਵਾ ਸ੍ਰੀ ਅਨੰਦਪੁਰ ਸਾਹਿਬ ਮਤੇ ਦੀ ਪ੍ਰਾਪਤੀ ਲਈ ਆਰੰਭ ਕੀਤੇ "ਧਰਮ ਯੁੱਧ" ਮੋਰਚੇ ਵਿਚ ਜਿੱਥੇ ਸਮੂਹ ਸਿੱਖ ਸੰਗਤਾਂ ਨੇ, ਤਨੋਂ, ਮਨੋਂ ਭਰਪੂਰ ਯੋਗਦਾਨ ਪਾਇਆ, ਉਥੇ ਬਿਦੇਸ਼ਾਂ ਵਿਚ ਵਸਦੇ ਖਾਲਸਾ ਜੀ ਨੇ, ਵਿਸ਼ੇਸ਼ ਤੌਰ ਤੇ ਕਨੇਡਾ ਵਲੋਂ "ਕਨੇਡੀਅਨ ਸ਼ਹੀਦੀ ਜਥੇ", ਜਿਸਦੀ ਅਗਵਾਈ ਜ: ਤਾਲਿਬ ਸਿੰਘ "ਸੰਧੂ" ਪ੍ਰਧਾਨ ਜ਼ਿਲਾ ਅਕਾਲੀ ਜਥਾ-ਲੁਧਿਆਣਾ, ਕਰ ਰਹੇ ਹਨ, ਨੇ ਅਕਤੂਬਰ-੮੨, ਤੋਂ ਨਾ ਕੇਵਲ ਮਾਇਕ ਤੌਰ ਤੇ ਯੋਗਦਾਨ ਪਾਇਆ ਸਗੋਂ, ਖ਼ੁਦ ਸਤਿਆਗ੍ਰਹਿ ਕਰਕੇ ਗ੍ਰਿਫਤਾਰੀ ਦਿਤੀ, ਜਿਸ ਲਈ ਮੈਂ ਕਨੇਡਾ ਦੀਆਂ ਸਿਖ ਸੰਗਤਾਂ ਦਾ ਉਚੇਚੇ ਤੌਰ ਤੇ ਧੰਨਵਾਦੀ ਹਾਂ।

ਮੈਨੂੰ ਪਤਾ ਲੱਗਾ ਹੈ ਕਿ, ਕਨੇਡੀਅਨ ਜਥੇ ਵਿਚ ਸ਼ਾਮਲ ਭਾਈ ਚੰਨਣ ਸਿੰਘ ਜੀ "ਬਿਲਗਾ" ਨੂੰ ਇਥੋਂ ਦਾ ਪਾਣੀ ਮੁਆਫਕ ਨਹੀਂ ਆਇਆ ਅਤੇ ਉਹ ਲਗਾਤਾਰ ਬਿਮਾਰ ਰਹਿੰਦੇ ਹਨ, ਤੇ ਡਾਕਟਰਾਂ ਦੀ ਰਾਇ ਹੈ ਕਿ ਉਹ ਕਨੇਡਾ ਜਾਕੇ ਇਲਾਜ ਕਰਵਾਉਣ ਤਾਂ ਬੇਹਤਰ ਰਹੇਗਾ। ਮੈਂ ਚਾਹੁੰਦਾ ਸਾਂ ਕਿ ਹੁਣ ਜਦੋਂ ਕਿ, ਕੇਂਦਰ ਨੇ ਪੰਥ ਦੀਆਂ ਕੁਝ ਧਾਰਮਿਕ ਮੰਗਾਂ ਮੰਨ ਲਈਆਂ ਹਨ ਅਤੇ ਸ੍ਰੀ ਅਨੰਦਪੁਰ ਸਾਹਿਬ ਮਤੇ ਦੀ ਇਕ ਮੰਗ "ਸਰਕਾਰੀਆ-ਕਮਿਸ਼ਨ" ਬਣਾ ਦਿਤਾ ਹੈ, ਅਤੇ ਬਾਕੀ ਮੰਗਾਂ ਲਈ "ਧਰਮ ਯੁੱਧ" ਜਾਰੀ ਹੈ, ਤਾਂ ਇਹ ਕਨੇਡੀਅਨ ਸ਼ਹੀਦੀ "ਜੱਥਾ" ਕਨੇਡਾ ਵਾਪਸ ਜਾ ਕੇ ਪੰਥ ਲਈ ਜਦੋ-ਜਹਿਦ ਕਰੇ, ਪ੍ਰੰਤੂ ਸਾਰੇ ਸਿੰਘਾਂ ਨੇ ਜਾਣੋਂ ਇਨਕਾਰ ਕਰ ਦਿਤਾ ਹੈ। ਇਸ ਲਈ ਮੈਂ ਭਾਈ ਚੰਨਣ ਸਿੰਘ ਜੀ "ਬਿਲਗਾ" ਨੂੰ ਹਦਾਇਤ ਕਰਦਾ ਹਾਂ ਕਿ ਉਹ ਵਾਪਸ ਕਨੇਡਾ ਜਾ ਕੇ ਆਪਣਾ ਇਲਾਜ ਕਰਵਾਉਣ ਅਤੇ ਤੰਦਰੁਸਤ ਹੋ ਕੇ ਕਨੇਡਾ ਵਿਖੇ ਰਹਿਕੇ ਹੀ "ਧਰਮ ਯੁੱਧ" ਲਈ ਤਨ, ਮਨ ਅਤੇ ਧਨ ਰਾਹੀਂ ਸੇਵਾ ਕਰਨ, ਅਤੇ "ਸ਼ਹੀਦੀ ਫੰਡ" ਲਈ ਵੱਧ ਤੋਂ ਵੱਧ ਮਾਇਆ ਭੇਜਣ।

ਧੰਨਵਾਦ ਤੇ ਸਤਿਕਾਰ ਸਹਿਤ,

ਗੁਰੂ ਪੰਥ ਦਾ ਦਾਸ,
(ਹਰਚੰਦ ਸਿੰਘ(ਸੰਤ) "ਲੌਂਗੋਵਾਲ"),
ਪਰਧਾਨ,
ਸ਼੍ਰੋਮਣੀ ਅਕਾਲੀ ਦਲ, ਸ੍ਰੀ ਅੰਮ੍ਰਿਤਸਰ ॥

ਕਾਪੀ - ਗਿਆਤ ਲਈ।
ਸ੍ਰ: ਅਵਤਾਰ ਸਿੰਘ ਸਮਰਾ, ਪ੍ਰਧਾਨ,
ਗੁ: ਪ੍ਰ: ਕਮੇਟੀ, ਗੁਰੂ ਨਾਨਕ ਸਿੱਖ ਟੈਂਪਲ,
ਡੈਲਟਾ ਸਰੀ, ਬੀ-ਸੀ-ਕਨੇਡਾ।

ਸ: ਚੰਨਣ ਸਿੰਘ ਸੰਘੇੜਾ ਬਿਲਗਾ-ਨਿਵਾਸੀ ਜੋ ਸਰੀ-ਡੈਲਟਾ ਗੁਰੂ ਘਰ ਵਲੋਂ 'ਕਨੇਡੀਅਨ ਸ਼ਹੀਦੀ ਜਥੇ' ਵਿਚ ਸ਼ਾਮਲ ਹੋਕੇ ਪੰਜਾਬ ਗਏ ਸਨ, ਉਹ 8 ਮਈ ਸ਼ਨਿਚਰਵਾਰ ਨੂੰ ਵੈਨਕੂਵਰ ਪਹੁੰਚੇ। ਏਅਰਪੋਰਟ ਤੇ ਉਨ੍ਹਾਂ ਦਾ ਭਰਪੂਰ ਸੁਆਗਤ ਕੀਤਾ ਗਿਆ।




1. ਫੋਟੋ ਵਿਚ ਸ: ਚੰਨਣ ਸਿੰਘ ਸੰਘੇੜਾ ਨਾਲ ਸ. ਮਲਕੀਤ ਸਿੰਘ ਦੁਸਾਂਝ ਸਕੱਤਰ ਸਰੀ-ਡੈਲਟਾ ਗੁਰੂ ਘਰ ਅਤੇ ਸ. ਜੋਗਿੰਦਰ ਸਿੰਘ ਸੰਘੇੜਾ ਮੀਤ-ਪ੍ਰਧਾਨ ਖੜੇ ਹਨ।



2. ਫੋਟੋ ਵਿਚ ਸ. ਲਛਮਣ ਸਿੰਘ ਬਾਸੀ ਸ. ਚੰਨਣ ਸਿੰਘ ਸੰਘੇੜਾ ਦਾ ਸੁਆਗਤ ਕਰਦੇ ਹੋਏ ਹਾਰ ਪਾ ਰਹੇ ਹਨ।

**ਸ: ਸੁਬੇਗ ਸਿੰਘ ਜਨਰਲ ਸਕੱਤਰ ਮੋਰਚਾ ਐਕਸ਼ਨ ਕਮੇਟੀ ਸਰੀ-ਡੈਲਟਾ ਗੁਰੂ ਘਰ ਵਿਚ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ**



## ਅਰੁਨਾ ਆਸਫ ਅਲੀ ਸੰਤ ਲੌਂਗੋਵਾਲ ਨੂੰ ਮਿਲੀ

ਅੰਮ੍ਰਿਤਸਰ— ਅਰੁਨਾ ਅਸਫ ਅਲੀ ਦੀ ਅਗਵਾਈ ਥੱਲੇ ਸੱਠ ਔਰਤਾਂ ਦਾ ਵਫਦ ਅੰਮ੍ਰਿਤਸਰ ਵਿਚ ਸੰਤ ਲੌਂਗੋਵਾਲ ਨੂੰ 8 ਮਈ ਨੂੰ ਮਿਲਿਆ ਜਿਸ ਵਿਚ ਉਹਨਾਂ ਸੰਤ ਜੀ ਨੂੰ ਬੇਨਤੀ ਕੀਤੀ ਕਿ ਪੰਜਾਬ ਦੇ ਮਸਲੇ ਦੇ ਹੱਲ ਲਈ ਉਹ ਆਪ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮਿਲਣ।

## ਜਲੰਧਰ ਦੇ ਪੱਤਰਕਾਰਾਂ ਵਲੋਂ ਪੰਜਾਬੀਆਂ ਨੂੰ ਅਪੀਲ

ਜਲੰਧਰ— ਜਲੰਧਰ ਦੇ ਸਾਰੇ ਪੱਤਰਕਾਰਾਂ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸ਼ਰਾਰਤੀ ਅੰਸ਼ਾਂ ਤੋਂ ਬਚ ਕੇ ਰਹਿਣ

## ਅੰਮ੍ਰਿਤਸਰ 'ਚ ਥਾਣੇਦਾਰ ਦੇ ਘਰ ਉਤੇ ਬੰਬ

ਅੰਮ੍ਰਿਤਸਰ— ਸਥਾਨਕ ਥਾਣਾ ਸਦਰ ਦੇ ਐਸ. ਐਚ. ਓ. ਸ੍ਰੀ ਮੁਖਤਿਆਰ ਚੰਦ ਦੇ ਘਰ ਅਗਿਓਂ ਇਕ ਅਣਚਲਿਆ ਦੇਸੀ ਬੰਬ ਪ੍ਰਾਪਤ ਹੋਇਆ ਹੈ।

ਪੁਲਸ ਸੂਤਰਾਂ ਨੇ ਦੱਸਿਆ ਕਿ ਥਾਣੇਦਾਰ ਦੇ ਹੁਕਮ ਚੰਦ ਰੋਡ ਉਤੇ ਸਥਿਤ ਘਰ ਉਤੇ ਕਿਸੇ ਅਣਪਛਾਤੇ ਵਿਅਕਤੀ ਵਲੋਂ ਸੁੱਟੇ ਗਏ ਇਸ ਬੰਬ ਦਾ ਨਾ ਸਿਰਫ ਨਿਸ਼ਾਨਾ ਹੀ ਉਕ ਗਿਆ ਸਗੋਂ ਇਹ ਫਟ ਵੀ ਨਹੀਂ ਸਕਿਆ।

ਤੁਰੰਤ ਬੁਲਾਏ ਗਏ ਫੌਜੀ ਮਾਹਿਰਾਂ ਨੇ ਇਹ ਬੰਬ ਆਪਣੇ ਕਬਜ਼ੇ ਵਿਚ ਲਿਆ ਅਤੇ ਇਸਦੀ ਜਾਂਚ ਕੀਤੀ ਜਾ ਰਹੀ ਹੈ। ਐਸ. ਪੀ. ਸਿਟੀ ਸ੍ਰੀ ਹਰਜੀਤ ਸਿੰਘ ਅਤੇ ਹੋਰ ਉਚ ਅਧਿਕਾਰੀ ਮੌਕੇ ਉਤੇ ਪਹੁੰਚ ਅਤੇ ਜਾਂਚ ਪੜਤਾਲ ਕੀਤੀ। ਮੁਕੱਦਮਾ ਦਰਜ ਕਰ ਲਿਆ ਗਿਆ ਪਰ ਅਜੇ ਤੱਕ ਕੋਈ ਗ੍ਰਿਫਤਾਰੀ ਅਮਲ ਵਿਚ ਨਹੀਂ ਲਿਆਂਦੀ ਗਈ।

## ਖਾਲਿਸਤਾਨ ਨਹੀਂ ਬਨਣ ਦਿਤਾ ਜਾਵੇਗਾ — ਗ੍ਰਹਿ ਮੰਤਰੀ

ਨਵੀਂ ਦਿੱਲੀ— ਕੇਂਦਰੀ ਮੰਤਰੀ ਪ੍ਰਕਾਸ਼ ਚੰਦ ਸੇਠੀ ਨੇ ਰਾਜ ਸਭਾ ਵਿਚ ਦੇਸ਼ ਨੂੰ ਭਰੋਸਾ ਦਿਤਾ ਕਿ ਸਰਕਾਰ ਖਾਲਿਸਤਾਨ ਨਹੀਂ ਬਨਣ ਦੇਵੇਗੀ ਤੇ ਨਾ ਹੀ ਦੇਸ਼ ਨੂੰ ਟੋਟੇ ਟੋਟੇ ਹੋਣ ਦਿਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰੰਜਾਬ ਦੀ ਸਮਸਿਆ ਲਈ ਅਗਲੇ ਦਿਨਾਂ ਵਿਚ ਦੋਵਾਂ ਮੁਖ ਮੰਤਰੀਆਂ ਨੂੰ ਬੁਲਾਇਆ ਜਾਵੇਗਾ। ਪਟਿਆਲੇ ਵਿਚ ਫਿਰਕੂ ਫਸਾਦਾਂ ਬਾਰੇ ਉਨ੍ਹਾਂ ਕਿਹਾ ਕਿ ਅੱਗ ਲਾਉਣ ਤੇ ਹਿੰਸਾ ਕਰਨ ਵਾਲਿਆਂ ਨੂੰ ਗੋਲੀ ਮਾਰਨ ਦੇ ਹੁਕਮ ਦਿਤੇ ਗਏ ਹਨ।

## ਸਰੀ-ਡੈਲਟਾ ਗੁਰੂ ਘਰ ਵਿਚ ਕੀਰਤਨ ਦੀਆਂ ਕਲਾਸਾਂ ਸ਼ੁਰੂ

ਸਰੀ—ਗੁਰੂ ਘਰ ਸਰੀ-ਡੈਲਟਾ ਦੇ ਪ੍ਰਬੰਧਕਾਂ ਸੂਚਨਾ ਦਿਤੀ ਹੈ ਕਿ ਸਰੀ-ਡੈਲਟਾ ਗੁਰੂ ਘਰ ਵਿਚ ਕੀਰਤਨ ਸਿਖਾਉਣ ਦੀਆਂ ਕਲਾਸਾਂ ਚਲ ਰਹੀਆਂ ਹਨ। ਗੁਰੂ ਘਰ ਦੇ ਗ੍ਰੰਥੀ ਤੇ ਨਿਸ਼ਕਾਮ ਸੇਵਕ ਭਾਈ ਕੁਲਦੀਪ ਸਿੰਘ ਪ੍ਰਦੇਸੀ ਜੋ ਆਪ ਪ੍ਰਸਿੱਧ ਰਾਗੀ ਤੇ ਰੇਡੀਓ ਆਰਟਿਸਟ ਹਨ, ਬੱਚਿਆਂ ਨੂੰ ਕੀਰਤਨ ਸਿਖਾਉਂਦੇ ਹਨ।

ਪ੍ਰਬੰਧਕਾਂ ਨੇ ਬੇਨਤੀ ਕੀਤੀ ਹੈ ਕਿ ਜੋ ਵੀ ਸੱਜਣ ਆਪਣੇ ਬੱਚਿਆਂ ਨੂੰ ਕੀਰਤਨ ਸਿਖਣ ਲਈ ਭੇਜਣਾ ਚਾਹੇ, ਗੁਰੂ ਘਰ ਨੂੰ ਬੱਚਿਆਂ ਦੀ ਮਦਦ ਕਰਨ ਵਿਚ ਖੁਸ਼ੀ ਹੋਵੇਗੀ।

ਇਸ ਬਾਰੇ ਹੋਰ ਜਾਣਕਾਰੀ 594-4836 ਫੋਨ ਤੇ ਲਈ ਜਾ ਸਕਦੀ ਹੈ

PAL'S
COLLISION LTD.



ALL TYPES OF BODY REPAIRS
• CARS • BOATS • TRUCKS
• FIBREGLASSING
• RESTORING
• PROFESSIONAL PAINTING
FREE COURTESY CARS AVAILABLE
(I.C.B.C.) CLAIMS HANDLED PROMPTLY
— FREE ESTIMATES —
ALL WORK CONDITIONALLY GUARANTEED

• ਪੂਰੀ ਬਾਡੀ ਦਾ ਕੰਮ
• ਮਾਡਰਨ ਫਰੇਮਾਂ ਦੀ ਮੁਰੰਮਤ
• ਫਾਈਬਰ ਗਲਾਸ ਦੀ ਮੁਰੰਮਤ।
• ਕਾਰ ਵਿਚ ਸ਼ੀਸ਼ੇ ਲਾਉਣੇ
• ਮਾਡਰਨ ਕੁਆਲਿਟੀ ਪੇਂਟਿੰਗ
• ICBC ਦੇ ਕਲੇਮ ਜਲਦੀ ਹੈਂਡਲ ਕੀਤੇ ਜਾਂਦੇ ਹਨ
• ਮੁਫਤ ਐਸਟੀਮੇਟ
• ਪ੍ਰਾਈਵੇਟ ਕਲੇਮ.....ਵਾਜਬ ਰੇਟਾਂ ਤੇ
• ਮੁਫਤ ਕਾਰ ਟੋਅ ਕਰਨੀ

I.C.B.C. Claims
50% Deductible

270-1754 BUS
273-3270 RES.

270-1754
SUCHA BANSAL
#5 - 12880 BATHGATEWAY
RICHMOND, B.C. V6V 1Z4



# ਇੰਡੀਆ ਕਲਾਥ ਹਾਊਸ

**6565, Main St., Vancouver, B.C.**

ਦਾ

## ਸ਼ਾਨਦਾਰ ਉਦਘਾਟਨ 21 ਮਈ, 1983 ਦਿਨ ਸ਼ਨਿਚਰਵਾਰ ਨੂੰ

ਫ਼ੋਨ : 327-1888

ਕੇਵਲ ਸਿੰਘ ਪਾਬਲਾ ਵਲੋਂ ਸਭ ਭੈਣਾਂ ਤੇ ਭਰਾਵਾਂ ਨੂੰ ਹਾਰਦਿਕ ਸੱਦਾ ਦਿਤਾ ਜਾਂਦਾ ਹੈ ਕਿ ਇੰਡੀਆ ਕਲਾਥ ਹਾਊਸ ਦੇ ਉਦਘਾਟਨ ਮੌਕੇ ਤੇ ਪਹੁੰਚ ਕੇ ਹਰ ਕਿਸਮ ਦੇ ਕਪੜਿਆਂ ਦੀ ਵਰਾਇਟੀ ਦਾ ਆਨੰਦ ਲਓ



ਸਾੜ੍ਹੀਆਂ ਤੇ ਸੂਟਾਂ ਦੀਆਂ ਵਰਾਇਟੀਜ਼ ਦੇਖ ਕੇ ਦੰਗ ਰਹਿ ਜਾਓਗੇ —

ਇੰਡੀਆ ਕਲਾਥ ਹਾਊਸ ਤੇ 21 ਮਈ ਦਿਨ ਸ਼ਨਿਚਰਵਾਰ ਨੂੰ ਚਾਹ ਤੇ ਸਮੋਸੇ ਛਕੋ —

21 ਮਈ ਨੂੰ ਪੰਜਾਬੀ (ਇੰਡੀਆ) ਮਾਰਕਿਟ ਵਿਚ ਪਹੁੰਚੋ

**INDIA CLOTH HOUSE**

**6565, MAIN St. VANCOUVER, B.C.**

**Ph. 327-1888**

**THE CANADA DARPAN FORTNIGHTLY**
P.O.BOX 67344 STN 'O'
Vancouver, B.C.
Hon. Editor : Darshan Gill
Advertising Manager : H. Gill

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

## ਸੰਪਾਦਕੀ

# ਪਟਿਆਲੇ ਵਿਚ ਫਿਰਕਾ ਪ੍ਰਸਤੀ ਦਾ ਨੰਗਾ ਨਾਚ

ਖਬਰਾਂ ਅਨੁਸਾਰ ਜੋ ਪਟਿਆਲੇ ਵਿਚ ਵਾਪਰਿਆ ਹੈ ਉਸ ਤੋਂ ਹਰ ਪੰਜਾਬੀ ਦਾ ਸਿਰ ਸ਼ਰਮ ਨਾਲ ਝੁਕਦਾ ਹੈ। ਇਸ ਨੰਗੇ ਨਾਚ ਵਿਚ ਸਿਖ ਤੇ ਹਿੰਦੂ ਫਿਰਕਾ ਪ੍ਰਸਤੀ ਖੁਲ੍ਹ ਖੁਲ੍ਹੀ ਹੈ। ਅਜਿਹੇ ਕਾਰਿਆਂ ਵਿਚ ਸਿਆਸੀ ਤਿਕੜਮਬਾਜ਼ ਹੀ ਇਕੱਲੇ ਸ਼ਾਮਲ ਨਹੀਂ ਹੁੰਦੇ ਸਗੋਂ ਫਿਰਕਾਪ੍ਰਸਤ ਅਖਬਾਰਾਂ ਦੀ ਬਲਦੀ ਤੇ ਤੇਲ ਪਾਉਂਦੀਆਂ ਹਨ। ਅਜਿਹੀਆਂ ਘਟਨਾਵਾਂ ਭਾਰਤ ਵਿਚ ਹਰ ਦੂਜੇ ਤੀਜੇ ਵਾਪਰਨ ਦਾ ਮੁੱਖ ਕਾਰਨ ਇਹ ਹੈ ਕਿ ਭ੍ਰਿਸ਼ਟ ਸਿਆਸਤਦਾਨ ਆਪਣੀਆਂ ਗੱਦੀਆਂ ਤੇ ਪਕੜ ਰੱਖਣ ਲਈ ਭੋਲੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਇਸ ਵਿਚ ਦੋਵੇਂ ਤਰ੍ਹਾਂ ਦੇ ਸਿਆਸੀ ਲੀਡਰ ਸ਼ਾਮਲ ਹੁੰਦੇ ਹਨ। ਇਕ ਤਾਂ ਉਹ ਜਿਨ੍ਹਾਂ ਕੋਲੋਂ ਗੱਦੀਆਂ ਖੁੱਸੀਆਂ ਹੁੰਦੀਆਂ ਹਨ ਤੇ ਦੂਜੇ ਉਹ ਜਿਨ੍ਹਾਂ ਨੂੰ ਖੁੱਸਣ ਦਾ ਡਰ ਹੁੰਦਾ ਹੈ। ਤੇ ਬਲੀ ਦਾ ਬੱਕਰਾ ਇਹ ਬਣਾਉਂਦੇ ਹਨ ਸਿੱਧ ਪੱਧਰੇ ਲੋਕਾਂ ਨੂੰ!

ਪੰਜਾਬ ਦੀ ਅਜੋਕੀ ਸਥਿਤੀ ਲਈ ਜ਼ੁੰਮੇਂਵਾਰੀ ਤੋਂ ਨਾ ਤਾਂ ਕਾਂਗਰਸ ਹੀ ਬਚ ਸਕਦੀ ਹੈ ਤੇ ਨਾ ਅਕਾਲੀ ਲੀਡਰਸ਼ਿਪ। ਇਹ ਦੋਵੇਂ ਸਿਆਸੀ ਪਾਰਟੀਆਂ ਲੋਕਾਂ ਨੂੰ ਜੁਆਬਦੇਹ ਹਨ। ਪੰਜਾਬ ਵਿਚ ਕਤਲਾਂ ਦੀ ਭਰਮਾਰ ਇਸ ਗੱਲ ਦੀ ਗਵਾਹੀ ਹੈ ਕਿ ਕਾਂਗਰਸ ਸਰਕਾਰ ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਕਰਨ ਤੋਂ ਅਸਮਰਥ ਰਹੀ ਹੈ। ਪੁਲਸ ਦੇ ਡੀ. ਆਈ. ਜੀ. ਤੱਕ ਦਾ ਕਤਲ ਹੋ ਜਾਣਾ, ਪੁਲਸ ਦਾ ਤਹਿਕੀਕਾਤ ਕਰਨ ਤੋਂ ਵੀ ਯਰਕਣਾ ਤੇ ਸਰਕਾਰੀ ਮਸ਼ੀਨਰੀ ਦਾ ਸਿੱਥਲ ਹੋ ਜਾਣਾ, ਇਹ ਪੰਜਾਬ ਦਾ ਦੁਖਾਂਤ ਹੈ।

ਵਿਰੋਧੀ ਪਾਰਟੀਆਂ ਜੇ ਇਨ੍ਹਾਂ ਨੰਗਾ ਨਾਚ ਨੱਚਣ ਵਾਲਿਆਂ ਨੂੰ ਬੈਠ ਕੇ ਗੱਲ ਕਰਨ ਲਈ ਪ੍ਰੇਰਣਾ ਵੀ ਦਿੰਦੀਆਂ ਹਨ ਤਾਂ ਕਿ ਇਕ ਪਾਸੇ ਸਰਕਾਰ 'ਲਮਕਾਓ ਤੇ ਲਟਕਾਓ' ਦੀ ਨੀਤੀ ਤੇ ਚਲ ਰਹੀ ਹੈ ਤੇ ਦੂਜੇ ਪਾਸੇ ਅਤਿਵਾਦੀ ਤੇ ਵੱਖਵਾਦੀ ਉਨ੍ਹਾਂ ਵਿਰੋਧੀ ਪਾਰਟੀਆਂ ਦੇ ਲੀਡਰਾਂ ਨੂੰ ਧਮਕਾ ਰਹੇ ਹਨ ਤੇ ਕਤਲ ਕਰਨ ਦੀਆਂ ਧਮਕੀਆਂ ਦੇ ਰਹੇ ਹਨ। ਇਹ ਸਮਝਦੇ ਹਨ ਕਿ ਸਾਰੇ ਪੰਜਾਬ ਦਾ ਠੇਕਾ ਇਹਨਾਂ ਨੇ ਹੀ ਲੈ ਲਿਆ ਹੈ। ਇਹ ਮੁਠ ਕੁ ਭਰ ਬੰਦੇ ਪੰਜਾਬ ਦੇ ਵਾਤਾਵਰਣ ਨੂੰ ਜ਼ਹਿਰੀਲਾ ਬਣਾ ਕੇ ਨਾਗਾਂ ਵਾਂਗ ਫੁੰਕਾਰ ਰਹੇ ਹਨ।

ਸਿਆਸੀ ਵਿਰੋਧਾਂ ਨੂੰ ਜ਼ਾਤੀ ਵਿਰੋਧ ਬਣਾਉਣਾ ਲੀਚੜਪਣ ਦੀ ਨਿਸ਼ਾਨੀ ਹੀ ਹੋ ਸਕਦੀ ਹੈ। ਇਹ ਕਤਲਾਂ ਤੇ ਧਮਕੀਆਂ ਦੀ ਸਿਆਸਤ ਹੋਛੀ ਸਿਆਸਤ ਹੀ ਕਹੀ ਜਾ ਸਕਦੀ ਹੈ।

ਪਟਿਆਲੇ ਵਿਚ ਲੁੱਟ ਮਾਰ, ਅੱਗ ਤੇ ਸਾੜ ਫੂਕ ਕਿਸੇ ਸਿਆਸੀ ਪਾਰਟੀ ਦਾ ਕੁਝ ਨਹੀਂ ਸੁਧਾਰਨ ਲਗੀ ਸਗੋਂ ਆਮ ਲੋਕਾਂ ਦਾ ਵਿਸ਼ਵਾਸ਼ ਹੀ ਖਤਮ ਕਰ ਰਹੀ ਹੈ।

## ਮੌਸਮ ਬੇਰੁਖੀ ਦਾ ਹੈ

ਸੁਖਿੰਦਰ

ਮੌਸਮ ਬੇਰੁਖੀ ਦਾ ਹੈ

ਕਦ ਕੋਈ ਬ੍ਰਿਖ
ਜੜ੍ਹ ਤੋਂ ਉਖੜ ਜਾਵੇ
ਕੋਈ ਭਰੋਸਾ ਨਹੀਂ

ਟੂਣੇਹਾਰੀ, ਅੱਥਰੀ ਹਵਾ
ਜਦ ਚੱਲਦੀ ਹੈ
ਬ੍ਰਿਖ ਦੇ ਪੱਤੇ, ਟਾਹਣੀਆਂ, ਤਨਾ
ਸਭ ਝੂਲਦੇ ਹਨ
ਇਕ ਦੈਵੀ ਹੁਕਮ ਵਿਚ ਬੱਝੇ ਹੋਏ
ਕਿਸੇ ਸ਼ਾਹੀ ਦਰਬਾਰ ਵਿਚ
ਨ੍ਰਿਤ ਕਰਦੇ
ਕੁਝ ਡਰ
ਕੁਝ ਵਸਤਾਂ ਸੰਗ ਜਾਗੇ
ਅੰਦਰਲੇ ਮੋਹ ਦੇ ਨਸ਼ਿਆਏ
ਦੋਏ ਹੱਥ ਜੋੜ
ਸਿਰ ਝੁਕਾਈ
ਤੁਰੇ ਆਉਂਦੇ
ਸ਼ਾਹੀ ਨਾਚਾਰ ਵਾਂਗ

ਇਹ ਜਾਦੂਮਈ
ਹਵਾ ਦਾ ਹੀ ਕ੍ਰਿਸ਼ਮਾਂ ਹੈ
ਜੋ ਇਕੋ ਹੀ ਝਟਕੇ 'ਚ
ਚੌਗਿਰਦੇ ਤੋਂ ਟੁੱਟੇ
ਅੰਦਰੋਂ ਘੁਣ ਖਾਧੇ, ਖੋਖਲੇ
ਬ੍ਰਿਖਾਂ ਨੂੰ ਪੁੱਟ ਸੁੱਟੇ
ਆਪਣੀਆਂ ਜੜ੍ਹਾਂ
ਪਾਤਾਲ ਤੱਕ, ਪਹੁੰਚਣ ਦਾ
ਜਿਨ੍ਹਾਂ ਨੂੰ ਮਾਣ ਹੁੰਦਾ ਹੈ

ਮੇਰੇ ਕਮਰੇ ਦੇ ਬਾਹਰ
ਸ਼ਾਂ, ਸ਼ਾਂ ਕਰਦੀ
ਹਵਾ ਚੀਖਦੀ ਹੈ :

ਮੈਂ ਤਾਂ ਹਰ ਮੌਸਮ 'ਚ
ਸਦਾ ਇੰਜ ਹੀ ਵਗਦੀ ਰਹਾਂਗੀ
ਤੁਸੀਂ ਆਪਣੀਆਂ ਬੇਚੈਨ ਅੱਖਾਂ 'ਚ
ਦੂਰ ਕਿਸੇ ਪਰਬਤ ਦੀ ਚੋਟੀ ਤੇ
ਜਗਦੇ ਦੀਵਿਆਂ ਦੇ ਪ੍ਰਛਾਵੇਂ ਲਈ
ਆਪਣੇ ਪੱਤੇ, ਟਾਹਣੀਆਂ, ਤਨਾ
ਸੂਰਜ ਦੀ ਕੋਸੀ ਧੁੱਪ ਸੰਗ
ਖੇਡਣ ਦਿਓ —

ਮੌਸਮ ਬੇਰੁਖੀ ਦਾ ਹੈ

ਕਦ ਕੋਈ ਬ੍ਰਿਖ
ਜੜ੍ਹ ਤੋਂ ਉਖੜ ਜਾਵੇ
ਕੋਈ ਭਰੋਸਾ ਨਹੀਂ।

ਭਾਸ਼ਾ, ਸੰਖੇਪਤਾ, ਤੇ ਸਚਾਈ — ਲਿਖਣ-ਕਲਾ ਦੀ ਤ੍ਰਿਪਾਈ ਦੀਆਂ ਤਿੰਨ ਲੱਤਾਂ ਹਨ। ਇਹਨਾਂ ਤਿੰਨਾਂ ਚੀਜ਼ਾਂ ਦਾ ਜ਼ਿਕਰ ਸਾਨੂੰ ਕਿਸੇ ਨਾ ਕਿਸੇ ਨਾਂ ਥੱਲੇ ਅਤੇ ਕਿਸੇ ਨਾ ਕਿਸੇ ਸੁਮੇਲ ਵਿਚ ਹਰ ਉਸ ਲਿਖਤ ਵਿਚ ਮਿਲੇਗਾ, ਜੋ ਇਸ ਵਿਸ਼ੇ ਬਾਰੇ ਲਿਖੀ ਗਈ ਹੈ।

# ਪੰਜਾਬ ਦੀ ਅਜੋਕੀ ਸਥਿਤੀ

## * ਪੰਜਾਬ ਆਸਾਮ ਬਣਨ ਦੇ ਰਾਹ
## * ਹਾਕਮ ਪਾਰਟੀ ਤੇ ਅਕਾਲੀ ਆਗੂ ਦੋਵੇਂ ਫ਼ਰਜ਼ ਪਛਾਣਨ

—ਜਗਜੀਤ ਸਿੰਘ ਆਨੰਦ—

ਪੰਜਾਬ ਪੈਰੋ-ਪੈਰ ਆਸਾਮ ਬਣਨ ਵਲ ਤਿਲਕ ਰਿਹਾ ਹੈ।

ਸਿਵਾਏ ਇਕ ਆਸ ਦੀ ਕਿਰਨ ਦੇ—ਜਿਹੜੀ ਅੰਮ੍ਰਿਤਸਰ ਦੇ ਏਕਤਾ ਜਲੂਸ ਨੇ ਰੁਸ਼ਨਾਈ—ਚੁਤਰਫੀ ਹਨੇਰਾ ਹੀ ਹਨੇਰਾ ਹੈ।

ਸਧਾਰਨ ਲੋਕਾਂ ਦੇ ਵਿਸ਼ਵਾਸ ਤਿੜਕ ਰਹੇ ਹਨ।

ਮੌਜੂਦਾ ਝਗੜੇ ਦੀਆਂ ਦੋ ਸਭ ਤੋਂ ਵੱਡੀਆਂ ਧਿਰਾਂ ਇਸ ਮਹਾਨ ਸੰਕਟ ਦੀ ਘੜੀ ਆਪੋ ਆਪਣਾ ਫਰਜ਼ ਪਛਾਣਨ ਦੀ ਥਾਂ ਨਿਘਾਰ ਦੀਆਂ ਨਵੀਂਆਂ ਸਿਖਰਾਂ ਛੋਹ ਰਹੀਆਂ ਹਨ।

ਸਿੱਖ ਵੱਖਵਾਦੀ ਤੇ ਅਤਿਵਾਦੀ ਘੁੰਡ ਲਾਹ ਕੇ ਨੱਚ ਰਹੇ ਹਨ। ਹਿੰਦੂ ਫਿਰਕਾਪ੍ਰਸਤੀ ਦੂਹਰੀ ਖੇਡ ਖੇਡ ਰਹੀ ਹੈ।

ਜੇ ਵੇਲਾ ਹੁਣ ਨਾ ਸੰਭਾਲਿਆ ਗਿਆ ਤਾਂ ਦੂਰ-ਦਰਸ਼ੀਆਂ ਦੇ ਸਭ ਤੋਂ ਮਾੜੇ ਤੌਖਲੇ ਸੱਚੇ ਹੋ ਨਿਬੜਨਗੇ।

* * *

### ਉਪਰੋਕਤ ਪਹਿਲੂਆਂ ਨੂੰ ਵਾਰੋ ਵਾਰੀ ਲਈਏ।
### ਸਧਾਰਨ ਲੋਕ ਆਖਦੇ ਹਨ :

● ਜਿਹੜੀ ਪੁਲਸ ਆਪਣੇ ਏਨੇ ਉਚੇ ਮਰਾਤਬੇ ਵਾਲੇ ਅਫਸਰ ਦੀ ਰਾਖੀ ਨਹੀਂ ਕਰ ਸਕੀ, ਉਹ ਕਿਸੇ ਹੋਰ ਦੀ ਰਾਖੀ ਕੀ ਕਰੇਗੀ?

● ਸਭ ਹਿਫਾਜ਼ਤੀ ਪ੍ਰਬੰਧ, ਸਭ ਪਹਿਰੇ, ਸਭ ਸਰਕਾਰੀ ਤੇ ਨਿੱਜੀ ਗਾਰਡ ਵਿਅਰਥ ਹਨ ਕਿਉਂਕਿ ਜਦੋਂ ਨਬੇੜੇ ਦੀ ਘੜੀ ਆਉਂਦੀ ਹੈ ਉਹ ਗੀਦੀ ਸਾਬਤ ਹੁੰਦੇ ਹਨ।

● ਜਿਹੜੀ ਪੁਲਸ ਆਪਣੇ ਅਫਸਰ ਦੀ ਲਾਸ਼ ਵੀ ਦੂਜੀ ਧਿਰ ਦੀ ਸਹਾਇਤਾ ਬਿਨਾਂ ਨਹੀਂ ਚੁਕ ਸਕਦੀ ਉਹ ਪੰਜਾਬ ਦੇ ਅਮਨ ਨੂੰ ਕੀ ਬਚਾਏਗੀ?

● ਗੱਲ ਅਕਾਲੀ ਆਗੂਆਂ ਹਥੋਂ ਵੀ ਨਿਕਲ ਗਈ ਹੈ। ਜਦੋਂ ਹੀ ਸਰਕਾਰ ਨਾਲ ਸੁਲਾਹ ਦੀ ਗੱਲ ਨੇੜੇ ਆਉਂਦੀ ਹੈ, ਗੋਲੀਆਂ ਨਾਲ ਇਕ ਦੂਜੇ ਬੇ ਦੋਸ਼ੇ ਨੂੰ ਹੀ ਨਹੀਂ ਖੁਦ ਸਮਝੌਤੇ ਨੂੰ ਛੇਕੋ ਛੇਕ ਕਰ ਦਿਤਾ ਜਾਂਦਾ ਹੈ।

● ਉਹ "ਸੂਰਮੇ" ਸਿੱਖੀ ਦੇ ਅਤੇ ਗੁਰਦੁਆਰਿਆਂ ਦੀ ਮਾਨਤਾ ਤੇ ਪਵਿਤਰਤਾ ਦੇ ਠੇਕੇਦਾਰ ਕਿਵੇਂ ਹੋ ਸਕਦੇ ਹਨ ਜਿਹੜੇ ਘਟਨਾ, ਸਥਾਨ ਤੇ ਸਮਾਂ ਚੁਣਨ ਸਮੇਂ ਨਾ ਗੁਰਦੁਆਰੇ ਦੀ ਹੱਦ ਤੋਂ ਸੌ ਮੀਟਰ ਬਾਹਰ ਜਾ ਸਕਦੇ ਹਨ, ਨਾ ਪ੍ਰਸ਼ਾਦ ਦੇ ਛੂਨੇ ਵਾਲੇ ਹੱਥਾਂ ਦਾ ਪਾਸ ਰਖ ਸਕਦੇ ਹਨ?

● ਕੀ ਵਰਦੀ ਤੇ ਹਥਿਆਰਾਂ ਤੋਂ ਬਿਨਾਂ ਹਰਿਮੰਦਰ ਸਾਹਿਬ ਮੱਥਾ ਟੇਕ ਕੇ ਆਏ ਸ਼ਰਧਾਲੂ ਸਿੱਖ ਨੂੰ ਇਵੇਂ ਪਾਰ ਬੁਲਾ ਕੇ ਸ੍ਰੀ ਗੁਰੂ ਰਾਮਦਾਸ ਜੀ ਵਿਚ ਤੇ ਸਿੱਖਾਂ ਦੇ ਸਭ ਤੋਂ ਮਹੱਤਵਪੂਰਣ ਤੀਰਥ ਅਸਥਾਨ ਵਿਚ ਵਿਸ਼ਵਾਸ਼ ਤੇ ਸ਼ਰਧਾ ਪੱਕੀ ਕੀਤੀ ਜਾ ਰਹੀ ਹੈ ਕਿ ਡੁਲਾਈ ਜਾ ਰਹੀ ਹੈ?

ਹੁਣ ਹਾਕਮ ਪਾਰਟੀ ਨੂੰ ਲਓ।

ਲੋਕ ਪੰਜਾਬ ਸਰਕਾਰ ਦੇ ਅਮਨ-ਕਾਨੂੰਨ ਕਾਇਮ ਰੱਖਣ ਦੇ ਫੋਕੇ ਦਮਗਜਿਆਂ ਤੋਂ ਤਾਂ ਕਦੋਕਣੇ ਉਪਰਾਮ ਹੋ ਚੁਕੇ ਹਨ। ਜੇ ਕੋਈ ਕਸਰ ਸੀ ਤਾਂ ਪਰਾਂਤ ਦੇ ਸਭ ਤੋਂ ਵੱਧ ਹਿਫਾਜ਼ਤੀ ਪ੍ਰਬੰਧਾਂ ਵਾਲੇ ਸ਼ਹਿਰ ਦੇ ਸਭ ਤੋਂ ਵਧ ਚੌਕਸੀ ਮੰਗਦੇ ਥਾਂ (ਚੌਕ ਘੰਟਾ ਘਰ) ਵਿਚ ਸਰਦਾਰ ਅਟਵਾਲ ਦੇ ਚਿਟੇ ਦਿਨ ਕਤਲ ਨੇ ਪੂਰੀ ਕਰ ਦਿਤੀ ਹੈ। ਪਰ ਉਹ ਕੇਂਦਰ ਦੇ ਹਾਕਮਾਂ ਨੂੰ ਪੁੱਛਦੇ ਹਨ :

● ਕੀ ਤੁਸੀਂ ਪੰਜਾਬ ਦਾ ਮਸਲਾ ਹੱਲ ਕਰਨ ਲਈ ਗੰਭੀਰ ਹੋ? ਜੇ ਹੋ ਤਾਂ ਇਕ ਦੋਵਾਂ ਧਿਰਾਂ ਨੂੰ ਪਰਵਾਨਤ ਫਾਰਮੂਲਾ ਨਿਕਲ ਆਉਣ ਪਿਛੋਂ ਵੀ ਗੱਲ ਨੇਪਰੇ ਕਿਉਂ ਨਾ ਚਾੜ੍ਹੀ ਗਈ? ਕੀ ਸਾਹਿਬਜ਼ਾਦੇ ਦੀ ਭਲ ਬਣਾਉਣੀ ਮਾਮਲਾ ਨਿਪਟਾਉਣ ਨਾਲੋਂ ਵੱਧ ਜ਼ਰੂਰੀ ਹੈ? ਕੀ ਪੰਜਾਬ ਦੇ ਲੋਕਾਂ ਦ ਭਵਿਖ ਇਸ ਖਾਤਰ ਹੋਰ ਚਿਰ ਖਤਰੇ ਵਿਚ ਪਾਇਆ ਜਾ ਸਕਦਾ ਹੈ ਕਿ ਕੋਈ ਦੂਜੀ ਧਿਰ ਸਮਝੌਤੇ ਲਈ ਸਹੂਲਤਾਂ ਨਾ ਖੱਟ ਜਾਏ? ਸਰਦਾਰ ਅਟਵਾਲ ਦਾ ਕਤਲ ਨਿੰਦਣਯੋਗ ਹੈ। ਪਰ ਕੀ ਇਸ ਪਿਛੇ ਸਰਦਾਰ ਬੂਟਾ ਸਿੰਘ ਦਾ ਅੰਮ੍ਰਿਤਸਰ ਆਉਣਾ ਮਨਸੂਖ ਕਰਕੇ ਤੇ ਮਾਮਲਾ ਮੁੜ ਖਟਾਈ ਵਿਚ ਪਾਕੇ ਅਕਲ ਤੋਂ ਕੰਮ ਲਿਆ ਜਾ ਰਿਹਾ ਹੈ?

● ਇੰਦਰਾ ਕਾਂਗਰਸ ਦੇ ਸਾਰੇ ਮੁਖ ਮੰਤਰੀ ਮਹਾਰਾਣੀ ਦੇ ਸੰਤਰੀ ਹਨ ਤੇ ਉਹਨਾਂ ਨੂੰ ਰਖਣਾ ਹਟਾਉਣਾ ਉਸਦੀ ਇਕ ਉਂਗਲੀ ਹਿਲਾਉਣਾ ਹੀ ਮੰਗਦਾ ਹੈ, ਪਰ ਕੀ ਹੁਣੇ ਤੋਂ ਸ਼ਿੰਗਾਰੇ ਜਾ ਰਹੇ ਉਤਰ-ਅਧਿਕਾਰੀ ਕੋਲੋਂ ਹੁਣ ਦੇ ਨਾਜ਼ਕ ਮੌਕੇ ਸ਼ਿਮਲਿਉਂ ਮੁੜਦਿਆਂ ਫੁੱਟ ਦੀ ਚੁਆਤੀ ਲਾਉਣੀ ਜ਼ਰੂਰੀ ਸੀ? ਤੇ ਕੀ ਜਦੋਂ ਯੁਵਰਾਜ ਜੀ ਦਿੱਲੀ ਵਿਚ ਦਰਬਾਰ ਲਾ ਕੇ ਵਿਰੋਧੀਆਂ ਦੀਆਂ ਫਰਿਆਦਾਂ ਸੁਣਨ ਲਈ ਬਿਹਬਲ ਹੋ ਰਹੇ ਹੋਣ ਚੰਦਰਾਕਰ ਵਰਗੇ ਨਿਮਾਣਿਆਂ ਦੇ ਘੋੜਾ ਬਦਲਣ ਤੋਂ ਇਨਕਾਰ ਦੇ ਬਿਆਨ ਕੋਈ ਅਰਥ ਰਖਦੇ ਹਨ?

ਅਤੇ ਪੰਜਾਬ ਦੇ ਕਾਂਗਰਸੀ ਚੌਧਰੀਆਂ ਤੋਂ ਲੋਕ ਜਾਨਣਾ ਚਾਹੁੰਦੇ ਹਨ

● ਤੁਸੀਂ ਇਕ ਨਹੀਂ ਚਾਰ ਘੋੜੇ ਬਦਲੋ, ਜਿਸਨੂੰ ਚਾਹੋ ਆਪਣਾ ਵਿਸ਼ਵਾਸ਼ ਦਿਓ ਤੇ ਜਿੰਨੀ ਵਾਰ ਚਾਹੋ ਆਪਣਾ ਵਿਸ਼ਵਾਸ਼ ਵੇਚਣ ਤੇ ਲਾਓ, ਪਰ ਜਦੋਂ ਪੰਜਾਬ ਸਭ ਤੋਂ ਨਾਜ਼ੁਕ ਘੜੀਆਂ ਵਿਚੋਂ ਲੰਘ ਰਿਹਾ ਹੈ ਸੈਕੂਲਰ ਤੇ ਲੋਕ-ਹਿਤੈਸ਼ੀ ਹੋਣ ਦੇ ਦਾਆਵੇਦਾਰੋ ਕੀ ਤੁਹਾਡਾ ਫਰਜ਼ ਅਸੁਰਖਿਆ ਤੇ ਸਹਿਮ ਦੇ ਸਤਾਏ ਪੰਜਾਬ ਦੇ ਲੋਕਾਂ ਸੰਗ ਖਲੋਣਾ ਬਣਦਾ ਹੈ ਕਿ ਦਿੱਲੀ ਨੂੰ ਦੌੜਾਂ ਲਾਉਣਾ?

● ਤੁਸੀਂ ਬਹੁਸੰਮਤੀ ਪਾਰਟੀ ਦੇ ਵਜ਼ੀਰ ਤੇ ਅਸੈਂਬਲੀ ਮੈਂਬਰ ਹੋ ਆਪਣੀਆਂ ਗੱਦੀਆਂ ਵਧੇਰੇ ਅਸਰਦਾਰ ਬਣਾਉਣ ਜਾਂ ਹੁਣ ਵਾਲਿਆਂ ਤੋਂ ਖੋਹਕੇ ਆਪ ਗੱਦੀਆਂ ਲੈਣ ਦੀ ਤੁਹਾਡੀ ਲਾਲਸਾ ਕੁਦਰਤੀ ਹੈ। ਪਰ ਜੇ ਏਨੀ ਹੀ ਬੇਮੇਚੀ ਹੈ ਕਿ ਤੁਹਾਡੀ ਹਾਲਤ ਰੋਮ ਜਲ ਰਿਹਾ ਤੇ ਨੀਰੋ ਬੰਸਰੀ ਵਜਾ ਰਿਹਾ ਵਾਲੀ ਹੋ ਗਈ ਹੈ ਤਾਂ ਗੱਦੀਆਂ ਲੈ ਕੇ ਵੀ ਤੁਸੀਂ ਲੋਕਾਂ ਦਾ ਜਾਂ ਪਰਾਂਤ ਦਾ ਕੀ ਸਵਾਰੋਗੇ?

* * *

### ਹੁਣ ਲਓ ਅਕਾਲੀ ਆਗੂਆਂ ਨੂੰ।

ਤੁਸੀਂ ਆਪਣੀਆਂ ਮੰਗਾਂ ਲਈ ਮੋਰਚਾ ਚਲਾਇਆ। ਧਾਰਮਿਕ ਮੰਗਾਂ ਬਹੁਤੀਆਂ ਮੰਨੀਆਂ ਗਈਆਂ। ਰਹਿੰਦੀਆਂ ਦਾ ਨਿਪਟਾਰਾ ਦੂਰ ਨਹੀਂ ਦਿਸਦਾ। ਦੂਜੀਆਂ ਮੰਗਾਂ ਵਿਚੋਂ ਵੀ ਇਕ ਵੱਡੀ ਮੰਨੀ ਗਈ। ਰਹਿੰਦੀਆਂ ਦੇ ਬਾਰੇ ਸਹਿਮਤੀ ਦਾ ਫਾਰਮੂਲਾ ਤਿਆਰ ਹੈ। ਦੂਜੀਆਂ ਕੌਮੀ ਪਾਰਟੀਆਂ ਇਸ ਸਾਰੇ ਮਾਮਲੇ ਵਿਚ ਤੁਹਾਡੀਆਂ ਸਹਾਈ ਸਿਧ ਹੋਈਆਂ ਹਨ ਤੇ ਹੋ ਰਹੀਆਂ ਹਨ। ਅਜਿਹੇ ਸਮੇਂ —

● ਤੁਹਾਡਾ ਕੰਮ ਆਪਣੇ ਅਤਿਵਾਦੀਆਂ ਨੂੰ ਨਕੇਲ ਪਾਉਣਾ ਅਤੇ ਤੁਹਾਡੇ ਅਤੇ ਬਾਕੀ ਦੇਸ਼ ਦੀ ਇਕੱਤਾ ਤੇ ਅਖੰਡਤਾ ਦੇ ਵਿਸ਼ਵਾਸੀਆਂ ਦੇ ਦੁਸ਼ਮਣ ਵਖਵਾਦੀਆਂ ਨੂੰ ਨੁਕਰੇ ਲਾਉਣਾ ਹੈ ਕਿ ਉਹਨਾਂ ਸਾਹਮਣੇ ਹੋਰ ਯਰਕਦੇ ਜਾਣਾ?

● ਤੁਹਾਨੂੰ ਅਤਿਵਾਦੀਆਂ ਤੇ ਹਥਿਆਰਬੰਦ ਦਸਤਿਆਂ ਨੂੰ ਹਰਿਮੰਦਰ ਸਾਹਿਬ ਤੇ ਇਸ ਦੇ ਨਾਲ ਲਗਦੇ ਉਹਨਾਂ ਥਾਵਾਂ ਤੋਂ ਬਾਹਰ ਕਰਨ ਲਈ ਕਿਹਾ ਗਿਆ ਜਿਹਨਾਂ ਨੂੰ ਤੁਸੀਂ ਇਸ ਪਵਿੱਤਰ ਸਥਾਨ ਦਾ ਅਨਿਖੜਵਾਂ ਅੰਗ ਮੰਨਦੇ ਹੋ। ਤੁਸੀਂ ਇਸ ਸਬੰਧ ਵਿਚ ਤਾਂ ਨਾ ਕੋਈ ਕਦਮ ਸੁਪ੍ਰਡੈਂਟ ਪੁਲਸ ਪਾਂਡੇ ਨਾਲ ਮਾਨਾਵਾਲੇ ਪੁਲ ਉਤੇ ਹੋਈ ਝੜਪ ਨਾਲ ਸਬੰਧਤ ਲੋਕਾਂ ਦੇ ਗੁਰੂ ਨਾਨਕ ਨਿਵਾਸ ਆ ਵੜਨ ਪਿਛੋਂ ਚੁਕਿਆ, ਨਾ ਹੁਣ ਸਰਦਾਰ ਅਟਵਾਲ ਦੇ ਕਤਲ ਪਿਛੋਂ ਚੁਕਣ ਲਈ ਤਿਆਰ ਹੋ। ਪਰ "ਅੰਮ੍ਰਿਤਧਾਰੀ ਸਿੰਘਾਂ" ਉਤੇ ਜ਼ੁਲਮ ਬੰਦ ਕਰਨ ਦੀ ਮੰਗ ਤੁਸੀਂ ਲਗਾਤਾਰ ਦੁਹਰਾਈ ਜਾਂਦੇ ਹੋ। ਕੀ ਇਸ ਨਾਲ ਤੁਹਾਡੇ ਵਕਾਰ-ਸਤਿਕਾਰ ਵਿਚ ਵਾਧਾ ਹੋ ਰਿਹਾ ਹੈ ਤੇ ਦੂਜੀਆਂ ਕੌਮੀ ਪਾਰਟੀਆਂ ਵਿਚ ਤੁਹਾਡੇ ਬਾਰੇ ਸਦ-ਭਾਵਨਾ ਵਧ ਰਹੀ ਹੈ? ਆਪਣਾ ਨਫਾ-ਨੁਕਸਾਨ ਹੀ ਸੋਚੋ!

● ਤੁਹਾਡੇ ਸਮਰਥਕ ਖੁਲ੍ਹ ਕੇ ਕਹਿੰਦੇ ਹਨ ਕਿ ਤੁਸੀਂ ਗੋਲ ਮੋਲ ਸ਼ਬਦਾਂ ਵਿਚ ਆਖਦੇ ਹੋ ਕਿ ਸਰਦਾਰ ਅਟਵਾਲ ਦੇ ਕਤਲ ਸਮੇਤ ਸਾਰ ਕਰਿਆ ਪਿਛੇ ਹੱਥ ਉਸ ਬੰਦੇ ਦਾ ਹੈ ਜਿਸ ਦੀ ਗੱਦੀ ਨੂੰ ਖਤਰਾ ਹੈ, ਤਦ ਫਿਰ ਤੁਸੀਂ ਉਸ ਦੀ ਇਹ ਮੰਗ ਪਰਵਾਨ ਕਿਉਂ ਨਹੀਂ ਕਰਦੇ ਕਿ ਤੁਹਾਨੂੰ ਨੋਟਿਸ ਦਿਤੇ ਬਗੈਰ ਪੁਲਸ ਅਤਿਵਾਦੀਆਂ ਤੇ ਹਥਿਆਰਬੰਦ ਮੁਜਰਮਾਂ ਨੂੰ (ਹਰਿਮੰਦਰ ਸਾਹਿਬ ਦੀ ਮਾਣ-ਮਰਿਆਦਾ ਕਾਇਮ ਰਖਦੇ ਹੋਏ) ਜਿਥੇ ਚਾਹੇ ਉਥੇ ਤਲਾਸ਼ੀ ਲੈ ਸਕੇ?

## ਨਵਾਂ ਸਥਾਈ ਕਾਲਮ

ਉਜਲੇ ਸ਼ੀਸ਼ੇ ਸਨਮੁਖ ਮੈਨੂੰ ਚਿਰ ਤਕ ਨਾ ਖਲ੍ਹਿਆਰ
ਮੈਲੇ ਮਨ ਵਾਲੇ ਮੁਜਰਿਮ ਨੂੰ ਇਸ ਮੌਤੇ ਨਾ ਮਾਰ।

# ਪਹਾੜਾ ਸਿੰਘ

—ਸੁਥਰਾ

ਲਾਲ : ਸੁਣਾ ਬਈ ਪਹਾੜਾ ਸਿਆਂ! ਅੱਜ ਤਾਂ ਬੜੇ ਰੰਗਾਂ 'ਚ ਲੱਗਦੈਂ! ਅੱਖਾਂ 'ਚ ਲਾਲੀ ਝਗੜਦੀ ਹੈ।
ਪ: ਸ: ਆਨੰਦ ਹੀ ਆਨੰਦ ਹੈ। ਅੱਜ ਤਾਂ ਕੰਮ ਬਹੁਤਾ ਹੀ ਬੱਲੇ ਹੈ। ਆਪਣਾ ਵਪਾਰ ਦਿਨ ਦੂਣੀ ਰਾਤ ਚੌਗਣੀ ਤਰੱਕੀ ਕਰ ਰਿਹਾ ਹੈ। ਅੱਜ ਇਕ ਫਾਰਮ ਦਾ ਸੌਦਾ ਕਰਕੇ ਆਏ ਹਾਂ। ਫਿਰ ਤੈਨੂੰ ਪਤੈ ਏਸ ਖੁਸ਼ੀ 'ਚ ਘੁੱਟ ਘੁੱਟ ਪੀਣੀ ਵੀ ਪਈ। ਭਾਈ ਮਗਰ ਪੈ ਗਏ।

ਲਾਲ : ਅੱਛਾ! ਕਮਾਲ ਹੈ ਤਾਂ ਤਾਂ। ਪਰ ਏਨਾ ਪੈਸਾ ਕਿਥੋਂ ਆਊਗਾ?
ਪ: ਸ: ਤੂੰ ਤਾਂ ਭੋਲਾ ਬਾਦਸ਼ਾਹ ਹੈਂ। ਪੈਸਿਆਂ ਦਾ ਕੀ ਘਾਟਾ ਹੈ, ਸ਼ੱਕਰ ਖੋਰੇ ਨੂੰ ਸ਼ੱਕਰ ਮਿਲ ਹੀ ਜਾਂਦੀ ਹੈ। ਤੂੰ ਤਾਂ ਆਪਣਾ ਮਿੱਤਰ ਹੈਂ ਤੇਥੋਂ ਕਾਹਦਾ ਉਹਲਾ ਅੱਗੇ ਨਾ ਦਸੇਂ — ਤਾਂ ਸੁਣ ਕਿ ਆਪਣੀ ਬੀਬੀ ਨੇ ਖਾਸੀ ਰਕਮ ਅਮਾਨਤ ਵਜੋਂ ਮੈਨੂੰ ਦਿੱਤੀ ਸੀ। ਆਪਾਂ ਉਹ ਵਰਤ ਲਈ।

ਲਾਲ : ਪਰ ਪਹਾੜਾ ਸਿਆਂ! ਇਹ ਤਾਂ ਅਮਾਨਤ ਵਿਚ ਖਿਆਨਤ ਹੋ ਗਈ।
ਪ: ਸ: ਲੈ ਇਹ ਤਾਂ ਪੁਰਾਣੇ ਖਿਆਲ ਨੇ। ਐਵੇਂ ਲੋਕਾਂ ਨੇ ਢਕੋਂਸਲੇ ਘੜੇ ਹੋਏ ਨੇ।

ਲਾਲ : ਨਾ ਬਈ ਮਿੱਤਰਾ! ਮੈਨੂੰ ਤਾਂ ਇਹ ਗੱਲ ਠੀਕ ਨਹੀਂ ਲੱਗਦੀ। ਆਪਣੇ ਲੋਕਾਂ ਨੂੰ ਤਾਂ ਭੈਣ ਦਾ ਇਕ ਪੈਸਾਵੀ ਹਰਾਮ ਹੁੰਦਾ ਹੈ।
ਪ: ਸ: ਤੂੰ ਤਾਂ ਪੁਰਾਣੇ ਖਿਆਲਾਂ ਵਿਚ ਉਲਝਿਆ ਫਿਰਦਾ ਹੈਂ। ਅੱਜ ਕੱਲ੍ਹ ਕੌਣ ਸੋਚਦਾ ਹੈ ਇਸ ਤਰ੍ਹਾਂ। ਨਾਲੇ ਗੁਰੂ ਸਾਹਿਬ ਵੀ ਨੇ ਤਾਂ ਕਿਹਾ ਹੈ ਇਹ ਰਿਸ਼ਤੇ ਨਾਤੇ ਸਭ ਝੂਠੇ ਹਨ।

ਲਾਲ : ਤੂੰ ਅਜੇਹੀ ਠੱਗੀ ਠੋਗੀ ਵਿਚ ਗੁਰੂ ਸਾਹਿਬ ਦੇ ਪਵਿਤਰ ਨਾਂ ਨੂੰ ਕਿਉਂ ਘੜੀਸਦਾ ਹੈਂ, ਯਾਰ।
ਪ: ਸ: ਤੈਨੂੰ ਦੱਸਿਆ ਨਹੀਂ ਸੀ ਕਿ ਆਪਾਂ ਤਾਂ ਮਾਇਆ ਲਈ ਗੁਰਦੁਆਰਿਆਂ ਨੂੰ ਵੀ ਆਪਸ ਵਿਚ ਲੜਾ ਦਿੰਦੇ ਹਾਂ ਤਾਂ ਹੀ ਤਾਂ ਆਪਣੇ ਪੌਂ ਬਾਰਾਂ ਨੇ।

ਲਾਲ : ਨਾਲੇ ਤੂੰ ਕਹਿੰਦਾ ਸੀ ਤੇਰੀ ਪਿੱਠ ਉਤੇ ਬੜੀਆਂ ਬੜੀਆਂ ਸਰਕਾਰਾਂ ਨੇ, ਤੈਨੂੰ ਪੈਸੇ ਦਾ ਘਾਟਾ ਨਹੀਂ।
ਪ: ਸ: ਓਏ ਉਹ ਪੈਸਾ ਵੱਡੇ ਕੰਮਾਂ ਲਈ ਹੈ। ਤੈਨੂੰ ਪਤੈ ਮੇਰੇ ਵਿਰੁਧ ਅਦਾਲਤੀ ਕਿੰਨੇ ਮੁਕੱਦਮੇ ਚਲਦੇ ਨੇ?

ਲਾਲ : ਇਹ ਤਾਂ ਨਹੀਂ ਪਤਾ ਮੈਨੂੰ! ਮੈਂ ਤਾਂ ਦੂਜੇ ਚੌਥੇ ਤੇਰੇ ਅਖਬਾਰ ਵਿਚ ਤੇਰੇ ਵਲੋਂ ਛਪੇ ਮੁਆਫੀ ਨਾਮੇ ਹੀ ਵੇਖਦੈਂ। ਇਹ ਮੁਆਫੀਆਂ ਕਿਉਂ ਮੰਗੀ ਜਾਨੈ। ਤੂੰ ਜਦ ਏਨਾ ਧਨੀ ਹੈਂ।
ਪ: ਸ: ਤਾਂ ਹੀ ਤਾਂ ਮੈਂ ਆਪਣੀ ਪੱਗ ਸਿਰ ਉਤੇ ਨਹੀਂ ਬੰਨ੍ਹਦਾ। ਕੱਛ 'ਚ ਰੱਖੀਦੀ ਹੈ। ਮਾੜਾ ਦੇਖੀਏ, ਪੱਗ ਉਹਦੇ ਗਲ ਵਿਚ ਪਾ ਲਈਦੀ ਹੈ। ਜੇ ਉਹ ਅੱਗੋਂ ਥੱਪੜ ਮਾਰੇ ਤਾਂ ਉਹਦੇ ਪੈਰੀਂ ਧਰ ਦੇਈਦੀ ਹੈ। ਇਹਨੂੰ ਕਹਿੰਦੇ ਨੇ ਲੰਮੀ ਸੋਚਣੀ।

ਲਾਲ : ਤੂੰ ਤਾਂ ਪੀਰ ਹੈ ਭਾਈ! ਆਪਾਂ ਤੈਥੋਂ ਹਾਰ ਗਏ, ਮਿੱਤਰਾਂ!
ਪ: ਸ: ਹਿੱਕ ਤਾਣ ਕੇ। ਕਿਉਂ ਮੰਨ ਗਿਆ ਹੁਣ ਭਾਣਾ! ਐਵੇਂ ਤਾਂ ਨਹੀਂ ਮਾਂ ਨੇ ਮੇਰਾ ਨਾਂ ਰੱਖਿਆ ਪਹਾੜਾ ਸਿੰਘ!

## ਮੁਹੱਬਤਨਾਮੇ

ਪਿਆਰੇ ਦਰਸ਼ਨ ਜੀ,

ਤੁਹਾਡੀ ਚਿੱਠੀ, ਦਰਪਣ ਅਤੇ ਕੈਨੇਡਾ ਦਰਪਣ ਲਈ ਧੰਨਵਾਦ। ਮੈਨੂੰ ਖੁਸ਼ੀ ਹੈ ਕਿ ਤੁਸੀਂ ਮੈਨੂੰ ਕਿੰਨੇ ਹੀ ਸਿਰਨਾਵੇਂ ਭੇਜੇ ਹਨ। ਜਲਦੀ ਹੀ ਸਭਨਾਂ ਨੂੰ ਸੂਚਿਤ ਕਰ ਦੇਵਾਂਗਾ।

ਦਰਪਣ ਅਤੇ ਕੈਨੇਡਾ ਦਰਪਣ ਕੱਢਕੇ ਨਿਸਚੇ ਹੀ ਬਹੁਤ ਹਿੰਮਤ, ਸਾਧਨਾ ਅਤੇ ਲਗਨ ਦਾ ਕੰਮ ਹੈ। ਮੈਂ ਪ੍ਰਾਰਥਕ ਹਾਂ ਕਿ ਪ੍ਰਮਾਤਮਾ ਤੁਹਾਨੂੰ ਸਫਲਤਾ ਬਖਸ਼ੇ। ਪਰਦੇਸ ਵਿਚ ਬੈਠ ਕੇ ਇਕ ਬੀੜਾ ਚੁੱਕਣਾ ਹੋਰ ਵੀ ਕਠਨ ਹੈ, ਪਰ ਤੁਹਾਡੀ ਕਾਬਲੀਅਤ ਅਤੇ ਲਗਨ ਨੂੰ ਨਿਸਚੇ ਹੀ ਫਲ ਲੱਗੇਗਾ।

ਤੁਸਾਂ ਗੁਰਚਰਨ ਤੋਂ ਮੇਰਾ ਇਆਪਾ ਤੋਂ ਅਸਤੀਫ਼ਾ ਦੇਣ ਬਾਰੇ ਸੁਣ ਹੀ ਲਿਆ ਹੋਵੇਗਾ। ਅਸਤੀਫੇ ਦੀ ਕਾਪੀ ਭੇਜ ਰਿਹਾ ਹਾਂ। ਜੇ ਕੈਨੇਡਾ ਦਰਪਣ ਵਿਚ ਖਬਰ ਦੇ ਸਕੋਂ ਤਾਂ ਧੰਨਵਾਦੀ ਹੋਵਾਂਗਾ।

ਜਗਜੀਤ ਬਰਾੜ

ਪਿਆਰੇ ਦਰਸ਼ਨ,

ਸਭ ਤੋਂ ਪਹਿਲਾਂ 'ਦਰਪਣ' ਅਤੇ ਅਖਬਾਰ 'ਕੈਨੇਡਾ ਦਰਪਣ' ਲਈ ਮੁਬਾਰਿਕ ਭੇਜਦਾ ਹਾਂ। ਸੁਖਿੰਦਰ ਰਾਹੀਂ ਹੀ 'ਦਰਪਣ' ਮਿਲਿਆ ਕਾਫੀ ਤੋਂ ਜ਼ਿਆਦਾ ਅੱਛਾ ਲੱਗਾ ਪੰਜਾਬੀ ਬੋਲੀ ਅਤੇ ਪੰਜਾਬੀਅਤ ਬਾਰੇ ਜਾਣਕਾਰੀ ਕਰਵਾਉਣ ਲਈ ਬਹੁਤ ਹੀ ਉਤਮ ਕਦਮ ਹੈ। ਚੰਦਾ ਭੇਜ ਰਿਹਾ ਹਾਂ ਉਮੀਦ ਰੱਖਦਾ ਹਾਂ ਹਰ ਆਉਣ ਵਾਲਾ ਅੰਕ ਇਕ ਦੂਜੇ ਨਾਲੋਂ ਵਧ ਚੜ੍ਹਕੇ ਹੋਵੇਗਾ।

ਸੁਖਦੇਵ ਫਲੌਰਾ, ਟਰਾਂਟੋ।

## ਖੂਨੀ ਘਟਨਾਵਾਂ ਪਿਛੇ ਬਦੇਸ਼ੀ ਹੱਥ ਹੋਣ ਦਾ ਸ਼ੱਕ — ਲੌਂਗੋਵਾਲ

## ਦਰਬਾਰ ਸਾਹਿਬ ਦੇ ਅੰਦਰ ਕਤਲ ਸਾਰੀ ਸਿਖ ਕੌਮ ਦੇ ਮੱਥੇ ਉਤੇ ਕਲੰਕ

ਅੰਮ੍ਰਿਤਸਰ—ਸੀ. ਬੀ. ਆਈ., ਜੋ ਪਿਛਲੇ ਤਿੰਨ ਦਿਨਾਂ ਤੋਂ ਅਟਵਾਲ ਕਤਲ ਕੇਸ ਦੀ ਜਾਂਚ ਪੜਤਾਲ ਕਰ ਰਹੀ ਹੈ, ਦੇ ਅਧਿਕਾਰੀ ਸੰਤ ਲੌਂਗੋਵਾਲ ਤੋਂ ਇਲਾਵਾ 10 ਸਾਲਾ ਸਕੂਲੀ ਲੜਕੇ ਬਿਕਰਮਜੀਤ ਸਿੰਘ ਜੋ ਜਗਤ ਜੋਓਤੀ ਮਾਡਲ ਸਕੂਲ ਦਾ ਛੇਵੀਂ ਕਲਾਸ ਦਾ ਵਿਦਿਆਰਥੀ ਸੀ, ਨੇ ਦੇ ਨਾਨਾ ਸਰਦਾਰ ਦੀਵਾਨ ਸਿੰਘ ਅਤੇ ਉਸਦੀ ਬਦਕਿਸਮਤ ਮਾਂ ਨੂੰ ਵੀ ਮਿਲੇ। ਸੰਤ ਲੌਂਗੋਵਾਲ ਨੇ ਕਤਲਾਂ ਅਤੇ ਬੰਬ ਧਮਾਕਿਆਂ ਦੀਆਂ ਵਾਰਦਾਤਾਂ ਉਤੇ ਸਖਤ ਦੁਖ ਪਰਗਟ ਕੀਤਾ ਅਤੇ ਕਿਹਾ ਕਿ ਦਰਬਾਰ ਸਾਹਿਬ ਦੇ ਅੰਦਰ ਇਨੀ ਸ਼ਰਮਨਾਕ ਵਾਰਦਾਤ ਸਿੱਖ ਕੌਮ ਦੇ ਨਾਂ ਤੇ ਇਕ ਕਲੰਕ ਹੈ ਜਿਸ ਨਾਲ ਸਾਰੀ ਕੌਮ ਦਾ ਸਿਰ ਨੀਵਾਂ ਹੋ ਜਾਂਦਾ ਹੈ। ਸੀ. ਬੀ. ਆਈ. ਦੇ ਅਧਿਕਾਰੀਆਂ ਨੂੰ ਪੂਰਾ ਸਹਿਯੋਗ ਦੇਣ ਦਾ ਯਕੀਨ ਦਿਵਾਇਆ ਅਤੇ ਕਿਹਾ ਕਿ ਜੇ ਕਰ ਉਹ ਮੁਜ਼ਰਮਾਂ ਨੂੰ ਨਾਮਜ਼ਦ ਕਰ ਦੇਣ ਤਾਂ ਉਹ ਉਹ ਬਿਨਾਂ ਹਿਚਕਚਾਹਟ ਦੇ ਉਹਨਾਂ ਨੂੰ ਪੁਲਸ ਹਵਾਲੇ ਕਰ ਦੇਣਗੇ। ਸੰਤ ਜੀ ਨੇ ਕਿਹਾ ਕਿ ਸੀ. ਬੀ. ਆਈ. ਨੂੰ ਪੰਜਾਬ ਵਿਚ ਵਾਪਰ ਰਹੀਆਂ ਖੂਨੀ ਘਟਨਾਵਾਂ ਤੋਂ ਪਰਦਾ ਚੁਕਣਾ ਚਾਹੀਦਾ ਹੈ। ਕਿਉਂਕਿ ਉਹਨਾਂ ਨੂੰ ਸ਼ੱਕ ਹੈ ਕਿ ਕੋਈ ਵਿਦੇਸ਼ੀ ਤਾਕਤ ਵੀ ਇਸ ਵਿਚ ਸ਼ਾਮਲ ਹੈ।

ਸੀ. ਬੀ. ਆਈ. ਦੇ ਅਧਿਕਾਰੀ ਜਦੋਂ 10 ਸਾਲਾ ਵਿਦਿਆਰਥੀ ਦੀ ਮਾਂ ਕੋਲ ਹਮਦਰਦੀ ਦੇ ਤੌਰ ਤੇ ਗਏ ਤਾਂ ਉਸ ਨੇ ਏਨੇ ਦਰਦਨਾਕ ਵਿਰਲਾਪ ਕੀਤੇ ਕਿ ਸੀ. ਬੀ. ਆਈ. ਦੇ ਅਫਸਰ ਦੀਆਂ ਅੱਖਾਂ ਭਰ ਆਈਆਂ।

ਇਸ ਲੜਕੇ ਦੇ ਨਾਨਾ ਸਰਦਾਰ ਦੀਵਾਨ ਸਿੰਘ ਨੇ ਕਿਹਾ ਕਿ ਮੇਰਾ ਦੋਹਤਾ ਸ੍ਰੀ ਹਰਿਮੰਦਰ ਸਾਹਿਬ ਵਿਚ ਜਾਣ ਦੀ ਜ਼ਿਦ ਕਰ ਰਿਹਾ ਸੀ। ਹਾਲਾਂਕਿ ਮੈਂ ਉਸਨੂੰ ਕਿਹਾ ਕਿ ਉਥੇ ਹਾਲਾਤ ਠੀਕ ਨਹੀਂ ਉਹ ਗੁਰਦੁਆਰਾ ਸ਼ਹੀਦਾਂ ਵਿਚ ਮੱਥਾ ਟੇਕ ਆਵੇ। ਜਦ ਅਸੀਂ ਦਰਸ਼ਨੀ ਡਿਉੜੀ ਵਿਚ ਖੜੇ ਹੋਏ ਤਾਂ ਵਿਕਰਮਜੀਤ ਜੋੜੇ ਰੱਖਣ ਲਈ ਗਿਆ। ਜਦ ਉਹ ਜੋੜੇ ਰੱਖ ਕੇ ਦਰਸ਼ਨੀ ਡਿਉੜੀ ਪੈਰ ਧੋਣ ਲੱਗਾ ਤਾਂ ਦਨਾਦਨ ਹੋਣ ਲੱਗੀ। ਜਦ ਅਸੀਂ ਆਪਣੇ ਪੁੱਤਰ ਨੂੰ ਖੂਨ ਨਾਲ ਲਥ ਪਥ ਵੇਖਿਆ ਤਾਂ ਅਸੀਂ ਉਸ ਨੂੰ ਚੁੱਕ ਕੇ ਭੱਜੇ ਪਰ ਦਰਬਾਰ ਸਾਹਿਬ ਨੇੜੇ ਕੋਈ ਰਿਕਸ਼ਾ ਨਹੀਂ ਸੀ ਅਸੀਂ ਉਸਨੂੰ ਮੋਢੇ ਉਤੇ ਚੁਕ ਕੇ ਮਹਾਂ ਸਿੰਘ ਗੇਟ ਆਪਣੇ ਘਰ ਲੈ ਆਏ ਅਤੇ ਇਲਾਕੇ ਦੇ ਐਮ. ਸੀ. ਕਾਮਰੇਡ ਕਰਤਾਰ ਚੰਦ ਦੀ ਸਹਾਇਤਾ ਨਾਲ ਹਸਪਤਾਲ ਪਹੁੰਚਾਇਆ ਜਿਥੇ ਸਾਡਾ ਨੂਰੇ ਚਿਰਾਗ ਬੁਝ ਗਿਆ।

## ਕੇਂਦਰ ਪੰਜਾਬ ਦੇ ਮਸਲੇ ਹੱਲ ਕਰਨ ਦਾ ਜਤਨ ਜਾਰੀ ਰਖੇਗਾ

### ਕੇਂਦਰੀ ਗ੍ਰਹਿ ਮੰਤਰੀ ਦਾ ਬਿਆਨ

ਨਵੀਂ ਦਿੱਲੀ—ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਸੀ. ਸੇਠੀ ਨੇ ਏਥੇ ਕਿਹਾ ਕਿ ਕੇਂਦਰ ਪੰਜਾਬ ਦੀਆਂ ਵੱਖ ਵੱਖ ਸਮਸਿਆਵਾਂ ਨੂੰ ਗਲਬਾਤ ਰਾਹੀਂ ਹੱਲ ਕਰਨ ਲਈ ਸਚੇ ਦਿਲੋਂ ਯਤਨ ਕਰ ਰਿਹਾ ਹੈ। ਉਹਨਾਂ ਕਿਹਾ ਕਿ ਕੇਂਦਰ ਆਸਾਮ ਦੀ ਸਮਸਿਆ ਦਾ ਹੱਲ ਲੱਭਣ ਦੇ ਯਤਨ ਜਾਰੀ ਰੱਖਣ ਦਾ ਦ੍ਰਿੜ ਇਰਾਦਾ ਰਖਦਾ ਹੈ।

ਆਈ. ਏ. ਐਸ. ਪ੍ਰੋਬੇਸ਼ਨਰਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਸੇਠੀ ਨੇ ਕਿਹਾ ਕਿ ਪੰਜਾਬ ਤੇ ਆਸਾਮ ਦੀਆਂ ਘਟਨਾਵਾਂ ਉਤੇ ਸਰਕਾਰ ਨੂੰ ਡੂੰਘੀ ਚਿੰਤਾ ਹੈ ਆਸਾਮ ਦੇ ਕੁਝ ਹਿਸਿਆਂ ਵਿਚ ਤਸ਼ੱਦਦ ਦੀਆਂ ਇਕਾ ਦੁਕਾ ਵਾਰਦਾਤਾਂ ਮੁੜ ਵਾਪਰੀਆਂ ਹਨ ਅਤੇ ਕੋਸ਼ਿਸ਼ਾਂ ਹੋ ਰਹੀਆਂ ਹਨ ਕਿ ਆਮ ਵਰਗੀ ਹਾਲਤ ਪੈਦਾ ਕੀਤੀ ਜਾਏ ਤੇ ਉਜੜਨ ਵਾਲੇ ਲੋਕਾਂ ਨੂੰ ਰੀਲੀਫ ਪਹੁੰਚਾਈ ਜਾਏ।

ਸ੍ਰੀ ਸੇਠੀ ਨੇ ਕਿਹਾ ਕਿ ਤਸ਼ੱਦਦ ਦੀ ਜਮਹੂਰੀਅਤ ਵਿਚ ਕੋਈ ਥਾਂ ਨਹੀਂ ਹੋਣੀ ਚਾਹੀਦੀ। ਦੇਸ਼ ਵਿਚ ਸਦਭਾਵਨਾ ਤੇ ਇਕਸੁਰਤਾ ਦਾ ਮਾਹੌਲ ਜ਼ਰੂਰੀ ਹੈ ਤਾਂ ਜੋ ਲੋਕ ਅਮਨ ਤੇ ਚੈਨ ਨਾਲ ਰਹਿ ਸਕਣ।

ਉਹਨਾਂ ਕਿਹਾ, 'ਮੈਨੂੰ ਹਮੇਸ਼ਾਂ ਹੀ ਵਿਸ਼ਵਾਸ਼ ਰਿਹਾ ਹੈ ਕਿ ਸਾਡੇ ਵਰਗੇ ਜਮਹੂਰੀ ਪ੍ਰਬੰਧ ਵਿਚ ਸਾਰੇ ਮਾਮਲੇ ਗਲਬਾਤ ਰਾਹੀਂ ਹਲ ਹੋ ਸਕਦੇ ਹਨ।

ਕੇਂਦਰ-ਰਾਜ ਸਬੰਧਾਂ ਦਾ ਜ਼ਿਕਰ ਕਰਦਿਆਂ ਸ੍ਰੀ ਸੇਠੀ ਨੇ ਕਿਹਾ ਕਿ ਜਿਥੇ ਸੰਵਿਧਾਨ ਰਾਜਾਂ ਨੂੰ ਵੱਖ ਵੱਖ ਜ਼ਿੰਮੇਵਾਰੀਆਂ ਨਿਭਾਉਣ ਲਈ ਜ਼ਰੂਰੀ ਅਧਿਕਾਰ ਦਿੰਦਾ ਹੈ ਉਥੇ ਇਹ ਕੇਂਦਰ ਨੂੰ ਵੀ ਦੇਸ਼ ਦੀ ਅਖੰਡਤਾ ਤੇ ਏਕਤਾ ਦੀ ਰਾਖੀ ਲਈ ਢੁਕਵੇਂ ਅਧਿਕਾਰ ਪਰਦਾਨ ਕਰਦਾ ਹੈ।

ਸਰਕਾਰੀਆ ਕਮਿਸ਼ਨ ਦਾ ਜ਼ਿਕਰ ਕਰਦਿਆਂ ਸ੍ਰੀ ਸੇਠੀ ਨੇ ਕਿਹਾ ਕਿ ਇਹ ਕਮਿਸ਼ਨ ਪਿਛਲੇ ਤਿੰਨ ਦਹਾਕਿਆਂ ਦੇ ਤਜਰਬੇ ਦੀ ਰੌਸ਼ਨੀ ਵਿਚ ਕੇਂਦਰ ਤੇ ਰਾਜਾਂ ਦੇ ਵਿਚਕਾਰ ਸੰਬੰਧਾਂ ਦਾ ਜਾਇਜ਼ਾ ਲਏਗਾ। ਉਨ੍ਹਾਂ ਕਿਹਾ ਕਿ ਕਮਿਸ਼ਨ ਦੇ ਕਾਰਜ ਖੇਤਰ ਦਾ ਐਲਾਨ ਵੀ ਛੇਤੀ ਕਰ ਦਿਤਾ ਜਾਏਗਾ ਤੇ ਕਮਿਸ਼ਨ ਨੂੰ ਇਸ ਮਾਮਲੇ ਦੇ ਸਾਰੇ ਪੱਖਾਂ ਦੀ ਡੂੰਘਾਈ ਨਾਲ ਘੋਖ ਪਰਖ ਕਰਨ ਲਈ ਕਿਹਾ ਜਾਏਗਾ

## ਅਟਵਾਲ ਦੇ ਕਤਲ ਸਮੇਂ ਪੁਲਸ ਨੇ ਸਿਰੇ ਦੀ ਬੁਜ਼ਦਿਲੀ ਦਿਖਾਈ

ਅੰਮ੍ਰਿਤਸਰ— ਖਬਰਾਂ ਅਨੁਸਾਰ ਹਰਿਮੰਦਰ ਸਾਹਿਬ ਵਿਚ ਹਰ ਤੀਜਾ ਵਿਅਕਤੀ ਹਥਿਆਰਬੰਦ ਹੈ। ਕੁਝ ਲੋਕ ਤਾਂ ਕਾਰਬਾਈਨਜ, ਸਟੇਨ ਗੰਨ, ਰਾਈਫਲਾਂ ਅਤੇ ਪਿਸਤੌਲਾਂ ਵਰਗੇ ਖਤਰਨਾਕ ਹਥਿਆਰ ਵੀ ਲਈ ਫਿਰਦੇ ਹਨ।

ਮੌਕੇ ਉਤੇ ਮੌਜੂਦ ਲੋਕਾਂ ਨਾਲ ਗਲਾਂਬਾਤਾਂ ਦੇ ਅਧਾਰ ਤੇ ਸ੍ਰੀ ਅਟਵਾਲ ਦੇ ਕਤਲ ਦੇ ਸਬੰਧ ਵਿਚ ਹੋਰ ਤੱਥ ਸਮੁਖ ਆਏ ਹਨ। ਇਕ ਵਿਅਕਤੀ ਦੇ ਅਨੁਸਾਰ ਜਦੋਂ ਸ੍ਰੀ ਅਟਵਾਲ ਮੱਥਾ ਟੇਕ ਰਹੇ ਸਨ ਤਾਂ ਉਹਨਾਂ ਮਹਿਸੂਸ ਕਰ ਲਿਆ ਸੀ ਕਿ ਕੁਝ ਹਥਿਆਰਬੰਦ ਲੋਕ ਉਹਨਾਂ ਉਪਰ ਨਜ਼ਰ ਰੱਖ ਰਹੇ ਹਨ। ਉਹ ਜਲਦੀ ਨਾਲ ਹਰਿਮੰਦਰ ਸਾਹਿਬ ਵਿਚੋਂ ਨਿਕਲੇ ਅਤੇ ਚਾਰ ਦਿਵਾਰੀ ਵਿਚੋਂ ਨਿਕਲਣ ਲਈ ਤੇਜ਼ੀ ਨਾਲ ਮੁਖ ਗੇਟ ਵਲ ਵਧੇ ਪਰ ਕਾਤਲ ਉਹਨਾਂ ਦੇ ਪਿਛੇ ਸੀ। ਉਹਨਾਂ ਗੇਟ ਤੋਂ ਬਾਹਰ ਨਿਕਲਣ ਲਗਿਆਂ ਆਮ ਲੋਕਾਂ ਵਿਚ ਮਿਲਣ ਦੀ ਕੋਸ਼ਿਸ਼ ਕੀਤੀ। ਪਰ ਅਜਿਹਾ ਕਰਨ ਤੋਂ ਪਹਿਲਾਂ ਹੀ ਉਹਨਾਂ ਤੇ ਪਿਛੋਂ ਗੋਲੀਆਂ ਚਲਾ ਦਿਤੀਆਂ ਗਈਆਂ। ਜਦੋਂ ਉਹ ਡਿਗ ਪਏ ਤਾਂ ਕਾਤਲ ਨੇ ਉਹਨਾਂ ਦੇ ਨਜ਼ਦੀਕ ਆ ਕੇ ਗੋਲੀ ਮਾਰੀ ਅਤੇ ਉਹ ਮੌਕੇ ਤੇ ਹੀ ਮਰ ਗਏ। ਇਹ ਉਹ ਸਮਾਂ ਸੀ ਜਦੋਂ ਇਕ 11 ਸਾਲਾ ਬੱਚਾ ਵਰਿੰਦਰਜੀਤ ਬਰਾਂਡੇ ਵਿਚ ਖੜਾ ਗੋਲੀਆਂ ਦਾ ਸ਼ਿਕਾਰ ਹੋਇਆ।

ਸ੍ਰੀ ਅਟਵਾਲ ਨੂੰ ਅੱਠ ਗੋਲੀਆਂ ਮਾਰਨ ਤੋਂ ਬਾਅਦ ਕਾਤਲ, ਜਿਸ ਨੇ ਕਿ ਚਿੱਟਾ ਕੁੜਤਾ ਅਤੇ ਕਾਲੀ ਪੱਗ ਬੰਨ੍ਹੀ ਹੋਈ ਸੀ, ਨੇ ਸ੍ਰੀ ਅਟਵਾਲ ਦੇ ਸਰੀਰ ਨੂੰ ਟੋਹਿਆ ਕਿ ਕੀ ਉਹ ਮਰ ਗਿਆ ਹੈ ਜਾਂ ਨਹੀਂ। ਤਦ ਉਹ ਬਿਨਾਂ ਕਿਸੇ ਰੁਕਾਵਟ ਦੇ ਸੇਵਾਦਾਰਾਂ ਦੇ ਕੁਆਟਰਾਂ ਵਲ ਚਲਾ ਗਿਆ ਤੇ ਗਾਇਬ ਹੋ ਗਿਆ। ਦਸਿਆ ਹੈ ਕਿ ਉਹ ਲੰਗਰ ਵਿਚ ਗਿਆ ਪਹਿਲਾਂ ਉਸਨੇ ਪਾਣੀ ਪੀਤਾ ਤੇ ਬਾਅਦ ਵਿਚ ਉਸਨੇ ਆਪਣੀ ਕਾਰਬਾਈਨ ਅਨਲੋਡ ਕੀਤੀ। ਇਥੋਂ ਜਾਣ ਤੋਂ ਪਹਿਲਾਂ ਉਸਨੇ ਰੋਟੀ ਵੀ ਖਾਧੀ।

ਇਕ ਹੋਰ ਰਿਪੋਰਟ ਅਨੁਸਾਰ ਕਾਤਲ ਕਤਲ ਕਰਨ ਤੋਂ ਬਾਅਦ ਇਕ ਕਾਲੀ ਅੰਬੈਸਡਰ ਕਾਰ ਵਿਚ ਦੌੜ ਗਿਆ ਜੋ ਉਸਦੀ ਉਡੀਕ ਵਿਚ ਮੋਚੀ ਬਜ਼ਾਰ ਦੇ ਨਜ਼ਦੀਕ ਖੜੀ ਸੀ। ਸ੍ਰੀ ਅਟਵਾਲ ਦੇ ਕਤਲ ਸਮੇਂ ਪੁਲਸ ਨੇ ਬਹੁਤ ਹੀ ਗੈਰਜ਼ੁਮੇਵਾਰੀ ਤੋਂ ਕੰਮ ਲਿਆ। ਭਾਵੇਂ ਇਕ ਨਜ਼ਦੀਕੀ ਦੁਕਾਨ ਵਿਚ ਪੁਲਸ ਹਰ ਮੌਕੇ ਬੈਠੀ ਰਹਿੰਦੀ ਹੈ ਕਿਸੇ ਨੇ ਵੀ ਬਾਹਰ ਆਉਣ ਦਾ ਹੌਂਸਲਾ ਨਾ ਕੀਤਾ। ਸ੍ਰੀ ਅਟਵਾਲ ਦੇ ਅੰਗ ਰਖਿਅਕ ਜਿਸ ਪਾਸ ਸਟੇਨ ਗੰਨ ਸੀ, ਨੇ ਕਾਤਲ ਦਾ ਪਿੱਛਾ ਨਾ ਕੀਤਾ ਅਤੇ ਦੂਰ ਖੜਾ ਦੇਖਦਾ ਰਿਹਾ ਉਹ ਤੇ ਇਕ ਹੋਰ ਪੁਲਸ ਸਿਪਾਹੀ ਡੀ. ਆਈ. ਜੀ. ਦੀ ਕਾਰ ਵਿਚ ਭਜ ਗਏ ਜਦੋਂ ਕਿ ਲੋਕ ਲਾਸ਼ ਦੇ ਆਲੇ ਦੁਆਲੇ ਇਕੱਠੇ ਹੋ ਗਏ। ਉਹ ਇਸ ਭੁਲੇਖੇ ਵਿਚ ਸਨ ਕਿ ਪੁਲਸ ਨੇ ਇਕ ਸਿਖ ਦੀ ਹੱਤਿਆ ਕਰ ਦਿਤੀ ਹੈ। ਇਹ ਬਾਦ ਵਿਚ ਹੀ ਪਤਾ ਲੱਗਾ ਕਿ ਸ੍ਰੀ ਅਟਵਾਲ ਦਾ ਕਤਲ ਕਰ ਦਿਤਾ ਗਿਆ ਹੈ ਅਤੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਪੁਲਸ ਨੂੰ ਲਾਸ਼ ਦੇ ਨਜ਼ਦੀਕ ਆਉਣ ਦੇਣ।

## ਕੇਂਦਰ ਵਲੋਂ ਮੁਖ ਮੰਤਰੀ ਨੂੰ 'ਪੂਰਨ ਅਧਿਕਾਰ'

ਚੰਡੀਗੜ੍ਹ — ਕੇਂਦਰ ਸਰਕਾਰ ਨੇ ਮੁਖ ਮੰਤਰੀ ਸ੍ਰੀ ਦਰਬਾਰਾ ਸਿੰਘ ਨੂੰ ਪੰਜਾਬ ਦੀ ਸਥਿਤੀ ਨਾਲ ਨਿਪਟਣ ਲਈ ਕੋਈ ਵੀ ਕਦਮ ਚੁੱਕਣ ਦੇ ਅਧਿਕਾਰ ਦੇ ਦਿੱਤੇ ਹਨ। ਪਰ ਉਹਨਾਂ ਨੂੰ ਕਿਹਾ ਗਿਆ ਹੈ ਕਿ ਦਰਬਾਰ ਸਾਹਿਬ ਵਿਚ ਪੁਲਸ ਦੇ ਦਾਖਲ ਹੋਣ ਤੋਂ ਬਚਾਅ ਰੱਖਿਆ ਜਾਵੇ।

ਜਾਣਕਾਰ ਸੂਤਰਾਂ ਨੇ ਖਬਰ ਦਿੱਤੀ ਹੈ ਕਿ ਮੁਖ ਮੰਤਰੀ ਨੂੰ ਇਹ ਅਧਿਕਾਰ ਡੀ. ਆਈ. ਜੀ. ਸ੍ਰੀ ਅਵਤਾਰ ਸਿੰਘ ਅਟਵਾਲ ਦੇ ਹੋਏ ਕਤਲ ਤੋਂ ਪੈਦਾ ਹੋਈ ਸਥਿਤੀ ਦੀ ਗੰਭੀਰਤਾ ਵਲ ਵੇਖਦੇ ਹੋਏ ਦਿੱਤੇ ਗਏ ਹਨ। ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਇਸ ਵੱਡੇ ਅਫ਼ਸਰ ਦੇ ਕਤਲ ਨੂੰ ਬੇਹੱਦ ਗੰਭੀਰ ਘਟਨਾ ਸਮਝਦੀ ਹੈ।

ਸਮਝਿਆ ਜਾਂਦਾ ਹੈ ਕਿ ਮੁਖ ਮੰਤਰੀ ਦਰਬਾਰਾ ਸਿੰਘ ਨੇ ਗ੍ਰਹਿ ਵਿਭਾਗ ਅਤੇ ਪੁਲਸ ਦੇ ਸਭ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਦਿੱਤੀਆਂ ਹਨ ਕਿ ਉਹ ਸਥਿਤੀ ਨਾਲ ਸਖਤੀ ਨਾਲ ਨਿਬੜਨ। ਇਹ ਹਦਾਇਤਾਂ ਉਸ ਵੇਲੇ ਹੋਰ ਵੀ ਮਹੱਤਤਾ ਰਖਦੀਆਂ ਹਨ ਜਦੋਂ ਮੁਖ ਮੰਤਰੀ ਵਿਰੁਧ ਪਿਛਲੇ ਹਫਤੇ ਨਰਾਜ਼ਾਂ ਵਲੋਂ ਜ਼ੋਰਦਾਰ ਮੁਹਿਮ ਚਲਾਈ ਗਈ ਹੋਵੇ।

## ਰਾਜ ਕੁਮਾਰ ਨੂੰ ਕਤਲ ਦੀ ਧਮਕੀ

### ਧਮਕੀ ਦੇਣ ਵਾਲੇ ਭੁਲੇਖੇ 'ਚ ਨਾ ਰਹਿਣ ਕਿ ਕਮਿਊ: ਆਗੂ ਤੇ ਕਾਰਕੁਨ ਉਨ੍ਹਾਂ ਦਾ ਬੇਬਸ ਸ਼ਿਕਾਰ ਹਨ — ਮਲਹੋਤਰਾ ਦੀ ਤਾੜਨਾ

ਚੰਡੀਗੜ੍ਹ—ਹਿੰਦ ਕਮਿਊਨਿਸਟ ਪਾਰਟੀ ਦੀ ਪੰਜਾਬ ਸੂਬਾ ਕੌਂਸਲ ਦੇ ਸਕੱਤਰ ਅਵਤਾਰ ਸਿੰਘ ਮਲਹੋਤਰਾ ਨੇ ਇਥੇ ਪੰਜਾਬ ਅਸੈਂਬਲੀ ਵਿਚ ਕਮਿਊਨਿਸਟ ਗਰੁਪ ਦੇ ਆਗੂ ਸਾਥੀ ਰਾਜ ਕੁਮਾਰ ਨੂੰ ਮਿਲਿਆ ਧਮਕੀ ਭਰਿਆ ਪੱਤਰ ਰਲੀਜ਼ ਕਰ ਦਿਆਂ ਕਿਹਾ ਕਿ ਅਜਿਹੀਆਂ ਧਮਕੀਆਂ ਉਤੇ ਪਾਰਟੀ ਦੀ ਸੂਬਾ ਕੌਂਸਲ ਨੇ ਆਪਣੀ ਮੀਟਿੰਗ ਵਿਚ ਵਿਚਾਰ ਕਰਨ ਪਿਛੋਂ ਇਸ ਮਾਮਲੇ ਨੂੰ ਬੜੀ ਸੰਜੀਦਗੀ ਨਾਲ ਲਿਆ ਹੈ।

ਧਮਕੀ ਭਰੇ ਪੱਤਰ ਉਤੇ ਦੀਨਾਨਗਰ ਡਾਕਖਾਨੇ ਦੀ 16-4-83 ਦੀ ਮੋਹਰ ਲੱਗੀ ਹੋਈ ਹੈ ਅਤੇ ਇਹ ਸਾਥੀ ਰਾਜ ਨੂੰ ਮਿਲੇ ਪੱਤਰ ਵਿਚ ਉਹਨਾਂ ਨੂੰ ਕਿਹਾ ਗਿਆ ਕਿ ਜੇ ਸਾਥੀ ਰਾਜ ਨੇ ਇਕ ਹਫਤੇ ਦੇ ਅੰਦਰ ਅੰਦਰ ਅਸਤੀਫਾ ਨਾ ਦਿਤਾ ਤਾਂ ਉਸਦਾ ਹਸ਼ਰ ਵੀ ਲਾਲਾ ਜਗਤ ਨਰਾਇਣ ਵਰਗਾ ਹੀ ਹੋਵੇਗਾ।

ਸਾਥੀ ਮਲਹੋਤਰਾ ਨੇ ਦਸਿਆ ਕਿ ਸਥਾਨਕ ਸਾਥੀਆਂ ਨੇ ਇਹ ਪਤਰ ਜ਼ਿਲਾ ਪ੍ਰਸ਼ਾਸਨ ਤੇ ਪੁਲਸ ਅਧਿਕਾਰੀਆਂ ਨੂੰ ਦਿਖਾ ਦਿਤਾ ਸੀ ਤੇ ਇਸ ਦੀ ਕਾਪੀਆਂ ਮੁਖ ਮੰਤਰੀ ਤੇ ਡਾਇਰੈਕਟਰ ਜਨਰਲ ਆਫ ਪੁਲਸ ਨੂੰ ਵੀ ਭੇਜ ਦਿਤੀਆਂ ਗਈਆਂ ਹਨ।

ਸਾਥੀ ਮਲਹੋਤਰਾ ਨੇ ਕਿਹਾ ਕਿ ਇਹ ਪੱਤਰ ਮਿਲਣ ਤੋਂ ਪਹਿਲਾਂ ਜਲਸਿਆਂ ਵਿਚ ਜ਼ਬਾਨੀ ਧਮਕੀਆਂ ਦਿੱਤੀਆਂ ਜਾਂਦੀਆਂ ਰਹੀਆਂ ਹਨ। ਮਲਹੋਤਰਾ ਨੇ ਕਿਹਾ ਕਿ ਇਹ ਗੱਲ ਕਿ ਇਹ ਪੱਤਰ ਕਿਸੇ ਸਿਰ ਫਿਰੇ ਅਨਾੜੀ ਨੌਜਵਾਨ ਦਾ ਲਿਖਿਆ ਹੋਇਆ ਨਹੀਂ ਇਸ ਤੱਥ ਤੋਂ ਸਪੱਸ਼ਟ ਹੈ ਕਿ ਕੁਝ ਦਿਨਾਂ ਬਾਅਦ ਜ਼ਿਲੇ ਦੇ ਆਮ ਜਾਣੇ ਜਾਂਦੇ ਅਤਵਾਦੀ ਅਕਾਲੀ ਆਗੂ ਨਾਲ ਸਬੰਧਤ ਕੁਝ ਲੋਕ ਗੁਰਦਾਸਪੁਰ ਵਿਚ ਉਸਦੇ ਜ਼ੱਦੀ ਘਰ ਦੇ ਨੇੜੇ ਦੇ ਦੁਕਾਨਦਾਰਾਂ ਤੋਂ ਸਾਥੀ ਰਾਜ ਦੇ ਪ੍ਰੋਗਰਾਮ ਤੇ ਅਤੇ ਪਤੇ ਬਾਰੇ ਪੁਛਗਿਛ ਕਰਦੇ ਰਹੇ ਹਨ।

ਮਲਹਤੋਰਾ ਨੇ ਕਿਹਾ ਕਿ ਵਿਧਾਨ ਸਭਾ ਵਿਚ ਸਾਥੀ ਰਾਜ ਕੁਮਾਰ ਨੇ ਕਮਿਊਨਿਸਟ ਅਸੈਂਬਲੀ ਗਰੁਪ ਦੀ ਬੜੀ ਯੋਗਤਾ ਨਾਲ ਅਗਵਾਈ ਕੀਤੀ ਹੈ। ਸਾਰੀਆਂ ਜਮਹੂਰੀ ਸ਼੍ਰੇਣੀਆਂ ਤੇ ਵਰਗਾਂ ਦੇ ਬੁਨਿਆਦੀ ਹਿਤਾਂ ਦੀ ਲਗਾਤਾਰ ਝੰਡੇਬਰਦਾਰੀ ਕੀਤੀ ਹੈ। ਸਰਕਾਰ ਦੀ ਹਰ ਲੋਕ ਵਿਰੋਧੀ ਤੇ ਜਮਹੂਰੀਅਤ ਵਿਰੋਧੀ ਨੀਤੀ ਤੇ ਕਾਰਵਾਈ ਦਾ ਦ੍ਰਿੜਤਾ ਨਾਲ ਵਿਰੋਧ ਕੀਤਾ ਹੈ ਤੇ ਪਾਰਟੀ ਦੇ ਯੋਗ ਤਰਜਮਾਨ ਵਜੋਂ ਕੰਮ ਕੀਤਾ ਹੈ। ਉਹਨਾਂ ਵਿਧਾਨ ਸਭਾ ਵਿਚ ਅਤੇ ਬਾਹਰ ਅਤੇ ਦਿੱਲੀ ਵਿਚ ਹੋਈਆਂ ਤਿੰਨ ਧਿਰੀ ਮੀਟਿੰਗਾਂ ਵਿਚ ਪੰਜਾਬ ਦੇ ਲੋਕਾਂ ਦੀਆਂ ਨਿਆਂ, ਭਰੀਆਂ ਮੰਗਾਂ ਦਾ ਬੜੇ ਸੁਚੱਜੇ ਢੰਗ ਨਾਲ ਸਮਰਥਨ ਕੀਤਾ ਹੈ ਅਜਿਹਾ ਉਹਨਾਂ ਸਾਡੀ ਪਾਰਟੀ ਦੀ ਅਸੂਲੀ ਸੈਕੂਲਰ ਤੇ ਏਕਾ ਪੈਦਾ ਕਰਨ ਵਾਲੀ ਪਹੁੰਚ ਦੇ ਨਾਲ ਕੀਤਾ ਹੈ। ਸਾਡੀ ਇਹ ਗੱਲ ਪੂਰੀ ਤਰਾਂ ਸਪੱਸ਼ਟ ਕਰ ਚੁਕੀ ਹੈ ਕਿ ਇਸਦੇ ਚੁਣੇ ਹੋਏ ਪ੍ਰਤੀਨਿਧ ਲੋਕਾਂ ਪ੍ਰਤੀ ਆਪਣੀਆਂ ਜ਼ੁਮੇਵਾਰੀਆਂ ਨੂੰ ਨਿਭਾਉਂਦੇ ਰਹਿਣਗੇ ਤੇ ਕਿਸੇ ਵੀ ਹਾਲਤ ਵਿਚ ਤਸ਼ੱਦਦ ਦੀਆਂ ਧਮਕੀਆਂ ਤੋਂ ਡਰਕੇ ਇਸਤੋਂ ਪਿਛੇ ਨਹੀਂ ਹਟਣਗੇ।

### ਧਮਕੀ ਪੱਤਰ ਦਾ ਉਤਾਰਾ

ਏਕ ਓਂਕਾਰ ਸਤਿਗੁਰ ਪ੍ਰਸਾਦ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

ਅਸੀਂ ਤੈਨੂੰ ਇਹ ਸੂਚਤ ਕਰ ਰਹੇ ਹਾਂ ਕਿ ਤੂੰ ਸਾਡੀ ਹਮਾਇਤ ਵਿਚ ਪੰਜਾਬ ਅਸੈਂਬਲੀ ਦੀ ਮੈਂਬਰੀ ਤੋਂ ਅਸਤੀਫਾ ਦੇ ਦੇ ਨਹੀਂ ਤਾਂ ਅਸੀਂ ਤੇਰਾ ਹਸ਼ਰ ਉਹੋ ਕਰਾਂਗੇ ਜਿਹੜਾ ਪੰਜਾਬ ਵਿਚ ਲਾਲਾ ਜਗਤ ਨਰਾਇਣ ਤੇ ਹੋਰਾਂ ਦਾ ਹੋਇਆਂ ਤੇ ਹੋ ਰਿਹਾ ਹੈ। ਜੇ ਤੂੰ ਜ਼ਿੰਦਾ ਰਿਹਾ ਤਾਂ ਵਿਧਾਇਕ ਬਣ ਜਾਏਗਾ ਨਹੀਂ ਤਾਂ ਬੇਮੌਤ ਮਾਰਿਆ ਜਾਏਗਾ। ਜੇ ਤੂੰ ਸਾਡੀ ਮੰਗ ਕੁਝ ਦਿਨਾਂ ਜਾਂ ਹਫਤੇ ਦੇ ਵਿਚ ਵਿਚ ਪੂਰੀ ਨਾ ਕੀਤੀ ਤਾਂ ਤੈਨੂੰ ਤੇ ਤੇਰੇ ਪਰਵਾਰ ਨੂੰ ਪਾਰ ਬੁਲਾ ਦਿਤਾ ਜਾਏਗਾ। ਅਸੈਂਬਲੀ ਲਈ ਵੀ ਤੇਰਾ ਅੰਤ ਹੋ ਚੁਕਾ ਹੈ।

ਦਲ ਖਾਲਸਾ ਲਹਿਰ ਪੰਜਾਬ ਦਾ ਤੇਰੇ ਲਈ ਇਹੋ ਫਰਮਾਨ ਹੈ।

ਨੋਟ: ਤੂੰ ਆਪਣੇ ਆਪ ਨੂੰ ਕੁਝ ਦਿਨਾਂ ਦਾ ਪ੍ਰਹੁਣਾ ਸਮਝ ਜੋ ਕੁਝ ਖਾਣਾ ਹੈ ਖਾ ਲੈ ਤੇ ਪੀਣਾ ਹੈ ਪੀ ਲੈ।

ਦਲ ਖਾਲਸਾ ਲਹਿਰ ਦੇ ਰੂਪ ਵਿਚ ਤੈਨੂੰ ਤੇਰੀ ਮੌਤ ਉਡੀਕ ਰਹੀ ਹੈ।


## ਨਰਸਰੀ ਦਾ ਵਪਾਰ ਕਰੋ — ਪੈਸੇ ਕਮਾਓ

ਸਥਾਪਿਤ ਕਿੱਤਾ ਅਤੇ ਵਪਾਰ

120,000 ਡਾਲਰ ਦਾ ਬੂਟਿਆਂ ਦਾ ਸਟਾਕ

ਅਤੇ ਹੋਰ ਸਮਾਨ ਆਦਿ ਰਲਾ ਕੇ 130,000 ਕੀਮਤ

1.4 ਏਕੜ ਦਾ ਏਰੀਆ ਅਤੇ ਨਾਲ 4 ਬੈਡ ਰੂਮ ਦਾ ਘਰ ਹੈ — 6-7 ਗਰੀਨ ਹਾਊਸ

ਜੇ ਸਟਾਕ ਮੁੱਲ ਲੈ ਕੇ ਲਾਟ ਲੀਜ਼ ਕਰਨੀ ਹੋਵੇ ਤਾਂ ਵੀ ਹੋ ਸਕਦੀ ਹੈ — ਨਹੀਂ ਸਾਰੀ ਜਾਇਦਾਦ ਦਾ ਮੁੱਲ — 3,39,000 ਹੈ

ਫੋਨ : 594-4421 ਚੱਕ ਗੋਟਕਨ (Chuk Goetken)

ਜੋ ਸੱਜਣ ਪੰਜਾਬੀ ਵਿਚ ਹੀ ਗੱਲ ਕਰ ਸਕਦੇ ਹੋਣ 584-9759 - ਸਤਿੰਦਰ ਸਿੱਧੂ

# FOR YOUR 649 LOTTO CENTRE

Play your lotto Number

You might be the next millionair - meanwhile SAVE - SAVE

shopping at

# AMBIKA FOODS

## 5125 Victoria Drive
## Vancouver, B.C. Canada

**PHONE: 327—0295**

| | | |
|---|---|---|
| Sugar 5.99 10kg.<br>with the flyer<br>ਖੰਡ | Roti Atta<br>10 kg. 3.99<br>ਰੋਟੀ ਆਟਾ | Sarbat Rooh Afza<br>4.99 bottle<br>ਸ਼ਰਬਤ ਰੂਹ ਅਫਜ਼ਾ |
| Bhatura Flour<br>2 kg. 3.99<br>ਭਠੂਰਾ ਆਟਾ | Special Puri Flour<br>2 kg. 3.99<br>ਪੂਰੀ ਆਟਾ | Amla Pickle<br>2.99<br>ਔਲਿਆਂ ਦਾ ਅਚਾਰ |
| Nan Flour<br>2 kg. 3.99<br>ਨਾਨ ਆਟਾ | Karela Pickle<br>2.99<br>ਕਰੇਲੇ ਦੀ ਅਚਾਰ | Pachranga Achar<br>1.99 tin.<br>ਪਚਰੰਗਾ ਅਚਾਰ |
| Shona Sag<br>79¢ can<br>ਸ਼ੋਹਣਾ ਸਾਗ | Frozen Chicken legs<br>95¢ lb.<br>ਫਰੋਜ਼ਨ ਮੁਰਗੇ ਦੀਆਂ ਲੱਤਾਂ | Mango<br>9.89 per box<br>ਅੰਬ |
| Chicken legs fresh<br>1.39 lb.<br>ਮੁਰਗੇ ਦੀਆਂ ਲੱਤਾਂ | Shona Sag and 6 Corn Roti<br>1.99<br>ਸ਼ੋਹਣ ਸਾਗ ਤੇ ਮੱਕੀ ਦੀ ਰੋਟੀ | |

## ਅਮਰੀਕਾ ਪਾਕਿ ਨੂੰ ਪੁਲਾੜ ਤਕਨੀਕ ਮੁਹੱਈਆ ਕਰੇਗਾ

ਇਸਲਾਮਾਬਾਦ —ਅਮਰੀਕਾ ਪਾਕਿਸਤਾਨ ਨੂੰ ਪੁਲਾੜ ਵਿਗਿਆਨ ਟੈਕਨਾਲੋਜੀ ਮੁਹੱਈਆ ਕਰਨ ਲਈ ਵੀ ਸਹਿਮਤ ਹੋ ਗਿਆ।

ਪਾਕਿਸਤਾਨ ਦੇ ਉਰਦੂ ਅਖਬਾਰ 'ਜੰਗ' ਨੇ ਜਾਣਕਾਰ ਸੂਤਰਾਂ ਦੇ ਅਨੁਸਾਰ ਇਹ ਖਬਰ ਦਿਤੀ ਹੈ। ਪਾਕਿਸਤਾਨ ਦੇ ਪੁਲਾੜ ਅਤੇ ਅਪਰ-ਵਾਤਾਵਰਨ ਖੋਜ ਕਮਿਸ਼ਨ ਦੇ ਚੇਅਰਮੈਨ ਸ੍ਰੀ ਸਲੀਮ ਮਹਿਮੂਦ ਦੇ ਕਰਾਚੀ ਹੈਡਕੁਆਰਟਰ ਤੋਂ ਦਿਤੇ ਇਕ ਬਿਆਨ ਦਾ ਹਵਾਲਾ ਵੀ ਦਿਤਾ ਗਿਆ ਹੈ।

## ਇੰਕਾ ਕਸ਼ਮੀਰ ਦੀਆਂ ਸਭ ਸੀਟਾਂ ਤੇ ਚੋਣ ਲੜੇਗੀ

ਨਵੀਂ ਦਿੱਲੀ—ਨੈਸ਼ਨਲ ਕਾਨਫਰੰਸ ਨਾਲ ਚੋਣ ਗੱਠਜੋੜ ਕਰਨ ਦੀ ਗਲਬਾਤ ਟੁੱਟ ਜਾਣ ਤੋਂ ਬਾਅਦ ਕਾਂਰਗਸ ਆਈ ਨੇ ਜੰਮੂ ਕਸ਼ਮੀਰ ਦੀਆਂ 76 ਦੀਆਂ 76 ਸੀਟਾਂ ਹੀ ਚੋਣ ਲੜਨ ਦਾ ਫੈਸਲਾ ਕੀਤਾ ਹੈ।

ਇਹ ਫੈਸਲਾ ਪਾਰਟੀ ਪਾਰਲੀਮੈਂਟਰੀ ਬੋਰਡ ਦੀ ਬੈਠਕ ਵਿਚ ਲਿਆ ਗਿਆ ਜਿਸ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਕੀਤੀ, ਚੋਣਾਂ ਪੰਜ ਜੂਨ ਨੂੰ ਹੋ ਰਹੀਆਂ ਹਨ।

## ਬੈਂਕ ਡਾਕੇ ਸਬੰਧੀ ਕੋਈ ਗ੍ਰਿਫਤਾਰੀ ਨਹੀਂ

ਜਲੰਧਰ—ਪੰਜਾਬ ਐਂਡ ਸਿੰਧ ਬੈਂਕ ਦੀ ਕੋਠਾਰ ਬ੍ਰਾਂਚ ਵਿਖੇ ਜਿਹੜੀ ਪਿਛਲੇ ਦਿਨਾਂ ਵਿਚ ਡਕੈਤੀ ਹੋਈ ਸੀ, ਇਸ ਦੀ ਜਾਂਚ ਵਿਚ ਹਾਲੇ ਤੱਕ ਕੋਈ ਵੀ ਗ੍ਰਿਫਤਾਰੀ ਅਮਲ ਵਿਚ ਨਹੀਂ ਲਿਆਂਦੀ ਗਈ ਹੈ। ਪੁਲਸ ਦੀਆਂ ਕਈ ਪਾਰਟੀਆਂ ਇਹਨਾਂ ਡਾਕੂਆਂ ਦੀ ਤਲਾਸ਼ ਵਿਚ ਸਰਗਰਮ ਹਨ। ਇਸ ਬੈਂਕ ਦੇ ਅਫਸਰਾਂ ਦੇ ਬਿਆਨ ਅਨੁਸਾਰ ਉਕਤ ਬ੍ਰਾਂਚ ਦਾ ਮੈਨੇਜਰ ਕਿਸੇ ਦੂਜੀ ਬ੍ਰਾਂਚ ਪਿੰਡ ਮੁਬਾਰਕਪੁਰ ਬੈਂਕ ਦੇ ਕੰਮ ਗਿਆ ਹੋਇਆ ਸੀ ਅਤੇ ਕੈਸ਼ ਦੀਆਂ ਚਾਬੀਆਂ ਲੇਖਾਕਾਰ ਅਤੇ ਕੈਸ਼ੀਅਰ ਨੂੰ ਦੇਕੇ ਗਿਆ ਸੀ ਪਰ ਗਨ ਮੈਨ ਇਸ ਘਟਨਾ ਵਾਲੇ ਦਿਨ ਬੈਂਕ ਵਿਚ ਨਹੀਂ ਸੀ ਅਤੇ ਇਹ ਜਲੰਧਰ ਵਿਚ ਕਿਸੇ ਕੰਮ ਗਿਆ ਹੋਇਆ ਸੀ। ਖਜ਼ਾਨਚੀ ਅਤੇ ਲੇਖਾਕਾਰ ਪਾਸੋਂ ਡਾਕੂਆਂ ਨੇ ਸਟੇਨਗਨ ਦੀ ਨੋਕ ਤੇ ਕੈਸ਼ ਦੀਆਂ ਚਾਬੀਆਂ ਹਾਸਲ ਕੀਤੀਆਂ ਸਨ।

## ਮਹਾਜਨ ਵਿਰੁਧ ਕੁਰਪਸ਼ਨ ਦੇ ਦੋਸ਼ਾਂ ਦੀ ਘੋਖ ਜਾਰੀ

ਨਵੀਂ ਦਿੱਲੀ—ਕੇਂਦਰੀ ਗ੍ਰਹਿ ਰਾਜ ਮੰਤਰੀ ਐਨ. ਆਰ. ਲਸਕਰ ਨੇ ਲੋਕ ਸਭਾ ਨੂੰ ਦਸਿਆ ਕਿ ਭਾਰਤੀ ਹਾਕੀ ਫੈਡਰੇਸ਼ਨ ਦੇ ਪ੍ਰਧਾਨ ਇੰਦਰ ਮੋਹਨ ਮਹਾਜਨ ਵਿਰੁਧ ਕੁਰਪਸ਼ਨ ਤੇ ਫੰਡਾਂ ਦੀ ਹੇਰ ਫੇਰੀ ਦੇ ਦੋਸ਼ਾ ਦੀ ਘੋਖ ਕੇਂਦਰੀ ਜਾਂਚ ਬਿਊਰੋ ਕਰ ਰਿਹਾ ਹੈ। ਉਹਨਾਂ ਵਿਸ਼ਵਾਨਾਥ ਸ਼ਰਮਾ ਨੂੰ ਦਸਿਆ ਕਿ ਖੇਡ ਮੰਤਰਾਲੇ ਨੇ ਗ੍ਰਹਿ ਮੰਤਰਾਲੇ ਨੂੰ ਸੀ. ਬੀ. ਆਈ. ਘੋਖ ਦੀ ਪਰਵਾਨਗੀ ਦੇ ਦਿਤੀ ਸੀ।

## ਕੌਮੀ ਖੇਡ ਨੀਤੀ ਦੇ ਖਰੜੇ ਦੀ ਘੋਖ ਜਾਰੀ

ਨਵੀਂ ਦਿੱਲੀ—ਕੁਲ ਹਿੰਦ ਖੇਡ ਕੌਂਸਲ ਕੌਮੀ ਖੇਡ ਨੀਤੀ ਦੇ ਖਰੜੇ ਉਤੇ ਦੂਜੀ ਵਾਰ ਨਜ਼ਰਸਾਨੀ ਕਰ ਰਹੀ ਹੈ। ਇਹ ਜਾਣਕਾਰੀ ਖੇਡ ਮੰਤਰਾਲੇ ਦੀ ਪਹਿਲੀ ਸਲਾਨਾ ਰੀਪੋਰਟ ਵਿਚ ਦਿਤੀ ਗਈ ਹੈ। ਕੌਂਸਲ ਹੁਣ ਵਖ ਵਖ ਸੂਬਾ ਸਰਕਾਰਾਂ ਕੌਮੀ ਖੇਡ ਫੈਡਰੇਸ਼ਨਾਂ ਤੇ ਹੋਰ ਸਬੰਧਤ ਏਜੰਸੀਆਂ ਵਲੋਂ ਖਰੜੇ ਦੇ ਸਬੰਧ ਵਿਚ ਭੇਜੀਆਂ ਟਿਪਣੀਆਂ ਤੋਂ ਬਾਅਦ ਇਹ ਘੋਖ ਕਰ ਰਹੀ ਹੈ।

## ਕਿਸਾਨਾਂ ਨੂੰ ਯੋਗ ਮੁਆਵਜ਼ਾ ਦਿਤਾ ਜਾਵੇਗਾ -- ਬੇਅੰਤ ਸਿੰਘ

ਖੰਨਾ—ਪੰਜਾਬ ਦੇ ਲੋਕ ਉਸਾਰੀ ਤੇ ਮਾਲ ਮੰਤਰੀ ਸ: ਬੇਅੰਤ ਸਿੰਘ ਨੇ ਖੰਨਾ ਸਬ ਡਵੀਜ਼ਨ ਦੇ ਕਈ ਪਿੰਡਾਂ ਦਾ ਦੌਰਾ ਕਰਕੇ ਗੜੇਮਾਰ ਨਾਲ ਫਸਲਾਂ ਨੂੰ ਪਹੁੰਚੇ ਨੁਕਸਾਨ ਦਾ ਜਾਇਜ਼ਾ ਲਿਆ ਤੇ ਕਿਸਾਨਾਂ ਨੂੰ ਭਰੋਸਾ ਦਿਤਾ ਕਿ ਸਰਕਾਰ ਉਹਨਾਂ ਦੇ ਨੁਕਸਾਨ ਦਾ ਯੋਗ ਮੁਆਵਜ਼ਾ ਦੇਵੇਗੀ।

ਮੰਤਰੀ ਨੇ ਆਪਣੇ ਨਾਲ ਆਏ ਅਫਸਰਾਂ ਨੂੰ ਹਦਾਇਤ ਦਿਤੀ ਕਿ ਉਹ ਇਸ ਬਾਰੇ ਆਪਣੀ ਰਿਪੋਰਟ ਛੇਤੀ ਤੋਂ ਛੇਤੀ ਸਰਕਾਰ ਤਕ ਪਹੁੰਚਾਉਣ ਤਾਂ ਕਿ ਕਿਸਾਨਾਂ ਦੀ ਵੇਲੇ ਸਿਰ ਮਦਦ ਕੀਤੀ ਜਾ ਸਕੇ।

## ਲੋਕ ਸਭਾ ਵਿਚ ਪੰਜਾਬ ਬਾਰੇ ਬਹਿਸ ਸਰਕਾਰ ਦੀ ਅਸਫਲਤਾ ਉਤੇ ਜ਼ੋਰਦਾਰ ਹਮਲੇ

ਨਵੀਂ ਦਿੱਲੀ—ਲੋਕ ਦਲ ਦੇ ਮੁਖੀ ਚੌਧਰੀ ਚਰਨ ਸਿੰਘ ਨੇ ਪੰਜਾਬ ਦੀ ਸਥਿਤੀ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਿਬੜਨ ਵਿਚ ਸਰਕਾਰ ਦੀ ਅਸਫਲਤਾ ਦੀ ਆਲੋਚਨਾ ਕਰਦਿਆਂ ਹੋਇਆਂ ਲੋਕ ਸਭਾ ਵਿਚ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਤੋਂ ਅਸਤੀਫਾ ਮੰਗਿਆ ਹੈ।

ਪੰਜਾਬ ਬਾਰੇ ਮਤੇ ਉਤੇ ਬਹਿਸ ਵਿਚ ਹਿੱਸਾ ਲੈਂਦਿਆਂ ਸ੍ਰੀ ਚਰਨ ਸਿੰਘ ਨੇ ਕਿਹਾ ਕਿ ਇਹ ਰਾਜਨੀਤਕ ਆਗੂਆਂ ਦੀ ਗਲਤੀ ਹੈ ਕਿ ਅੱਜ ਪੰਜਾਬ ਜਲ ਰਿਹਾ ਹੈ। ਉਹਨਾਂ ਕਿਹਾ ਇਹ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀਆਂ ਗਲਤ ਨੀਤੀਆਂ ਅਤੇ ਇੰਕਾ ਆਗੂਆਂ ਵਲੋਂ ਜਾਤੀਵਾਦ ਨੂੰ ਉਤਸ਼ਾਹਤ ਕੀਤੇ ਜਾਣ ਕਰਕੇ ਹੈ। ਇਹ ਮਤਾ ਲੋਕ ਦਲ ਦੇ ਮੈਂਬਰ ਬੀ. ਡੀ. ਸਿੰਘ ਨੇ ਰੱਖਿਆ ਸੀ। ਇਸ ਮਤੇ ਵਿਚ ਕਿਹਾ ਗਿਆ ਕਿ ਸਰਕਾਰ ਧਾਰਮਿਕ ਅਸਥਾਨਾਂ, ਜਿਹਨਾਂ ਵਿਚ ਦਰਬਾਰ ਸਾਹਿਬ ਸ਼ਾਮਲ ਹੈ, ਦੀ ਦੁਰਵਰਤੋਂ ਰੋਕਣ ਵਿਚ ਅਸਫਲ ਰਹੀ ਹੈ।

ਬਹਿਸ ਨੂੰ ਅੱਗੇ ਤੋਰਦਿਆਂ ਚੌਧਰੀ ਚਰਨ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਲਗਾਤਾਰ ਘਟਨਾਵਾਂ ਵਾਪਰ ਰਹੀਆਂ ਹਨ ਅਤੇ ਮੁਖ ਮੰਤਰੀ ਦਰਬਾਰਾ ਸਿੰਘ ਸਥਿਤੀ ਨੂੰ ਸੰਭਾਲਣ ਲਈ ਜੋ ਕੁਝ ਕਰਨਾ ਚਾਹੁੰਦੇ ਹਨ ਉਹਨਾਂ ਨੂੰ ਕਰਨ ਨਹੀਂ ਦਿਤਾ ਜਾ ਰਿਹਾ।

ਉਹਨਾਂ ਕਿਹਾ ਕੇਂਦਰ ਸਰਕਾਰ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਹੀਰੋ ਬਣਾ ਦਿਤਾ ਹੈ ਉਹਨਾਂ ਕਿਹਾ ਜੇਕਰ ਇਕ ਫਿਰਕੇ ਦੇ ਲੋਕਾਂ ਵਲੋਂ ਦਿਤੀਆਂ ਜਾਂਦੀਆਂ ਧਮਕੀਆਂ ਕਾਨੂੰਨ ਤੋਂ ਉਪਰ ਹੋਣ ਤਾਂ ਕੋਈ ਸਰਕਾਰ ਕਿਵੇਂ ਚੱਲ ਸਕਦੀ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਦੀ ਸਮਸਿਆ ਨਾਲ ਨਿਬੜਨ ਲਈ ਕਾਨੂੰਨ ਨੂੰ ਸਖਤੀ ਨਾਲ ਵਰਤਣਾ ਚਾਹੀਦਾ ਹੈ।

ਚਰਨ ਸਿੰਘ ਨੇ ਕਿਹਾ ਕਿ ਹਿੰਦੂ ਅਤੇ ਸਿੱਖ ਦੋ ਕੌਮਾਂ ਨਹੀਂ ਹਨ ਇਹਨਾਂ ਦਾ ਖੂਨ ਇਕੋ ਹੈ। ਸਿੱਖ ਆਗੂਆਂ ਨੇ ਵੀ ਇਨ੍ਹਾਂ ਦੀ ਏਕਤਾ ਉਤੇ ਜ਼ੋਰ ਦਿਤਾ ਸੀ। ਚਰਨ ਸਿੰਘ ਨੇ ਪੁਲਸ ਨੇ ਪੂਜਾ ਸਥਾਨ ਵਿਚ ਦਾਖਲ ਹੋਣ ਦੇ ਵਿਚਾਰ ਨੂੰ ਰੱਦ ਕੀਤਾ।

## ਕੁਰਪਸ਼ਨ ਦੇ ਦੋਸ਼ 'ਚ ਸਹਿਕਾਰੀ ਵਿਭਾਗ ਦੇ 125 ਮੁਲਾਜ਼ਮਾਂ ਦੀ ਛਾਂਟੀ

ਮੋਗਾ—ਪੰਜਾਬ ਦੇ ਸਹਿਕਾਰਤਾ ਵਿਭਾਗ ਵਿਚੋਂ ਰਿਸ਼ਵਤ ਖੋਰੀ, ਹੇਰਾਫੇਰੀਆਂ ਅਤੇ ਘਪਲੇਬਾਜ਼ੀਆਂ ਕਰਨ ਦੇ ਦੋਸ਼ ਵਿਚ 125 ਮੁਲਾਜ਼ਮਾਂ ਦੀ ਛਾਂਟੀ ਕੀਤੀ ਗਈ ਤੇ ਕੁਝ ਕੇਸਾਂ ਦੀ ਪੜਤਾਲ ਅਜੇ ਜਾਰੀ ਹੈ, ਦੋਸ਼ ਸਿੱਧ ਹੋਣ ਤੇ ਕਿਸੇ ਨੂੰ ਛੱਡਿਆ ਨਹੀਂ ਜਾਵੇਗਾ। ਇਹ ਐਲਾਨ ਸ: ਬੀਰਪਾਲ ਸਿੰਘ, ਸਹਿਕਾਰਤਾ ਰਾਜ ਮੰਤਰੀ ਪੰਜਾਬ ਨੇ ਬੀਤੀ ਸ਼ਾਮ ਮੋਗਾ ਸਬ ਡਵੀਜ਼ਨ ਦੇ ਕਸਬੇ ਬੱਧਨੀ ਕਲਾਂ ਵਿਖੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ ਹੈ।

ਬੀਰਪਾਲ ਸਿੰਘ ਨੇ ਕਿਹਾ ਕਿ ਦੁੱਧ ਦਾ ਉਤਪਾਦਨ ਵਧਾਉਣ ਲਈ ਵਿਭਾਗ ਵਲੋਂ 1986 ਤੱਕ 60 ਕਰੋੜ ਰੁਪਏ ਖਰਚ ਕੀਤੇ ਜਾਣਗੇ।

ਕਿਸਾਨਾਂ ਨੂੰ ਮੱਝਾਂ ਖਰੀਦਣ ਕਰਜ਼ੇ ਲਈ ਕਰਜ਼ੇ ਦਿਤੇ ਜਾਣਗੇ ਤੇ ਹਰ ਜ਼ਿਲੇ ਵਿਚ ਮਿਲਕ ਪਲਾਂਟ ਲਗਾਇਆ ਜਾਵੇਗਾ। ਪਿੰਡਾਂ ਵਿਚ 5000 ਦੁੱਧ ਉਤਪਾਦਨ ਸੁਸਾਇਟੀਆਂ ਬਨਾਉਣ ਦਾ ਨਿਸ਼ਾਨਾ ਹੈ ਹੁਣ ਤਕ 2600 ਸੁਸਾਇਟੀਆਂ ਬਣ ਚੁਕੀਆਂ ਹਨ।

## ਸਖਿਲ, ਤਰੁਣਾ, ਉਹਨਾਂ ਦਾ ਮਰ ਰਿਹਾ ਪਿਤਾ ਤੇ ਸੁਪਰੀਮ ਕੋਰਟ ਦੀ ਹਦਾਇਤ

ਨਵੀਂ ਦਿੱਲੀ — ਸੁਪਰੀਮ ਕੋਰਟ ਨੇ ਆਪਣੇ ਦੋ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਤੁਰੰਤ ਦੱਖਣੀ ਦਿੱਲੀ ਵਿਚ ਸ੍ਰੀਮਤੀ ਸ਼ਸ਼ੀ ਕਿਰਨ ਦੇ ਘਰ ਜਾਣ ਅਤੇ ਉਸ ਦੇ ਦੋ ਬੱਚਿਆਂ ਨੂੰ ਮੋਦੀ ਨਗਰ (ਯੂ. ਪੀ.) ਵਿਚ ਲੈ ਜਾ ਕੇ ਉਥੋਂ ਤੇ ਹਸਪਤਾਲ ਵਿਚ ਕੈਂਸਰ ਦੇ ਮਰੀਜ਼ ਉਹਨਾਂ ਦੇ ਪਿਤਾ ਦੀ ਆਪਣੇ ਬੱਚਿਆਂ ਨੂੰ ਦੇਖਣ ਦੀ ਆਖਰੀ ਖਾਹਸ਼ ਪੂਰੀ ਕਰਨ।

ਬਚਿਆਂ ਦਾ 31 ਸਾਲ ਦਾ ਪਿਤਾ, ਜਿਸ ਦਾ ਆਪਣੀ ਪਤਨੀ ਨਾਲ ਤੋੜ ਵਿਛੋੜਾ ਹੋ ਚੁੱਕਾ ਹੈ ਆਖਰੀ ਸਾਹਾਂ ਉਤੇ ਹੈ। ਬੱਚਿਆਂ ਨੂੰ ਲਿਜਾਣ ਲਈ ਅਦਾਲਤ ਨੇ ਆਪਣੀ ਸਟਾਫ ਕਾਰ ਦੇਣ ਦਾ ਹੁਕਮ ਦਿਤਾ ਹੈ। ਆਪਣੇ ਬੱਚਿਆਂ ਨੂੰ ਆਖਰੀ ਵਾਰ ਦੇਖਣ ਦੇ ਚਾਹਵਾਨ ਪਿਤਾ ਦਾ ਨਾਂ ਡਾ: ਸੁਰੇਸ਼ ਕੁਮਾਰ ਵਰਮਾ ਹੈ। ਉਸਦੇ ਲੜਕੇ ਦਾ ਨਾਂ ਸਖਿਲ ਹੈ ਤੇ ਉਹ 7 ਸਾਲ ਦਾ ਹੈ ਤੇ ਉਸਦੀ ਲੜਕੀ ਦਾ ਨਾਂ ਤਰੁਣਾ ਹੈ ਤੇ ਉਹ ਤਿੰਨ ਸਾਲ ਦੀ ਹੈ।

ਅਦਾਲਤ ਨੇ ਕਿਹਾ ਕਿ ਜੇ ਸ੍ਰੀਮਤੀ ਸ਼ਸ਼ੀ ਕਿਰਨ ਚਾਹੁੰਣ ਤਾਂ ਉਹ ਵੀ ਬੱਚਿਆਂ ਦੇ ਨਾਲ ਜਾ ਸਕਦੇ ਹਨ। ਬੱਚਿਆਂ ਨੂੰ ਦੋ ਘੰਟੇ ਤੱਕ ਉਹਨਾਂ ਦੇ ਪਿਤਾ ਨਾਲ ਮਿਲਾਕੇ ਉਨ੍ਹਾਂ ਨੂੰ ਉਨ੍ਹਾਂ ਦੀ ਮਾਂ ਦੇ ਹਵਾਲੇ ਕਰ ਦਿਤਾ ਜਾਏ।

ਯਾਦ ਰਹੇ ਪਹਿਲਾਂ ਵੀ ਅਦਾਲਤ ਨੇ ਮਰ ਰਹੇ ਪਿਤਾ ਦੀ ਦਰਖਾਸਤ ਉਤੇ ਸ੍ਰੀਮਤੀ ਸ਼ਸ਼ੀ ਕਿਰਨ ਨੂੰ ਹਦਾਇਤ ਕੀਤੀ ਸੀ ਕਿ ਉਹ ਦੋਹਾਂ ਬੱਚਿਆਂ ਨੂੰ ਉਹਨਾਂ ਦੇ ਪਿਤਾ ਨੂੰ ਮਿਲਾਕੇ ਲਿਆਏ। ਪਰ ਸ੍ਰੀਮਤੀ ਸ਼ਸ਼ੀ ਕਿਰਨ ਨੇ ਇਸ ਹਦਾਇਤ ਦੀ ਪਾਲਣਾ ਨਹੀਂ ਸੀ ਕੀਤੀ।

## ਅਕਾਲੀ ਵਿਧਾਇਕਾਂ ਦੇ ਅਸਤੀਫ਼ੇ ਰੱਦ

ਚੰਡੀਗੜ੍ਹ—ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰੀ ਬ੍ਰਿਜ ਭੂਸ਼ਨ ਮਹਿਰਾ ਨੇ 36 ਅਕਾਲੀ ਵਿਧਾਇਕਾਂ ਵਲੋਂ ਦਿਤੇ ਗਏ ਅਸਤੀਫ਼ੇ ਰੱਦ ਕਰ ਦਿਤੇ।

ਅਕਾਲੀ ਵਿਧਾਇਕਾਂ ਨੇ ਇਹ ਅਸਤੀਫ਼ੇ ਆਪਣੀਆਂ ਮੰਗਾਂ ਉਤੇ ਜ਼ੋਰ ਪਾਉਣ ਲਈ 27 ਜਨਵਰੀ ਨੂੰ ਦਿਤੇ ਸਨ ਅਤੇ ਇਹਨਾਂ ਨੂੰ 21 ਫਰਵਰੀ ਤੋਂ ਮਨਜ਼ੂਰ ਕਰ ਲੈਣ ਦੀ ਬੇਨਤੀ ਕੀਤੀ ਗਈ ਸੀ।

ਸ੍ਰੀ ਮਹਿਰਾ ਨੇ ਇਹ ਅਸਤੀਫ਼ੇ ਭਾਰਤੀ ਸੰਵਿਧਾਨ ਦੇ ਦੋ ਨਿਯਮ 51(3) ਦੀ ਧਾਰਾ 190(3) ਅਧੀਨ ਰੱਦ ਕੀਤੇ ਹਨ।

## ਫੂਲਾਂ ਦੀ ਫਿਲਮਾਂ 'ਚ ਕੰਮ ਕਰਨੋਂ ਨਾਂਹ

ਗਵਾਲੀਅਰ—ਪਤਾ ਲੱਗਾ ਹੈ ਕਿ ਹਥਿਆਰ ਸੁਟਣ ਤੋਂ ਬਾਅਦ ਹੁਣ ਜੇਲ੍ਹ ਵਿਚ ਬੰਦ ਡਕੈਤ ਰਾਣੀ ਫੂਲਾਂ ਦੇਵੀ ਨੇ ਇਕ ਫਿਲਮ ਕੰਪਨੀ ਵਲੋਂ ਉਸਦੀ ਅਧੂਰੀ ਫਿਲਮ 'ਬਾਗੀ ਫੂਲਾਂ' ਵਿਚ ਕੰਮ ਕਰਨ ਦੀ ਪੇਸ਼ਕਸ਼ ਰੱਦ ਕਰ ਦਿਤੀ ਹੈ। ਦਸਿਆ ਜਾਂਦਾ ਹੈ ਕਿ ਕੰਪਨੀ ਨੇ ਇਥੇ ਕੇਂਦਰੀ ਜੇਲ੍ਹ ਵਿਚ ਫੂਲਾਂ ਦੇਵੀ ਨੂੰ ਫਿਲਮ ਵਿਚ ਕੰਮ ਕਰਨ ਦੀ ਪੇਸ਼ਕਸ਼ ਕਰਕੇ ਦਸਖਤ ਕਰਨ ਲਈ ਕੁਝ ਦਸਤਾਵੇਜ਼ ਫੜਾਏ ਪਰ ਫੂਲਾਂ ਨੇ ਫਿਲਮ ਵਿਚ ਕੰਮ ਕਰਨ ਤੋਂ ਨਾਂਹ ਕਰਦਿਆਂ ਗੁਸੇ ਨਾਲ ਇਹ ਦਸਤਾਵੇਜ਼ ਬਾਹਰ ਵਗਾਹ ਮਾਰੇ।


ਅਮੀਤਾਭ ਬਚਨ ਅਕਤੂਬਰ ਵਿਚ ਵੈਨਕੂਵਰ ਆ ਰਹੇ ਹਨ।



**ਅਮੀਤਾਭ ਬਚਨ ਸ਼ੋਅ ਲਈ ਜਾਣਕਾਰੀ ਲਈ ਫੋਨ ਕਰੋ :- 931-8476 ਜਾਂ 875-875-6288**



ਜਗਦੀਸ਼ ਸਿੰਘ
ਨੋਟਰੀ ਪਬਲਿਕ
ਬੀ. ਏ. ਐਲ. ਐਲ. ਬੀ (ਪੀ.ਯੂ.)



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

ਅਤੇ ਇੰਮੀਗਰੇਸ਼ਨ
ਦੇ ਆਮ ਮਸਲੇ ਤੇ ਇੰਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

7-4857 Kingsway (Opp. Sears) Burnaby, B.C. V5H 2C8

PHONE—Off. 433-8366
Res. 324-4160

ਸਮਾਂ : ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ(ਦਫਤਰ ਸ਼ਨਿਚਰਵਾਰ ਖੁਲ੍ਹਾ ਰਹਿੰਦਾ ਹੈ)



ਐਕਸੀਡੈਂਟਾਂ ਵਿਚ ਸੱਟਾਂ ਲੱਗਣ ਦੇ ਇਨਸ਼ੋਰੈਂਸ ਦੇ
ਕੇਸਾਂ ਲਈ
ਉਜੱਲ ਦੁਸਾਂਝ ਅਤੇ ਮਹਿਬੂਬ ਪਿਰਾਨੀ
(ਦੁਸਾਂਝ ਐਂਡ ਪਿਰਾਨੀ) ਵਕੀਲ ਨੂੰ ਮਿਲੋ ਜਾਂ ਫੋਨ ਕਰੋ
327-6381
#202-5887 ਵਿਕਟੋਰੀਆ ਡਰਾਈਵ, ਵੈਨਕੂਵਰ

# ਪੰਜਾਂ ਪਾਣੀਆਂ ਦੇ ਗੀਤ



**ਵਲੋਂ - ਕਾਮਰੇਡ ਜੀਤ ਸਿੰਘ ਅਣਖੀ**

ਲੋਕ ਗੀਤ ਕਿਸੇ ਇਕ ਵਿਅਕਤੀ ਦੀ ਨਿੱਜੀ ਜਾਇਦਾਦ ਨਹੀਂ ਹੁੰਦੀ। ਸਗੋਂ ਇਹਨਾਂ ਦੇ ਰਚਣ ਹਾਰੀਆਂ ਤਾਂ ਪੰਜਾਂ ਪਾਣੀਆਂ ਦੀਆਂ ਮਲੂਕ ਜ਼ਿੰਦਾਂ ਸਾਰੀਆਂ ਮੁਟਿਆਰਾਂ ਅਤੇ ਗੱਭਰੂ ਹਨ। ਮਜ਼ਬਾਂ ਦੀਆਂ ਜਨੂੰਨੀ ਘੂਰੀਆਂ ਇਹਨਾਂ ਨੂੰ ਆਪਣੀ ਬਾਤ ਪੌਣੋਂ ਰੋਕ ਨਾ ਸਕੀਆਂ - ਰਾਜਸੀ ਸ਼ਕਤੀਆਂ ਪੰਜਾਂ ਪਾਣੀਆਂ ਦੀਆਂ ਵੰਡੀਆਂ ਤਾਂ ਪਾ ਸਕਦੀਆਂ ਹਨ ਪਰ ਪਾਕਿਸਤਾਨੀ ਪੰਜਾਬੀਆਂ ਜਾਂ ਭਾਰਤੀ ਪੰਜਾਬੀਆਂ ਦੀਆਂ ਰੂਹਾਂ ਵਿਚ ਰਚੀ ਹੋਈ ਖੁਸ਼ਬੋ ਦੀਆਂ ਵੰਡੀਆਂ ਕੋਈ ਹੋਣੀ ਨਹੀਂ ਪਾ ਸਕੀ। ਕਿਉਂਕਿ ਇਕ ਕੌਮ ਵਿਚ ਪੰਜਾਂ ਗੁਣਾਂ ਦੀ ਸਾਂਝ ਦਾ ਸਿਧਾਂਤ ਪ੍ਰਮਾਣਤ ਹੈ ਜਿਵੇਂ ਇਲਾਕਾ, ਬੋਲੀ, ਆਰਥਕਤਾ, ਇਤਿਹਾਸ ਅਤੇ ਸਭਿਆਚਾਰ ਦੀ ਸਾਂਝ ਦਾ ਹੋਣਾ ਜ਼ਰੂਰੀ ਹੈ। ਇਸੇ ਕਰਕੇ ਪੰਜਾਬੀ ਮਨ ਦੀ ਮੌਜ ਨਿਰਸੰਕੋਚ ਲੋਕ ਗੀਤਾਂ ਨੂੰ ਆਪਣੇ ਹਾਣੀ ਮੰਨ ਕੇ ਸਵਾਦ ਸਵਾਦ ਹੋ ਜਾਂਦੀ ਹੈ। ਭਾਵੇਂ ਵਿਔਹਲੇ ਜਨੂਨੀ ਨਾਗਾਂ ਨੇ ਪੰਜਾਂ ਪਾਣੀਆਂ ਵਿਚ ਜ਼ਹਿਰਾਂ ਘੋਲ ਦਿਤੀਆਂ ਤ੍ਰਿਞਣਾਂ ਦੇ ਹਾਸਿਆਂ ਤੇ ਡਾਕੇ ਪੈ ਗਏ ਅਤੇ ਗੀਤਾਂ ਨੂੰ ਕਤਲ ਕੀਤਾ ਗਿਆ। ਪਰ ਫਿਰ ਭੀ ਆਪਣੇ ਦਿਲ ਦੇ ਮਹਿਰਮ ਨੂੰ ਬੇਵਸ ਨੈਣਾਂ ਚੋਂ ਲੱਪ ਲੱਪ ਅਥਰੂ ਕੇਰਦਾ ਝਨਾਂ ਦੇ ਕੰਢਿਆਂ ਤੇ ਖਲੋ ਕੇ ਕੋਈ ਵਾਜਾਂ ਮਾਰੀ ਜਾਂਦਾ ਹੈ, "ਲੰਘ ਆਜਾ ਪੱਤਣ ਝਨਾਂ ਦਾ ਯਾਰ"। ਅੱਜ ਭੀ ਸਿਆਲਾਂ ਦੀ ਧੀ ਦੇ ਕੰਨਾਂ ਵਿਚ ਦੋਤਾਰੇ ਦੀਆਂ ਨਸ਼ੀਲੀਆਂ ਸੁਰਾਂ ਗੂੰਜ ਰਹੀਆਂ ਨੇ। ਆਖਦੀ ਹੈ, "ਦੋਤਾਰਾ ਵੱਜਦਾ ਵੇ ਰਾਂਝਣਾਂ, ਨੂਰ ਮਹੱਲ ਦੀ ਮੋਰੀ"।

ਕਾਲਖਾਂ ਦੇ ਵਣਜਾਰਿਓ : ਪੰਜਾਬੀਆਂ ਨੇ ਤਾਂ ਕਦੇ ਭੀ ਗੁਰੂਆਂ, ਪੀਰਾਂ ਅਤੇ ਭਗਤਾਂ ਦੀਆਂ ਵੰਡੀਆਂ ਨਹੀਂ ਪਾਈਆਂ ਜਿਵੇਂ

ਦੇਵੀ ਦੀ ਮੈਂ ਕਰਾਂ ਕੜਾਹੀ, ਪੀਰ ਫਕੀਰ ਧਿਆਵਾਂ।
ਹੈਦਰ ਸ਼ੇਖ ਦਾ ਦੇਵਾਂ ਬੱਕਰਾ, ਨੰਗੇ ਪੈਰੀਂ ਆਵਾਂ।
ਹਨੂਮਾਨ ਦੀ ਦੇਵਾਂ ਮੰਨੀ, ਰੱਤੀ ਫਰਕ ਨਾ ਪਾਵਾਂ।
ਨੀ ਮਾਤਾ ਭਗਵੱਤੀਏ, ਮੈਂ ਤੇਰਾ ਜੱਸ ਗਾਵਾਂ।

ਗਿਧਿਆਂ ਚੋਂ ਡੁਲ ਡੁਲ ਪੈਂਦੇ ਮਾਸੂਮ ਸੁਚੇ ਹਾਸਿਆਂ ਨੂੰ ਮੁਆਤੇ ਦਾਗਣ ਵਾਲਿਓ ! ਤੁਸੀਂ ਧਰਤੀ ਮਾਂ ਦੇ ਪਿੰਡੇ ਉਤੇ ਤਾਂ ਲਕੀਰਾਂ ਵਾਹ ਸਕਦੇ ਹੋ ਪਰ ਲੋਕ ਗੀਤਾਂ ਦੀਆਂ ਵੰਡੀਆਂ ਤੁਹਾਥੋਂ ਹਾਲੇ ਪਾਈਆਂ ਨਹੀਂ ਜਾਣੀਆਂ

ਫਾਤਾਂ ਨਿਕਲੀ ਲੀੜੇ ਪਾ ਕੇ, ਹਾਕ ਹੁਕਮੀਂ ਨੇ ਮਾਰੀ।
ਨਿੰਮ ਦੇ ਕੋਲ ਬਸੰਤੀ ਔਂਦੀ, ਬੋਤੀ ਵਾਂਗ ਸ਼ਿਗਾਰੀ।
ਹੀਰ ਕੁੜੀ ਦਾ ਪਿੰਡਾ ਮੁਸ਼ਕੇ, ਨੂਰੀ ਸ਼ੁਕੀਨਣ ਭਾਰੀ।
ਕਿਸ਼ਨੋ ਬਿਸ਼ਨੋ ਅੱਗ ਦੀਆਂ ਲਾਟਾਂ, ਲਾਜਵੰਤੀ ਕਰਤਾਰੀ।
ਬੰਤੋ ਚੰਨ ਵਰਗੀ, ਉਹਦੀ ਗਿੱਧੇ ਦੀ ਸਰਦਾਰੀ।

ਲੋਕ ਗੀਤਾ ਦੇ ਮੁਹਾਂਦਰੇ ਹੀ ਕੌਮ ਦੇ ਨਰੋਏ ਅਤੇ ਸੁਨੱਖੇ ਨੈਣਾਂ ਨਕਸ਼ਾਂ ਦੀ ਗਵਾਹੀ ਭਰਦੇ ਹਨ। ਗੁੰਦਵੇਂ ਸਰੀਰ ਵਾਲੇ ਬੱਚੇ ਦੇ ਨਖਰਿਆਂ ਵਿਚੋਂ ਉਸਦੀ ਮਾਂ ਦੀ ਨੁਹਾਰ ਨਿਖਰ ਆਉਂਦੀ ਹੈ। ਲੋਕ ਗੀਤ ਹੀ ਤਾਂ ਕੌਮ ਦੀ ਅਸਲੀ ਦਰਪਣ ਹੁੰਦੇ ਹਨ। ਸਿਹਤਮੰਦ ਲੋਕ ਗੀਤਾਂ ਦੀ ਵਾਰਸ ਕੌਮ ਹੀ ਸਮੇਂ ਦੀ ਸ਼ਾਹ ਸਵਾਰ ਮੰਨੀ ਜਾਂਦੀ ਹੈ। ਪਰ "ਬਾਹਰੋਂ ਧੋਤੀ ਤੂੰ ਬੜੀ ਅੰਦਰ ਵਿਸਨਘੋਰ" ਵਾਲੇ ਕਈ ਅਖੌਤੀ ਧਰਮ ਦੇ ਠੇਕੇਦਾਰ ਲੋਕ ਗੀਤਾਂ ਦੇ ਮੱਥੇ ਉਤੇ ਅਸੱਭਿਅਤਾ ਦੀ ਮੋਹਰ ਨਿਰਸੰਕੋਚ ਜੜ ਦੇਣ ਤੋਂ ਭੀ ਗੁਰੇਜ਼ ਨਹੀਂ ਕਰਦੇ। ਪਰ ਜੇ ਇਸ ਬੁਦ ਚੁਕੇ ਸਮਾਜ ਦੀ ਸੜ੍ਹਾਂਦ ਤੋਂ ਦੁਖੀ ਹੋ ਕੇ ਜਵਾਨੀ ਬਗਾਵਤ ਕਰ ਜਾਵੇ ਤਾਂ ਉਸ ਦੀਆਂ ਕਈ ਪੁਸ਼ਤਾਂ ਸਰਾਪੀਆਂ ਜਾਂਦੀਆਂ ਹਨ। ਅਣਗਿਣਤ ਮੁਟਿਆਰਾਂ ਮਾਪਿਆਂ ਦੀ ਲੱਜ ਪਾਲਦੀਆਂ ਆਪਣੀਆਂ ਰੀਝਾਂ ਅਤੇ ਚਾਵਾਂ ਦਾ ਕਤਲ ਕਰ ਲੈਂਦੀਆਂ ਹਨ ਅਤੇ ਵਿਛੋੜੇ ਦੀ ਚਿਖਾ ਦੇ ਦਗਦੇ ਕੋਇਲਿਆਂ ਉਤੇ ਫੁਲਾਂ ਤੋਂ ਕੂਲੀ ਜੁਆਨੀ ਕੋਲਸ ਲੈਣ ਦਾ ਮਨ ਬਣਾ ਲੈਂਦੀਆਂ ਹਨ। ਨਿਰਦਈ ਸਮਾਜ ਦੀਆਂ ਜ਼ਹਿਰੀ ਤਿਖੀਆਂ ਨਸ਼ਤਰਾਂ ਨਾਲ ਪੱਛੀ ਪੀੜੋ ਪੀੜ ਹੋਈ ਆਤਮਾਂ ਨੂੰ ਪੰਜਾਬਣ ਕਰਮਨਾਂਡ ਦੇ ਫਲਸਫੇ ਸਮਝੌਣ ਦੀ ਵਿਅਰਥ ਕੋਸ਼ਿਸ਼ ਕਰਦੀ ਹੈ "ਹੁੰਦੀਆਂ ਨਾ ਮਨ ਕਥੀਆਂ ਲੱਗਦੇ ਨਾ ਭਾਗ ਪਰਾਏ" ਅਤੇ "ਚਿਟੇ ਚੋਲ ਜਿਨ੍ਹਾਂ ਨੇ ਪੁੰਨ ਕੀਤੇ ਰੱਬ ਨੇ ਬਣਾਈਆਂ ਜੋੜੀਆਂ।"

ਜੇ ਕੋਈ ਜੋਬਨ ਮੱਤੀ ਅਭਾਗਣ ਲੋਕ ਗੀਤਾਂ ਦੇ ਛਿਟੇ ਮਾਰ ਕੇ ਆਪਣੇ ਦਿਲ ਦੀ ਤੱਪਸ਼ ਬੁਝਾਉਣ ਦੀ ਹਿੰਮਤ ਕਰਦੀ ਹੈ ਤਾਂ ਇਹਨਾਂ ਨੂੰ ਅਥਰੇ, ਵਿਗੜੇ ਹੋਏ ਤਾਂ ਜ਼ਰੂਰ ਹੀ ਆਖ ਦਿਤਾ ਜਾਂਦਾ ਹੈ। ਆਪਣੇ ਮਾਪਿਆਂ ਦੀ ਲੱਜ ਪਾਲਦੀ ਧੀ ਸਾਰੀ ਉਮਰ ਸਮਾਜੀ ਕੂਨਿਆਂ ਦੇ ਦੋਜ਼ਖਾਂ ਦੀ ਅੱਗ ਵਿਚ ਝੁਲਸੀ ਜਾ ਸਕਦੀ ਹੈ। ਇਸ ਨੂੰ ਮੰਡੀ ਦਾ ਮਾਲ ਸਮਝਕੇ ਆਪਣੇ ਬਾਬੇ ਵਰਗੇ ਨੂੰ ਪਤੀ ਪ੍ਰਮੇਸ਼ਵਰ ਕਬੂਲਣ ਲਈ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਲਾਵਾਂ ਪੜ੍ਹੀਆਂ ਜਾ ਸਕਦੀਆਂ ਹਨ। ਅਤੇ ਪਤੀ ਪ੍ਰਮੇਸ਼ਵਰ ਦੀ ਰਜ਼ਾ ਵਿਚ ਹੀ ਰਹਿਣ ਦਾ ਉਪਦੇਸ਼ ਦਿਤਾ ਜਾਂਦਾ ਹੈ। ਵਿਚਾਰੀ ਵਾਸਤੇ ਆਪਣੀ ਕਲਪਣਾ ਦ ਹਾਣੀਂ ਦਾ ਸੁਪਨਾ ਲੈਣਾ ਭੀ ਪਾਪ ਹੈ। ਲੋਕ ਗੀਤਾਂ ਦਾ ਆਸਰਾ ਲੈ ਕੇ ਇਹ ਦੁਖਿਆਰੀ ਆਪਣੀਆਂ ਕੰਡਿਆਲੀਆਂ ਵਾਟਾਂ ਨਾਲ ਸਮਝੋਤਾ ਕਰ ਲੈਣ ਦਾ ਹੌਂਸਲਾ ਕਰ ਹੀ ਲੈਂਦੀ ਹੈ ਅਤੇ ਸਬਰ ਦੇ ਮਾਰੂ ਪੁੜਾਂ ਵਿਚਕਾਰ ਦਲੀ ਜਾਣ ਵਾਸਤੇ ਆਪਣੇ ਆਪੇ ਨੂੰ ਪਸਾਰ ਦੀ ਦੇ ਮੂਹੋਂ ਨਿਕਲ ਹੀ ਜਾਂਦਾ ਹੈ "ਵਰ ਹਾਣ ਦਾ ਜਿਨ੍ਹੇ ਨਾ ਟੋਲਿਆ, ਸਬਰ ਵਿਚੋਲੇ ਤੇ" "ਮੇਰੇ ਰੂਪ ਦੀ ਪਰਖ ਨਾ ਕੀਤੀ ਉਖਲੀ ਭਰਾ ਲਈ ਬਾਬਲਾ" "ਵਰ ਲੱਭਿਆ ਬੀਹੀ ਦਾ ਕੂੜਾ, ਪਿੰਡ ਦੀ ਮੈਂ ਨਗ ਚੋਣ ਸੀ" "ਅੱਗ ਲਾ ਕੇ ਫੂਕਦਿਆਂ ਗਹਿਣੇ, ਬਾਪੂ ਮੁੰਡਾ ਤੇਰੇ ਹਾਣ ਦਾ।" ਜੁਆਨੀ ਦਾ ਸੇਕ ਗੁੰਦਵੇਂ ਸਰੀਰ ਨੂੰ ਖੋਰੀ ਕਰ ਸੁੱਟਦਾ ਹੈ। ਕੱਖਾਂ ਤੋਂ ਹੌਲੀ ਕੀਤੀ ਜਿੰਦ ਤੋਂ ਅੱਗ ਦੀਆਂ ਲਾਟਾਂ ਕਿਵੇਂ ਸਾਂਭੀਆਂ ਜਾ ਸਕਦੀਆਂ ਨੇ। ਬਲਦੇ ਸਿਵੇ ਦੇ ਸੇਕ ਦਾ ਗਿਲਾ ਕਰਨ ਵਾਲਿਓ ਆਖਰ ਜੇ ਤੁਸੀਂ ਧਰਮੀ ਹੋ ਕੁਝ ਤਾਂ ਧਰਮ ਕਰੋ, ਮੈਂ ਸਮਝਦਾ ਹਾਂ ਕਿ ਤੁਹਾਡੇ ਵਾਸਤੇ ਧਰਮ ਸਿਰਫ ਮੋਮ ਦੇ ਨੱਕ ਤੋਂ ਵੱਧ ਕੁਝ ਭੀ ਨਹੀਂ। ਧਰਮ ਤਾਂ ਜ਼ਿੰਦਗੀ ਲਈ ਵਰ ਹੈ ਸਰਾਪ ਨਹੀਂ।

ਸਾਡੇ ਲੋਕ ਗੀਤਾ ਸਮਾਜ ਦੀ ਹਰ ਹੋਣੀ ਦਾ ਨਿਰਸੰਕੋਚ ਭਰੀ ਸਭਾ ਵਿਚ ਬਾਂਹ ਕੱਢਕੇ ਚੈਂਲੰਜ ਕਬੂਲ ਕਰਦੇ ਹਨ। ਅਤੇ ਤਲਖੀਆਂ ਦੀ ਜ਼ਹਿਰ ਪੀ ਕੇ ਭੀ ਨਸ਼ਿਓਣ ਦੀ ਨਰੋਈ ਜਾਚ ਖੂਬ ਜਾਣਦੇ ਹਨ। ਲੋਕ ਗੀਤਾਂ ਵਿਚ ਬਚਪਨੇ ਦੀਆਂ ਮੋਹ ਭਿੱਜੀਆਂ ਲੋਰੀਆਂ ਦੀ ਖੁਸ਼ਬੋ ਅਥਰੀ ਜਵਾਨੀ ਦਾ ਸੇਕ ਅਤੇ ਹੰਢਾਈ ਜਾ ਚੁਕੀ ਜ਼ਿੰਦਗੀ ਦੇ ਉਜਾੜਾਂ ਜੇਡੇ ਲੰਬੇ ਉਦਾਸ ਕਰਨੇ ਸਭ ਕੁਝ ਹੀ ਤਾਂ ਹੈ। ਇਹਨਾ ਬੁੱਕਲ ਵਿਚ ਪੰਜਾਬੀ ਜੀਵਨ ਦਾ ਹਰ ਪੱਖ ਸਮੋਇਆ ਹੋਇਆ ਹੈ। ਪੰਜਾਂ ਪਾਣੀਆਂ ਦੇ ਗੀਤਾਂ ਨੂੰ ਸਦੀਆਂ ਪੁਰਾਣੀਆਂ ਵਾਪਰੀਆਂ ਸਭ ਘਟਨਾਵਾਂ ਜ਼ਬਾਨੀ ਯਾਦਾ ਹਨ। ਇਹ ਕਿਤਾਬਾਂ ਦੀਆਂ ਜਿਲਦਾਂ ਵਿਚ ਤਾਂ ਸਾਂਭੇ ਹੀ ਨਹੀਂ ਜਾ ਸਕਦੇ ਸਗੋਂ 'ਦਿਲ ਦਰਿਆ ਸਮੁੰਦਰੋਂ ਡੂੰਘੇ ਇਹਨਾਂ ਦੇ ਅਸਲੀ ਟਿਕਾਣੇ' ਹਨ। ਇਹ ਲੋਕ ਗੀਤਾ ਸ਼ੈਤਾਨ ਸੋਚਾਂ ਨਾਲੋਂ ਮਨ ਦੀਆਂ ਮੌਜਾਂ ਨਾਲ ਵਧੇਰੇ ਪਰਚਦੇ ਹਨ। ਝਾਂਜਰਾਂ ਦੇ ਬੋਲ, ਵੰਗਾਂ ਦੇ ਛਣਕਾਟੇ, ਗਿਧਿਆਂ ਦੀ ਘੂਕਰ ਮੁਟਿਆਰਾਂ ਦੇ ਬੇਪਰਵਾਹ ਹਾਸਿਆਂ ਵਿਚੋਂ ਇਹ ਆਪਣੇ ਆਪ ਡੁਲ ਡੁਲ ਪੈਂਦੇ ਹਨ। ਇਹ ਸੂਰਮਿਆਂ ਦੀ ਕਹਾਣੀ ਕਰਨ ਦੀ ਭੀ ਨਰੋਈ ਜਾਚ ਮਾਣਦੇ ਹਨ। ਭਾਵੇਂ ਕਈ ਜੋਧਿਆਂ ਦੀ ਕਹਾਣੀਆਂ ਸਮੇਂ ਦੀ ਧੂੜ ਥੱਲੇ ਬੇਪਹਿਚਾਣ ਤਾਂ ਹੋ ਗਈਆਂ ਹਨ ਪਰ ਲੋਕ ਗੀਤਾਂ ਵਿਚ ਇਹਨਾਂ ਦੀ ਖੁਸ਼ਬੋ ਹਾਲੇ ਸੱਜਰੀ ਹੈ। ਇਸ ਵਿਚ ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ ਕਿ ਅਨਪੜ੍ਹ ਲੋਕਾਂ ਨੇ ਇਹਨਾਂ ਨੂੰ ਕਿਹੜੀ ਲਿਪੀ ਵਿਚ ਸਾਂਭਿਆ ਹੋਵੇਗਾ ? ਅਮੀਰ ਤੋਂ ਅਮੀਰ ਭਾਸ਼ਾਵਾਂ ਦੀਆਂ ਲਿਪੀਆਂ ਨਾਲੋਂ ਇਹਨਾਂ ਦੀ ਲਿਪੀ ਯਥਾਰਕਤਾ ਦੇ ਵਧੇਰੇ ਨੇੜੇ ਹੈ। ਜਿਵੇਂ ਕੋਈ ਮੁਟਿਆਰ ਆਪਣੇ ਹਾਣੀ ਕੋਲ ਮੰਜੇ ਤੇ ਬੈਠੀ ਆਪਣੀ ਰੂਹ ਦੀ ਪਿਆਸ ਦਾ ਵਾਸਤਾ ਪਾਉਂਦੀ ਹੈ। ਆਪਣੇ ਸਬਰ ਦੀ ਹੱਦ ਭਾਲਦੀ ਭਾਲਦੀ ਆਪੇ ਵਿਚ ਗਵਾਚ ਜਾਂਦੀ ਹੈ। ਆਪਣੇ ਪਿਆਰੇ ਦੇ ਰੋਮ ਰੋਮ ਵਿਚ ਰਚ ਜਾਣਾ ਲੋਚਦੀ ਹੈ। ਜਾਂ ਉਸ ਨੂੰ ਆਪਣੇ ਦਿਲ ਦੀ ਬੁੱਕਲ ਵਿਚ ਵਲੇਟ ਕੇ ਸਵਾਦ ਸਵਾਦ ਹੋ ਜਾਣਾ ਚਾਹੁੰਦੀ ਹੈ ਆਖਦੀ ਹੈ "ਖਟਣ ਗਿਆ ਸੀ ਕੀ ਖਟ ਲਿਆਂਦਾ, ਖਟ ਕੇ ਲਿਆਂਦੇ ਪਾਵੇ ਯਾਰਾ ਤੇਰਾ ਘੁੱਟ ਭਰ ਲਾਂ ਤੈਨੂੰ ਵੇਖਿਆਂ ਸਬਰ ਨਾ ਆਵੇ।" ਇਸ ਗੀਤ ਵਿਚ ਪਾਵਿਆਂ ਦਾ ਭਾਵੇਂ ਕੋਈ ਅਰਥ ਨਹੀਂ ਪਰ ਜ਼ਿੰਦਗੀ ਵਿਚ ਹਰ ਰੋਜ਼ ਅੱਖਾਂ ਮੋਹਰੇ ਆਉਂਦੀਆਂ ਸਾਰੀਆਂ ਵਸਤੂਆਂ ਹੀ ਲੋਕ ਗੀਤਾਂ ਦੀ ਲਿਪੀ ਹਨ। ਮੰਜੇ ਦੇ ਪਾਵੇ ਜਦੋਂ ਭੀ ਇਸਦੀ ਨਜ਼ਰੀ ਪੈਂਦੇ ਹਨ ਤਾਂ ਇਸ ਨੂੰ ਆਪਣੇ ਸਾਹਾਂ ਵਿਚੋਂ ਯਾਰ ਦੀ ਖੁਸ਼ਬੋ ਆਉਣ ਲਗ ਪੈਂਦੀ ਹੈ। ਫਿਰ ਆਪਣੇ ਆਪ ਮੁਟਿਆਰ ਦੇ ਬੁਲ੍ਹਾਂ ਤੇ ਗੀਤੀ ਨੱਚ ਪੈਂਦੇ ਹਨ। ਉਸਦੀ ਰੂਹ ਸੁੱਚੀਆਂ ਕਿਰਨਾਂ ਨਾਲ ਧੋਤੀ ਜਾਂਦੀ ਹੈ ਅਤੇ ਚੌਗਿਰਦੇ ਦੀਆਂ ਪੌਣਾਂ ਵਿਚ ਫੁੱਲ ਵਰਗੀ ਮਹਿਕ ਘੁਲ ਜਾਂਦੀ ਹੈ। ਜਿਸ ਨਾਲ ਕੰਮਾਂ ਦੇ ਰੁਝੇਵਿਆਂ ਤੋਂ ਅੱਕੀ ਹੋਈ ਜ਼ਿੰਦ ਨਸ਼ਿਆ ਜਾਂਦੀ ਹੈ ਅਤੇ ਕੁੜੀ ਨਾਭੇ ਦੀ ਬੰਦ ਬੋਤਲ ਬਣ ਜਾਂਦੀ ਹੈ। ਆਪਣੇ ਯਾਰ ਦੀ ਪਿਆਸ ਬਝਾਉਣ ਪਾਣੀ ਦੇ ਗਲਾਸ ਵਿਖ ਮਿਸ਼ਰੀ ਦੀ ਡਲੀ ਬਣ ਕੇ ਘੁਲ ਜਾਣੀ ਲੋਚਦੀ ਹੈ।

ਲੋਕ ਗੀਤ ਮਿਥ ਕੇ ਨਹੀਂ ਰਚੇ ਜਾਂਦੇ। ਸਗੋਂ ਇਹ ਤਾਂ ਆਪਣੇ ਆਪ ਪਿਆਰ ਭਿਜੇ ਜ਼ਰਖੇਜ਼ ਦਿਲਾਂ ਦੀ ਧਰਤੀ ਚੋਂ ਫੁੱਲਾਂ ਵਾਂਗ ਉੱਗ ਪੈਂਦੇ ਹਨ। ਜੋ ਹੰਝੂਆਂ ਦੇ ਪਾਣੀਆਂ ਨਾਲ ਪਾਲੇ ਜਾਂਦੇ ਹਨ। ਇਹ ਕਾਦਰ ਦੀ ਜਾਈ ਸੁਚੀ ਮੁਟਿਆਰ ਕੁਦਰਤ ਦੇ ਹਾਣੀ ਬਣ ਜਾਂਦੇ ਨੇ। ਜਿਵੇਂ "ਖਟਣ ਗਿਆ ਸੀ ਕੀ ਖਟ ਲਿਆਂਦਾ, ਖਟ ਕੇ ਲਿਆਂਦੇ ਡੋਡੋ ਤੀਲੀ ਵਾਲੀ ਖਾਲ ਟੱਪ ਗਈ ਲੌਂਗ ਵਾਲੀ ਨੇ ਭਨਾਂ ਲਏ ਗੋਡੇ" ਤੀਲੀ ਨਾਲੋਂ ਕੁਝ ਹੀ ਮਾਸ਼ੇ ਭਾਰੇ ਲੌਂਗ ਵਾਲੀ ਤੋਂ ਖਾਲ ਟੱਪਿਆ ਨਹੀਂ ਜਾਂਦਾ। ਇਸ ਤੋਂ ਵੱਧ ਸਰੀਰ ਦੀ ਕੋਮਲਤਾ ਦਾ ਨਕਸ਼ਾ ਹੋਰ ਕੀ ਖਿਚਿਆ ਜਾ ਸਕਦਾ ਹੈ। ਭਾਵੇਂ ਇਕ ਉਰਦੂ ਦੇ ਸ਼ਾਇਰ ਨੇ ਇਹ ਗੱਲ ਆਖਕੇ ਮੀਲ ਪੱਥਰ ਗੱਡ ਦਿਤਾ ਮਿ ਮੇਰੀ ਲਾਸ਼ ਉਤੇ ਖੱਫਣ ਦੀ ਛਾਂ ਹੀ ਕਰ ਦੇਣੀ ਕਿਉਂਕਿ ਕੱਫਨ ਦਾ ਭਾਰ ਮੇਥੋਂ ਝੱਲਿਆ ਨਹੀਂ ਜਾਣਾਂ, ਪਰ ਕੱਫਨ ਦੀ ਛਾਂ ਨਾਲੋਂ ਤੀਲੀ ਅਤੇ ਲੌਂਗ ਦੇ ਕੁਝ ਮਾਸ਼ੇ ਦਾ ਫਰਕ ਯਥਾਰਥਕਤਾ ਦੇ ਵਧੇਰੇ ਨੇੜੇ ਹੈ।

ਮਿਹਨਤੀ ਤੇ ਸਿਰੜੀ ਪੰਜਾਬੀ ਗੱਭਰੂ ਅਣਖ ਦੇ ਪੁਜਾਰੀ ਰਣ-ਭੂਮੀਂ ਵਿਚ ਮੌਤ ਦੀ ਹਿਕ ਤੇ ਚੜ੍ਹ ਕੇ ਨੱਚਣ ਵਾਲੇ ਦੇਸ਼ ਭਗਤ ਭੀ ਹਨ। ਪੰਜਾਬੀਆਂ ਦਾ ਭਿਆਨਕ ਹੋਣੀਆਂ ਨਾਲ ਟੱਕਰਾਂ ਦੇ ਇਤਿਹਾਸ ਨੂੰ ਦੁਨੀਆਂ ਜਾਣਦੀ ਹੈ। ਪਰ ਇਹ ਜੂਠ ਹਾੜ ਦੀਆਂ ਤਪਦੀਆਂ ਦੁਪਹਿਰਾਂ ਅਤੇ ਪੋਹ ਮਾਘ ਦੇ ਠਰੇ ਹੋਏ ਕੋਰੇ ਨੂੰ ਆਪਣੇ ਪਿੰਡਿਆਂ ਤੇ ਹੰਢਾਉਂਦੇ ਕਿਰਤ ਰਾਣੀ ਨਾਲ ਪੂਰੀ ਵਫਾ ਭੀ ਨਿਭਾਉਂਦੇ ਹਨ। ਇਹ ਮਿਰਜ਼ੇ ਅਤੇ ਰਾਂਝੇ ਦੇ ਨਿਕੇ ਵੀਰ ਆਪਣੇ ਨਰੋਏ ਜੁਸਿਆਂ ਵਿਚ ਕੋਮਲਤਾ ਦਾ ਅਥਾਹ ਖਜ਼ਾਨਾ ਭੀ ਸਾਂਭ ਸਾਂਭ ਰਖਦੇ ਹਨ। ਜਿਵੇਂ ਕੋਈ ਪੰਜਾਬੀ ਗਭਰੇਟਾ ਆਪਣੀ ਹਾਨਣ ਦੀ ਚੜ੍ਹਦੀ ਜਵਾਨੀ ਨੂੰ ਵੇਖਕੇ ਇਹ ਗੱਲ ਆਖਣੋਂ ਨਹੀਂ ਟਲਦਾ "ਪਾਈਆਂ, ਪਾਈਆਂ, ਪਾਈਆਂ, ਕੱਚਾ ਦੁੱਧ ਪੀਣ ਵਾਲੀਏ ਤੇਰੀ ਹਿੱਕ ਤੇ ਮਲਾਈਆਂ ਆਈਆਂ।"

ਜਿਥੇ ਲੋਕ ਗੀਤ ਰੁਮਾਂਸ ਦੀਆਂ ਸਿਖਰਾਂ ਤੋਂ ਭੀ ਉਚੀਆਂ ਉਡਾਰੀਆਂ ਲਾਉਂਦੇ ਹਨ ਉਥੇ ਇਹਨਾਂ ਨੂੰ ਸਮਾਜੀ ਕੂਨਿਆਂ ਨਾਲ ਭੀ ਗਿਲਾ ਹੈ। "ਮੁੰਡਾ ਰੋਹੀ ਦੀ ਕਿਕਰ ਦਾ ਜਾਤੂ ਵਿਆਹ ਕੇ ਲੈ ਗਿਆ ਤੂਤ ਦੀ ਛਿਟੀ" ਰੋਹੀ ਵਿਚ ਬੰਜਰ ਧਰਤੀ ਦੀ ਕਿਕਰ ਕਾਲੀ ਸ਼ਾਹ ਅਤੇ ਸਖਤ ਹੁੰਦੀ ਹੈ ਇਸ ਦੀ ਖੁਰਦਰੀ ਛਿੱਲ ਵਿਚ ਲਚਕ ਉਕੀ ਹੀ ਨਹੀਂ ਹੁੰਦੀ ਸਗੋਂ ਇਸ ਉਤੇ ਤਾਂ ਮਲੂਕੜੇ ਸੋਹਲ ਪੰਛੀ ਆਲ੍ਹਣੇ ਪਾਉਣ ਤੋਂ ਭੀ ਸੰਕੋਚ ਕਰਦੇ ਹਨ। ਹਾਂ ਮਾਸ ਖੋਰੇ ਉਜਾੜਾਂ ਅਤੇ ਨ੍ਹੇਰਿਆਂ ਦੇ ਆਸ਼ਕ ਉਲੂ ਜਾਂ ਇੱਲਾਂ ਅਤੇ ਗਿਧਾਂ ਰਾਤ ਕੱਟਣ ਲਈ ਚਾਰ ਤੀਲੇ ਜ਼ਰੂਰ ਟਿਕਾ ਲੈਂਦੀਆਂ ਹਨ। ਪਰ ਇਸ ਕਿਕਰ ਦੇ ਜਾਤੂ ਵਰਗਾ, ਲੁਛ ਲੁਛ ਕਰਦੀ ਗੋਰੀ ਤੂਤ ਦੀ ਛਿਟੀ ਵਰਗੀ ਕੁੜੀ ਵਿਆਹ ਕੇ ਲੈ ਜਾਂਦਾ ਹੈ ਤਾਂ ਲੋਕ ਗੀਤ ਬੋਲ ਪੈਂਦੇ ਨੇ "ਜੋੜੀਆਂ ਜੱਗ ਥੋੜੀਆਂ ਨਰੜ ਬਥੇਰੇ" ਕਈ ਵਾਰੀ ਆਰਥਕਤਾ ਦੇ ਮਿਧੇ ਹੋਏ ਮਾਪੇ ਆਪਣੀਆਂ ਧੀਆਂ ਧਿਆਣੀਆਂ ਨੂੰ ਊਠ ਦੇ ਗਲ ਟੱਲੀ ਵਾਂਗ ਬੰਨ੍ਹ ਕੇ ਲਟਕਾ ਦੇਂਦੇ ਨੇ ਮਾਸੂਮ ਕੰਜਕਾਂ ਸੂਲੀ ਉਤੇ ਟੰਗੀਆਂ ਯੁੱਗਾਂ ਜੇਡੀ ਉਦਾਸ ਜ਼ਿੰਦਗੀ ਨੂੰ ਮੌਤ ਨਾਲ ਵਟਾ ਕੇ ਧਰਮੀ ਬਾਬਲ ਦੀ ਪੱਗ ਦੀ ਲਾਜ ਰੱਖ ਹੀ ਜਾਂਦੀਆਂ ਹਨ। ਪੰਜਾਬਣ ਮੁਟਿਆਰ ਲੋਕ ਗੀਤਾਂ ਦਾ ਆਸਰਾ ਲੈ ਕੇ ਗਿਲਾ ਕਰਦੀ ਹੈ "ਪਾਣੀ ਪਾਣੀ ਪਾਣੀ, ਬਾਬਲ ਨੇ ਵਰ ਟੋਲਿਆ ਬੁੱਢਾ ਥੇਹ ਦੇ ਪਿੱਪਲ ਦਾ ਹਾਣੀ" ਮੁਟਿਆਰ ਅਨਜੋੜ ਦੀਆਂ ਕੂਲੀਆਂ ਸੇਜਾਂ ਉਤੇ ਭੀ ਤਿਖੀਆਂ ਸੂਲਾਂ ਦੀ ਪੀੜ ਨਾਲ ਬਹਿਬਲ ਹੋ ਉਠਦੀ ਹੈ। ਇਹ ਦੁਨਿਆਵੀ ਸੁਖਾਂ ਨਾਲੋਂ ਆਪਣੇ ਮੇਚ ਦਾ ਹਾਣ ਹੰਢਾਉਣ ਵਿਚ ਵਧੇਰੇ ਆਤਮਕ ਸ਼ਾਤੀ ਲੋਚਦੀ ਹੈ। ਇਹ ਵਿਛੋੜੇ ਦੀਆਂ ਸੂਲਾਂ ਦੀ ਪੀੜ ਨਾਲੋਂ ਮੌਤ ਕਬੂਲਣੀ ਵਧੇਰੇ ਪਸੰਦ ਕਰਦੀ ਹੈ। "ਜ਼ਿੰਦ ਯਾਰ ਦੀ ਛੇਜ ਤੇ ਨਿਕਲੇ ਸੁਰਗਾਂ ਨੂੰ ਜਾਣ ਹੱਡੀਆਂ।"

(ਚਲਦਾ)


**ਕਰਨੈਲ ਸਿੰਘ 'ਪਾਰਸ' ਉਸਤਾਦ**
**ਰਾਮੂਵਾਲੀਆ ਭਜੰਗੀ ਪਾਰਟੀ**



ਫੋਨ 524-2778 — 524-8861

**Good News**
If you are thinking of

**Selling Your Home**
**We Charge Only**
**5% Commission**
**For**
**Multiple Listing Service**
Please Call me Anytime



**Gurminder Deol**
**277-2200**

**Deol Realty Ltd.**

# ਪਾਕਿ ਵਲੋਂ ਅਫ਼ਗਾਨੀ ਹਿੰਦੂ ਸਿੱਖਾਂ ਵਿਚਾਲੇ ਤਰੇੜ ਪਾਉਣ ਦੀ ਖਤਰਨਾਕ ਸਾਜ਼ਿਸ਼

ਨਵੀਂ ਦਿੱਲੀ—ਪਾਕਿਸਤਾਨ ਸਰਕਾਰ ਤੀਰਥ ਅਸਥਾਨਾਂ ਦੀ ਯਾਤਰਾ ਲਈ ਪਾਕਿਸਤਾਨ ਆਉਣ ਦੇ ਚਾਹਵਾਨ ਅਫਗਾਨਿਸਤਾਨ 'ਚ ਰਹਿੰਦੇ ਸਾਰੇ ਹਿੰਦੂਆਂ ਨੂੰ ਦਾਖਲੇ ਲਈ ਵੀਜੇ ਦੇਣ ਤੋਂ ਇਨਕਾਰ ਕਰਨ ਬਹੁਤ ਹੀ ਅਸੁਭਾਵਿਕ ਕਦਮ ਚੁਕ ਰਹੀ ਹੈ। ਭਾਰਤ ਆ ਰਹੇ ਸਿਖ 'ਯਾਤਰੀਆਂ' ਅਨੁਸਾਰ ਉਨ੍ਹਾਂ ਸਾਰੇ ਅਫਗਾਨੀ ਹਿੰਦੂਆਂ ਨੂੰ ਵੀਜ਼ੇ ਦੇਣ ਤੋਂ ਇਨਕਾਰ ਕਰ ਦਿਤਾ ਗਿਆ ਜਿਹਨਾਂ ਨੇ ਕਾਬਲ ਵਿਚ ਪਾਕਿਸਤਾਨੀ ਦੂਤਾਵਾਸ ਅਤੇ ਜਲਾਲਾਬਾਦ ਤੇ ਕੰਧਾਰ ਵਿਚ ਪਾਕਿਸਤਾਨੀ ਕੌਨਸੂਲੇਟ ਕੋਲ ਵੀਜ਼ਿਆਂ ਲਈ ਦਰਖਾਸਤਾਂ ਦਿਤੀਆਂ ਸਨ। ਅਫਗਾਨ ਹਿੰਦੂਆਂ ਨੇ ਪਾਕਿਸਤਾਨੀ ਅਧਿਕਾਰੀਆਂ ਨੂੰ ਦਲੀਲ ਦਿਤੀ ਕਿ ਜਦੋਂ ਕਿ ਅੱਗੇ ਹਰ ਸਾਲ ਉਹ ਪੰਜਾ ਸਾਹਿਬ, ਡੇਰਾ ਸਾਹਿਬ ਤੇ ਨਨਕਾਣਾ ਸਾਹਿਬ ਦੀ ਤੀਰਥ ਯਾਤਰਾ ਲਈ ਪਾਕਿਸਤਾਨ ਜਾਂਦੇ ਸਨ ਤਾਂ ਫਿਰ ਇਸ ਸਾਲ ਉਹਨਾਂ ਨੂੰ ਵੀਜ਼ਿਆਂ ਤੋਂ ਕਿਉਂ ਇਨਕਾਰ ਕੀਤਾ ਜਾ ਰਿਹਾ ਹੈ ?

ਪਾਕਿਸਤਾਨੀ ਦੂਤਾਵਾਸ ਤੇ ਕੌਨਸੂਲੇਟਸ ਨੇ ਇਸ ਤੱਥ ਦੇ ਬਾਵਜੂਦ ਅਫਗਾਨ ਹਿੰਦੂਆਂ ਨੂੰ ਵੀਜ਼ਾ ਨਹੀਂ ਦਿਤਾ ਕਿ ਅਫਗਾਨਿਸਤਾਨ ਵਿਚ ਭਾਰਤੀ ਦੂਤਾਵਾਸ ਤੇ ਕੌਨਸੂਲੇਟਸ ਨੇ ਉਹਨਾਂ ਨੂੰ ਪਹਿਲਾਂ ਹੀ ਭਾਰਤੀ ਤੀਰਥਾਂ ਦੀ ਯਾਤਰਾ ਲਈ ਵੀਜ਼ੇ ਦੇ ਰੱਖੇ ਹਨ। ਆਮ ਕਰਕੇ ਅਫਗਾਨਿਸਤਾਨ ਦੇ ਸਿਖ ਅਤੇ ਹਿੰਦੂ ਹਰ ਸਾਲ ਉਹ ਲਾਹੌਰ ਵਿਚ ਡੇਰਾ ਸਾਹਿਬ ਦੇ ਦਰਸ਼ਨਾਂ ਤੋਂ ਬਾਅਦ ਅੰਮ੍ਰਿਤਸਰ ਹਰਿਮੰਦਰ ਸਾਹਿਬ ਆਉਂਦੇ ਹਨ। ਯਾਤਰੀਆਂ ਅਨੁਸਾਰ ਪਾਕਿਸਤਾਨ ਵਲੋਂ ਇਹ ਅਫਗਾਨਿਸਤਾਨ 'ਚ ਰਹਿੰਦੇ ਵੱਡੀ ਗਿਣਤੀ 'ਚ ਅਮਨ ਤੇ ਸਦਭਾਵਨਾ ਦੇ ਮਾਹੌਲ 'ਚ ਰਹਿੰਦੇ ਸਿੱਖਾਂ ਤੇ ਹਿੰਦੂਆਂ ਵਿਚ 'ਤਰੇੜ' ਪਾਉਣ ਦਾ ਗਿਣਿਆ ਮਿਥਿਆ ਯਤਨ ਹੈ ਇਹ ਅਫਗਾਨ ਸਿਖ ਤੇ ਹਿੰਦੂ ਹਰ ਸਾਲ ਇਕੱਠੇ ਹੀ ਗਰੁਪ ਬਣਾ ਕੇ ਤੀਰਥ ਯਾਤਰਾ ਕਰਦੇ ਹਨ। ਯਾਤਰੀਆਂ ਨੇ ਕਿਹਾ ਕਿ ਇਸ ਸਾਲ ਉਹ ਇਹ ਸੁਣ ਕੇ ਹੈਰਾਨ ਰਹਿ ਗਏ ਹਨ ਕਿ ਅਫਗਾਨ ਹਿੰਦੂਆਂ ਨੂੰ ਵੀਜ਼ੇ ਨਹੀਂ ਦਿਤੇ ਜਾ ਰਹੇ ਪਾਕਿ ਪ੍ਰਧਾਨ ਜਨਰਲ ਜ਼ਿਆ ਨੇ ਵੀ 14 ਅਪਰੈਲ ਨੂੰ ਸਿੱਖਾਂ ਦੇ ਇਕ ਜਥੇ ਨੂੰ ਸੰਬੋਧਨ ਕਰਦਿਆਂ ਇਸਲਾਮਾਬਾਦ ਵਿਚ ਇਕ ਵਾਰ ਵੀ ਹਿੰਦੂਆਂ ਦਾ ਨਾਂਅ ਆਪਣੇ ਭਾਸ਼ਣ ਵਿਚ ਨਹੀਂ ਲਿਆ ਸੀ। ਇਥੋਂ ਦੇ ਦਰਸ਼ਕਾਂ ਦਾ ਵਿਚਾਰ ਹੈ ਕਿ ਪਾਕਿਸਤਾਨ ਦੋਹਰੇ ਮਿਆਰ ਵਰਤ ਰਿਹਾ ਹੈ। ਇਕ ਪਾਸੇ ਤਾਂ ਉਹ ਹਿੰਦ ਨਾਲ ਸਬੰਧ ਸੁਧਾਰਨ ਦੀਆਂ ਗੱਲਾਂ ਕਰਦਾ ਹੈ ਅਤੇ ਦੂਜੇ ਪਾਸੇ ਹਿੰਦੂਆਂ ਤੇ ਸਿੱਖਾਂ ਵਿਚਕਾਰ ਤਰੇੜ ਦੇ ਬੀ ਬੀਜ ਰਿਹਾ ਹੈ। ਪਾਕਿ ਵਲੋਂ ਅਫਗਾਨ ਹਿੰਦੂਆਂ ਨੂੰ ਵੀਜ਼ਾ ਨਾ ਦੇਣ ਦੀ ਕਾਰਵਾਈ ਨੂੰ ਹਿੰਦੂਆਂ ਅਤੇ ਸਿੱਖਾਂ ਵਿਚਾਲੇ ਤੁਅਫਰਕਾ ਪੈਦਾ ਕਰਨ ਦੀ ਖਤਰਨਾਕ ਸਾਜ਼ਿਸ਼ ਸਮਝਿਆ ਜਾ ਰਿਹਾ ਹੈ।

# ਪੈਨਸ਼ਨਾਂ ਬਾਰੇ ਫੈਸਲਾ ਲਾਗੂ ਕਰਨ 'ਚ ਦੇਰੀ ਦੀ ਸਾ: ਗੁਪਤਾ ਵਲੋਂ ਨਿਖੇਧੀ

ਨਵੀਂ ਦਿੱਲੀ—ਸਰਕਾਰ ਵਲੋਂ ਪੈਨਸ਼ਨਰਾਂ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਉਤੇ ਅਮਲ ਵਿਚ ਦੇਰੀ ਦੀ ਸਾਥੀ ਇੰਦਰਜੀਤ ਗੁਪਤਾ ਨੇ ਨਿਖੇਧੀ ਕੀਤੀ ਹੈ।

ਲੋਕ ਸਭਾ ਵਿਚ ਸੁਆਲਾਂ ਜੁਆਬਾਂ ਸਮੇਂ ਮਾਮਲਾ ਉਠਾਉਂਦਿਆਂ ਕਮਿਊਨਿਸਟ ਆਗੂ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਸੀ ਕਿ 1979 ਤੋਂ ਬਾਅਦ ਜਾਂ ਪਹਿਲਾਂ ਰਿਟਾਇਰ ਹੋਣ ਵਾਲਿਆਂ ਨੂੰ ਪੈਨਸ਼ਨ ਦੇਣ ਦੇ ਮਾਮਲੇ ਵਿਚ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ। ਸਰਕਾਰ ਨੇ ਇਸ ਫੈਸਲੇ ਉਤੇ ਮੁੜ ਵਿਚਾਰ ਲਈ ਅਰਜ਼ੀ ਗੁਜ਼ਾਰੀ ਸੀ ਜਿਹੜੀ ਕਿ ਸੁਪਰੀਮ ਕੋਰਟ ਨੇ ਰੱਦ ਕਰ ਦਿਤੀ। ਸਾਥੀ ਗੁਪਤਾ ਨੇ ਕਿਹਾ ਕਿ ਸਮਝ ਨਹੀਂ ਆਉਂਦੀ ਕਿ ਸਰਕਾਰ ਅਦਾਲਤ ਦੇ ਫੈਸਲੇ ਨੂੰ ਮੰਨਕੇ ਲਾਗੂ ਕਿਉਂ ਨਹੀਂ ਕਰ ਰਹੀ।

ਭਾਜਪਾ ਤੇ ਸ੍ਰੀ ਵਾਜਪਾਈ ਨੇ ਸਾਥੀ ਗੁਪਤਾ ਦੀ ਹਮਾਇਤ ਕਰਦਿਆਂ ਕਿਹਾ ਕਿ ਇਹ ਮਾਮਲਾ ਬਹੁਤ ਅਹਿਮ ਹੈ। ਇਹ 10 ਲੱਖ ਪੈਨਸ਼ਨਰਾਂ ਨੂੰ ਪ੍ਰਭਾਵਤ ਕਰਦਾ ਹੈ।

ਸਪੀਕਰ ਬਲਰਾਮ ਜਾਖੜ ਨੇ ਮੈਂਬਰਾਂ ਨੂੰ ਦਸਿਆ ਕਿ ਉਸਨੇ ਇਸ ਮਾਮਲੇ ਉਤੇ ਪਾਰਲੀਮੈਂਟ ਨੂੰ ਜੁਆਬ ਹਾਸਲ ਕਰਨ ਦੀ ਆਗਿਆ ਦੇ ਦਿਤੀ

# ਬਿਜਲੀ ਚੋਰਾਂ ਨੂੰ 19 ਲੱਖ ਜੁਰਮਾਨਾ

ਅੰਮ੍ਰਿਤਸਰ— ਪੰਜਾਬ ਰਾਜ ਬਿਜਲੀ ਬੋਰਡ ਨੇ ਰਾਜ ਦੇ ਵੱਖ ਵੱਖ ਥਾਵਾਂ ਉਤੇ ਛਾਪਾ ਮਾਰ ਕੇ ਬਿਜਲੀ ਚੋਰੀ ਦੇ ਕਈ ਮਾਮਲੇ ਫੜੇ ਹਨ ਅਤੇ ਉਹਨਾਂ ਤੋਂ 19 ਲੱਖ 21 ਹਜ਼ਾਰ ਰੁਪਏ ਜੁਰਮਾਨੇ ਦੇ ਰੂਪ ਵਿਚ ਵਸੂਲ ਕੀਤੇ ਗਏ ਤੇ ਕਈ ਖਪਤਕਾਰਾਂ ਦੇ ਕੁਨੈਕਸ਼ਨ ਕੱਟ ਦਿਤੇ ਗਏ।

ਬੋਰਡ ਦੇ ਪ੍ਰਮੁਖ ਅਧਿਕਾਰੀ ਨੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਛਾਪੇ ਜ਼ਿਲਾ ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਵਿਚ ਮਾਰੇ ਗਏ।

# ਬੱਚਾ ਗਣੇਸ਼ ਬਣ ਗਿਆ ?

ਜਿਸ ਕਥਿਤ ਗਣੇਸ਼ ਦਾ ਸਾਰੇ ਗੁਰਦਾਸਪੁਰ ਵਿਚ ਅੱਜ ਕੱਲ੍ਹ ਬਹੁਤ ਚਰਚਾ ਹੈ ਮੈਂ ਵੀ ਉਹਦੇ ਦਰਸ਼ਨ ਕਰਨ ਲਈ ਗਿਆ। ਬਹਿਰਾਮਪੁਰ ਪਿੰਡ ਦੇ ਕੋਠਿਆਂ 'ਚ ਪਹਿਲੇ ਮਕਾਨ ਅੱਗੇ ਲੋਕਾਂ ਦੀ ਮੱਸਿਆ ਦੇ ਮੇਲੇ ਵਾਂਗ ਭਾੜ ਲੱਗੀ ਹੋਈ ਸੀ।

ਸੜਕ ਦੇ ਦੋਹਾਂ ਪਾਸਿਆਂ ਤੋਂ ਲੋਕ ਰਿਕਸ਼ਿਆਂ ਟਾਂਗਿਆਂ ਵਿਚ ਗਣੇਸ਼ ਦੇ ਦਰਸ਼ਨ ਕਰਨ ਆ ਰਹੇ ਸਨ। ਇਹ ਮੇਲਾ ਲਗਾਤਾਰ ਚੱਲ ਰਿਹਾ ਹੈ ਹੁਣ ਤਾਂ ਟਾਂਗਿਆਂ ਦੀਆਂ ਘੋੜੀਆਂ ਵੀ ਇਸ ਤੋਂ ਜਾਣੂ ਹੋ ਗਈਆਂ ਹਨ ਉਥੇ ਜਾ ਕੇ ਆਪਣੇ ਆਪ ਹੀ ਰੁਕ ਜਾਂਦੀਆਂ ਹਨ —ਮੈਂ ਵੀ ਅੰਦਰ ਲੰਘ ਗਿਆ ਇਕ ਅਠਾਈ ਤੀਹ ਵਰ੍ਹਿਆਂ ਦੀ ਔਰਤ ਇਕ ਬੱਚੇ ਨੂੰ ਗੋਦੀ ਵਿਚ ਪਾਈ ਮੰਜੇ ਤੇ ਬੈਠੀ ਉਹਨੂੰ ਪੱਖੀ ਝੱਲ ਰਹੀ ਸੀ— ਬੱਚੇ ਦਾ ਉਪਰਲਾ ਬੁਲ੍ਹ ਨਹੀਂ ਸੀ ਇਕ ਅੱਖ ਵੀ ਨਜ਼ਰ ਨਹੀਂ ਸੀ ਆ ਰਹੀ। ਬੱਚੇ ਦੇ ਮੂੰਹ ਦਾ ਵਾਕ ਇਜ ਲਾਲ ਸੀ ਜਿਵੇਂ ਉਸ ਵਿਚੋਂ ਲਹੂ ਚੋ ਰਿਹਾ ਹੋਵੇ। ਨੱਕ ਦੇ ਹੇਠਾਂ ਥੋੜਾ ਜਿਹਾ ਮਾਸ ਲਟਕ ਰਿਹਾ ਸੀ। ਉਸਨੂੰ ਦੇਖਣ ਆਏ ਲੋਕ ਮੰਜੇ ਉਤੇ ਨੋਟ ਅਤੇ ਭਾਨ ਚੜ੍ਹਾ ਰਹੇ ਸਨ।

ਆਉਣ ਵਾਲੇ ਲੋਕ ਜਿਹਨਾਂ ਨੇ ਇਸ ਅਸਧਾਰਨ ਬੱਚੇ ਨੂੰ ਗਣੇਸ਼ ਬਣਾਇਆ ਹੈ ਉਹ ਨੱਕ ਥੱਲੇ ਦੇ ਲਮਕਦੇ ਮਾਸ ਨੂੰ ਸੁੰਡ ਦੱਸਦੇ ਹਨ, ਜਿਸ ਤਰ੍ਹਾਂ ਤਸਵੀਰਾਂ ਵਿਚ ਗਣੇਸ਼ ਦੇ ਨੱਕ ਦੀ ਥਾਂ ਸੁੰਡ ਦਿਖਾਈ ਹੁੰਦੀ ਹੈ।

ਇਸ ਅਖੌਤੀ ਗਣੇਸ਼ ਦੇ ਦਰਸ਼ਨ ਕਰਨ ਗਏ ਲੋਕਾਂ ਵਿਚ ਬਹੁਤੇ ਪੜ੍ਹੇ ਲਿਖੇ ਲੋਕ ਵੀ ਪੈਸੇ ਚੜ੍ਹਾਉਂਦੇ ਦੇਖੇ। ਇਸ ਬੱਚੇ ਦੀ ਸ਼ਕਲ ਇਸ ਤਰ੍ਹਾਂ ਕਿਉਂ ਹੈ—ਉਹਦੇ ਬੁਲ੍ਹ ਦਾ ਮਾਸ ਕਿਉਂ ਨਹੀਂ, ਨੱਕ ਥੱਲੇ ਮਾਸ ਕਿਉਂ ਲਮਕਦਾ ਹੈ, ਇਹਦੇ ਬਾਰੇ ਤਾਂ ਕੋਈ ਮਾਹਿਰ ਡਾਕਟਰ ਹੀ ਖੋਜ ਕਰਕੇ ਦੱਸ ਸਕਦਾ ਹੈ ਕਿ ਗਰਭ ਦੌਰਾਨ ਬੱਚੇ ਦੇ ਵਿਕਾਸ ਵਿਚ ਕੀ ਤਰੁਟੀ ਰਹੀ ਹੈ।

ਅੰਧ-ਵਿਸ਼ਵਾਸੀ ਦੇ ਸ਼ਿਕਾਰ ਹੋਏ ਲੋਕ ਅਲੌਕਿਕ ਘਟਨਾਵਾਂ ਦੇ ਕਾਰਣ ਲੱਭਣ ਦੀ ਥਾਂ ਰੂੜੀਵਾਦੀ ਧਾਰਨਾ ਦਾ ਸ਼ਿਕਾਰ ਹਨ। ਆਰਥਕ ਸੰਕਟ ਵਿਚ ਉਲਝੇ ਲੋਕ ਆਪਣੇ ਦੁੱਖਾਂ ਦਾ ਅੰਤ ਚਾਹੁੰਦੇ ਹਨ, ਪਰ ਉਹਨਾਂ ਨੂੰ ਵਿਗਿਆਨਕ ਹੱਲ ਦੀ ਸੋਝੀ ਨਹੀਂ। ਉਹੀ ਲੋਕ ਕਦੇ ਮੋਰ ਦੇ ਖੰਭਾਂ ਨਾਲ ਕਸ਼ਟ ਨਿਵਾਰਨ ਵਾਲੇ ਬਾਬੇ ਦੀ ਖੋਜ ਕਰਦੇ ਹਨ, ਕਦੇ ਰਾਖ ਨਾਲ ਕਸ਼ਟ ਕੱਟਣ ਵਾਲੇ ਬਾਬੇ ਦੀ। ਇਸੇ ਰੂੜੀਵਾਦੀ ਭਾਵਨਾ ਨੇ ਇਸ ਬੱਚੇ ਨੂੰ 'ਗਣੇਸ਼' ਬਣਾ ਦਿਤਾ ਹੈ।

ਇਸ ਬੱਚੇ ਨੂੰ ਦੇਖਣ ਗਏ ਲੋਕ ਇਹ ਸੋਚ ਕੇ ਪੈਸੇ ਚੜ੍ਹਾ ਰਹੇ ਹਨ ਕਿ ਗਣੇਸ਼ ਦੇਵਤਾ ਉਹਨਾਂ ਦੇ ਕਸ਼ਟ ਕੱਟ ਦੇਵੇਗਾ—ਉਹਨਾਂ ਦੇ ਕਸ਼ਟ ਕੱਟੇ ਜਾਣ ਦੀ ਤਾਂ ਕੋਈ ਗਰੰਟੀ ਨਹੀਂ ਦੇ ਸਕਦਾ ਪਰ ਹਾਲ ਦੀ ਘੜੀ ਕਰਮ ਚੰਦ ਜਿਸਦੇ ਘਰ ਇਸ ਬੱਚੇ ਨੇ ਜਨਮ ਲਿਆ ਹੈ ਉਸਦਾ ਜਣੇਪੇ ਉਤੇ ਪੈਦਾ ਹੋਇਆ ਆਰਥਕ ਸੰਕਟ ਲੋਕਾਂ ਦੇ ਚੜ੍ਹਾਵੇ ਨੇ ਥੋੜ੍ਹੇ ਸਮੇਂ ਲਈ ਜ਼ਰੂਰ ਟਾਲ ਦਿਤਾ ਹੈ।


# ਮਾਨ ਮਿਊਜ਼ਿਕ ਐਂਡ ਵੀਡੀਓ

**(King of Music)** **ਫ਼ੋਨ : 321-6677**

**6512 Main St. at 49th Ave.**

## ਪੰਜਾਬੀ ਮਾਰਕਿਟ ਵਿਚ ਹੈ

ਸ਼ਬਦ, ਕੀਰਤਨ, ਧਾਰਮਿਕ ਗੀਤ, ਫਿਲਮੀ ਗੀਤ, ਡਿਸਕੋ ਗੀਤ, ਹਿੰਦੀ ਗੀਤ, ਕਵਾਲੀਆਂ ਜਾਂ
ਆਪਣੇ ਮਨ ਪਸੰਦ ਦੇ ਗੀਤਾਂ ਦੀਆਂ ਟੇਪਾਂ ਖਰੀਦਣ ਲਈ ਮਾਨ ਮਿਊਜ਼ਿਕ ਦਾ ਨਾਂ ਹਮੇਸ਼ਾਂ ਯਾਦ ਰੱਖੋ

ਸਪੈਸ਼ਲ

ਸਿੰਘਾਂਪੁਰ ਦੀਆਂ ਬਣੀਆਂ Apple Brand ਟੇਪਾਂ ਹਿੰਦੀ ਦੀਆਂ ਸਿਰਫ 2.99 ਵਿਚ ਖਰੀਦੋ

ਨੋਟ — ਮਾਣਕ ਦੇ ਅਖਾੜੇ ਦੀ ਨਵੀਂ ਟੇਪ ਹੁੰਚ ਗਈ ਹੈ

Mail Order's Welcome

ਹੋਰ ਜਾਣਕਾਰੀ ਲਈ ਰੇਡੀਓ ਪ੍ਰੋਗਰਾਮ ਸੁਣੋ —

ਸੰਗੀਤ ਸੰਸਾਰ : 12.25 - 1.00
8.05 - 9.00 Every Sunday

ਸਭ ਰਸ ਪ੍ਰੋਗਰਾਮ ਹਰ ਸੋਮਵਾਰ 9.05 - 10 P.M.
ਫਰਮਾਇਸ਼ੀ ਗੀਤ ਸੁਣਨ ਲਈ ਜਾਂ ਐਡ ਦੇਣ ਲਈ - (604)321-6667




ਲੋਕ ਗੀਤਾਂ ਦੇ ਮਸ਼ਹੂਰ ਗਾਇਕ ਸਦੀਕ, ਸ਼ਰੀਫ, ਰਾਗੀਆਂ ਦੀਆਂ ਟੇਪਾਂ (15 ਟੇਪਾਂ) ਵੱਖ ਵੱਖ ਪੰਜਾਬੀਆਂ ਕਿੱਸਿਆਂ ਦੀਆਂ ਮਾਨ ਮਿਊਜ਼ਿਕ ਤੋਂ ਖਰੀਦੋ

## ਮਾਨ ਫ਼ੋਟੋ ਸਟੂਡੀਓ

ਮਾਨ ਮਿਊਜ਼ਿਕ ਦੀ ਦੁਕਾਨ ਦੇ ਵਿਚ ਹੈ

ਪਾਸਪੋਰਟ ਜਾਂ ਸਿਟੀਜ਼ਨ ਦੀਆਂ ਫੋਟੋ ਰੰਗਦਾਰ ਜਾਂ ਬਲੈਕ ਐਂਡ ਵਾਈਟ ਸਿਰਫ 5 ਮਿੰਟ ਵਿਚ ਖਿਚਵਾਓ।

ਵਿਆਹ ਦੀਆਂ ਫੋਟੋ ਜਾਂ ਵਿਆਹ ਦੀ ਵੀਡੀਓ ਮੂਵੀ ਬਣਾਉਣ ਦੇ ਅਸੀਂ ਮਾਹਰ ਹਾਂ

# ਹਥਿਆਰਾਂ ਦੀ ਆਰਥਕਤਾ— ਹਥਿਆਰ ਨਹੀਂ ਬਲਕਿ ਕੁਲੀ ਗੁੱਲੀ ਤੇ ਜੁੱਲੀ

ਗੁਰਨਾਮ ਸਿੰਘ ਸੰਘੇੜਾ

"ਹਿੰਸਾ ਤਉ ਮਨ ਤੇ ਨਹੀਂ ਛੂਟੀ ਜੀਅ ਦਇਆ ਨਹੀਂ ਪਾਲੀ।"

"ਸੀਮਤ ਸਾਧਨਾਂ ਵਾਲੀ ਦੁਨੀਆਂ ਵਿਚ ਹਥਿਆਰਾਂ ਉਪਰ ਖਰਚ ਅਤੇ ਆਰਥਕ ਤੇ ਸਮਾਜੀ ਵਿਕਾਸ ਅਤੇ ਉਨਤੀ ਵਿਚਾਕਰ ਬਹੁਤ ਡੂੰਘਾ ਤੇ ਨੇੜੇ ਦਾ ਸਬੰਧ ਹੈ। ਫੌਜੀ ਖਰਚ ਸਿਖਰਾਂ ਛੋਹ ਰਹੇ ਹਨ ਅਤੇ ਸਭ ਤੋਂ ਵੱਧ ਨੁਕਲੀਅਰ ਹਥਿਆਰਾਂ ਵਾਲੇ ਦੇਸ਼ ਤੇ ਉਨ੍ਹਾਂ ਦੇ ਮਿੱਤਰਾਂ ਉਪਰ ਖਰਚ ਹੁੰਦਾ ਹੈ ਸੈਂਕੜੇ ਅਰਬ ਡਾਲਰ ਹਰ ਸਾਲ ਹਥਿਆਰ ਬਣਾਉਣ ਤੇ ਹੋਰ ਮਾਰੂ ਹਥਿਆਰਾਂ ਉਪਰ ਖਰਚ ਹੁੰਦਾ ਹੈ ਜਦੋਂ ਕਿ ਬਿਲਕੁਲ ਇਸ ਦੇ ਉਲਟ ਦੁਨੀਆਂ ਦੀ ਆਬਾਦੀ ਦਾ ਦੋ ਤਿਹਾਈ (ਛਿਆਠ ਫੀ ਸਦੀ) ਗਰੀਬੀ ਅਤੇ ਥੁੜ ਦਾ ਸ਼ਿਕਾਰ ਹੈ।"

(ਨਸ਼ਤਰੀ-ਕਰਨ ਸੰਬੰਧੀ ਯੂ. ਐਨ. ਓ. ਦੇ 1978 ਦੇ ਸੈਸ਼ਨ ਵਿਚ - ਧਾਰਾ - 16)

ਅਜ ਨੁਕਲੀਅਰ ਮਾਰੂ ਹਥਿਆਰਾਂ ਦੀ ਦੌੜ ਅਤੇ ਇਸ ਉਪਰ ਅਥਾਹ ਖਰਚ ਨੂੰ ਅਮਰੀਕੀ ਸਾਮਰਾਜ ਵਿੰਗੇ ਸਿੱਧੇ ਢੰਗ ਨਾਲ ਜਾਇਜ਼ ਠਹਿਰਾਉਣ ਦਾ ਅਸਫਲ ਯਤਨ ਕਰ ਰਿਹਾ ਹੈ। ਕਦੇ ਤਾਂ "ਸੀਮਤ ਨੁਕਲੀਅਰ ਜੰਗ", ਅਖੌਤੀ "ਰੂਸੀ ਪਸਾਰ" ਅਤੇ "ਰੂਸ ਪਾਸ ਵੱਧ ਹਥਿਆਰ" ਆਦਿ ਦਾ ਪ੍ਰਚਾਰ ਕਰਦਾ ਹੈ। ਅਗਾਂਹ ਵਧੂ ਅਤੇ ਆਜ਼ਾਦੀ ਦੀਆਂ ਲਹਿਰਾਂ ਤੇ ਲੋਕ ਰਾਜੀ ਪ੍ਰਬੰਧ ਨੂੰ ਰੋਕਣ ਤੇ ਖਤਮ ਕਰਨ ਲਈ ਹਥਿਆਰ ਦੌੜ ਵਿਚ ਅਮਰੀਕਾ ਬਹੁਤ ਖਤਰਨਾਕ ਨੁਕਤੇ ਤੇ ਪਹੁੰਚ ਗਿਆ ਹੈ। ਇਨਾਂ ਮਾਰੂ ਹਥਿਆਰਾਂ ਦਾ ਖਿਲਾਰ ਦੁਨੀਆਂ ਦੀ ਮੰਡੀ ਵਿਚ ਵਪਾਰ ਦੇ ਤੌਰ ਤੇ

ਅਤੇ ਮਦਦ ਦੇ ਤੌਰ ਤੇ ਕੀਤਾ ਜਾ ਰਿਹਾ ਹੈ। ਅਜ ਹੀ ਅਮਰੀਕਾ ਤੇ ਰੂਸ ਪਾਸ ਇਨੇ ਨੁਕਲੀਅਰ ਹਥਿਆਰ ਹਨ ਕਿ ਦੁਨੀਆਂ ਨੂੰ ਕਈ ਵਾਰ ਤਬਾਹ ਕੀਤਾ ਜਾ ਸਕਦਾ ਹੈ। ਹਥਿਆਰਾਂ ਉਪਰ ਹਰ ਮਿੰਟ ਦਸ ਲੱਖ ਡਾਲਰ ਖਰਚ ਹੁੰਦਾ ਹੈ। ਦੁਨੀਆਂ ਦੇ ਹਰ ਵਸਨੀਕ (ਬੱਚੇ, ਜੁਆਨ ਤੇ ਬੁੱਢੇ) ਦੇ ਹਿੱਸੇ ਦਸ ਟਨ ਟੀ. ਇਨ. ਟੀ. ਨੁਕਲੀਅਰ ਫੱਟਣ ਦੇ ਚਾਰਜ ਆਉਂਦਾ ਹੈ। ਪਹਿਲੀ ਕਦਮੀ ਜਾਂ ਜਵਾਬੀ ਹਮਲੇ ਨਾਲ ਤਬਾਹੀ ਸਭ ਦੀ ਹੈ (ਇਸ ਬਾਰੇ ਜੁਦਾ ਲੇਖ)। ਇਸ ਐਟਮੀ ਤੇ ਨੁਕਲੀਅਰ ਹਥਿਆਰਾਂ ਉਪਰ ਖਰਚ ਦਾ ਭਾਰ ਤਾਂ ਲੋਕਾਂ ਉਪਰ ਅਤੇ ਦੁਨੀਆਂ ਦੇ ਸੋਮਿਆਂ ਦੀ ਦੁਰਵਰਤੋਂ ਰਾਹੀਂ ਆਰਥਕਤਾ ਤੇ ਜੀਵਨ ਪੱਧਰ ਉਪਰ ਪੈਂਦਾ ਹੈ। ਇਸਦਾ ਅਸਰ ਦੁਨੀਆਂ ਦੇ ਦੂਜੇ ਦੇਸ਼ਾਂ ਦੀ ਆਰਥਕਤਾ ਵਿਗਾੜਨ ਲਈ ਕੰਮ ਕਰਦਾ ਹੈ ਅਤੇ ਤੀਜੀ ਦੁਨੀਆਂ ਦੇ ਕਰਜ਼ੇ ਵਿਚ ਵਾਧਾ।

ਅਮਰੀਕਾ ਨੇ ਦੁਨੀਆਂ ਦੇ ਕੋਨੇ ਕੋਨੇ ਵਿਚ ਆਪਣੀ ਚੌਧਰ ਲਈ 2500 ਫੌਜੀ ਅੱਡੇ ਬਣਾਏ ਹਨ ਅਤੇ ਹਿੰਦ ਮਹਾਂ ਸਾਗਰ ਵਿਚ (ਡੀਗੋ ਗਾਰਸ਼ੀਆ ਅੱਡਾ) ਆਦਿ ਨੂੰ "ਅਮਨ ਖਿੱਤਾ" ਨਹੀਂ ਰਹਿਣ ਦਿਤਾ ਜਿਸ ਨੂੰ ਅਮਨ ਜੋਨ ਦੀ ਮਾਣਤਾ ਯੂ. ਇਨ. ਓ. ਭੀ ਦੇ ਚੁੱਕੀ ਹੈ। ਰੂਸੀ ਖਤਰੇ ਦੇ ਨਾਮ ਉਪਰ ਅਮਰੀਕਾ ਅਤੇ ਇਸ ਦੇ ਭਾਈਵਾਲ ਮੁਨਾਫੇ ਕਮਾ ਰਹੇ ਹਨ ਅਤੇ ਸਮਾਜ ਦੇ ਦੂਜੇ ਅੰਗਾਂ ਨੂੰ ਕਮਜ਼ੋਰ ਕਰ ਰਹੀਆਂ ਹਨ। ਜਿਵੇਂ ਅਮਰੀਕਨ ਡੈਮੋਕਰੈਟਿਕ ਪਾਰਟੀ ਦੇ 1972 ਵਿਚ ਪ੍ਰਧਾਨਗੀ ਲਈ ਉਮੀਦਵਾਰ ਜੌਰਜ ਮੈਕ ਗਵਰਨ ਨੇ ਆਖਿਆ "ਭਾਵੇਂ ਰੂਸ ਕਿੰਨਾ ਭੀ ਜ਼ੋਰ ਲਾਵੇ ਪਰ ਫਿਰ ਵੀ ਅਮਰੀਕਾ ਦੇ ਧਨ ਅਤੇ ਵਿਗਿਆਨ ਹੁਨਰ ਦੇ ਕਾਰਨ, ਅਮਰੀਕਾ ਅੱਗੇ ਹੀ ਰਹੇਗਾ। ਪਰ ਇਹ ਤਦ ਹੀ ਹੋ ਸਕਦਾ ਹੈ ਜੇ ਕਰ ਹਥਿਆਰਾਂ ਨੂੰ ਹਥਿਆਰਾਂ ਦੀ ਖਾਤਰ ਹੀ ਪਿਆਰ ਨਾ ਕਰੀਏ ਅਤੇ ਜੇ ਕਰ ਅਸੀਂ ਹਥਿਆਰਾਂ ਨੂੰ ਘਰਾਂ, ਸਕੂਲਾਂ, ਅਵਾਜਾਵੀ ਦੇ ਸਾਧਨ, ਡਾਕਟਰੀ ਇਲਾਜ਼, ਅਮਨ ਤੇ ਲੋਕਾਂ ਲਈ ਬਾਲਣ ਸ਼ਕਤੀ ਦੀ ਖੋਜ ਅਤੇ ਹਵਾ ਤੇ ਵਾਯੂ ਮੰਡਲ ਨੂੰ ਗੰਦਾ ਹੋਣ ਤੋਂ ਬਚਾਉਣਾ ਅਤੇ ਮਨੁਖੀ ਭਲਾਈ ਦੇ ਪ੍ਰੋਗਰਾਮਾਂ ਦੇ ਲਈ ਖਤਮ ਕਰੀਏ।"

ਜਮਹੂਰੀਅਤ ਲੋਕਾਂ ਦੀ ਸੇਵਾ ਲਈ ਹੁੰਦੀ ਹੈ ਨਾ ਕਿ ਧਨੀਆਂ ਦੀ ਲੁੱਟ ਲਈ। ਗਿਆਨ ਕਿਸ ਕੰਮ ਅਤੇ ਕਿਸ ਦੀ ਭਲਾਈ ਲਈ? ਗਿਆਨ ਦੀ ਵਰਤੋਂ ਅਤੇ ਗਿਆਨ ਪ੍ਰਾਪਤੀ ਦੇ ਢੰਗਾਂ ਬਾਰੇ ਭੀ ਚੇਤੰਨ ਹੋਣਾ ਜ਼ਰੂਰੀ ਹੈ। ਜਿਵੇਂ ਕਿ "ਸੈਨਟਾ ਮੋਨੀਕਾ"(ਕੈਲੇਫੋਰਨੀਆ) ਦੀ ਰੈਂਡ ਕਾਰਪੋਰੇਸ਼ਨ ਜੋ ਪਹਿਲਾਂ "ਆਜ਼ਾਦ" ਤੌਰ ਤੇ "ਡਗਲਸ ਏਅਰ ਕਰਾਫਟ" ਦਾ ਖੋਜ ਕੇਂਦਰ ਸੀ ਅਜ ਉਹ ਗੈਰ ਸਰਕਾਰੀ ਤੌਰ ਤੇ "ਪੈਨਟੇਗਾਨ" ਦਾ ਬਰੇਨ ਟਰੱਸਟ ਹੈ। ਅਮਿੱਟ ਵਿਰੋਧਤਾਈਆ ਵਾਲੇ ਸਮਾਜੀ ਰਿਸ਼ਤਿਆਂ ਵਾਲੇ ਸਮਾਜ ਵਿਚ ਸਾਇੰਸ ਅਤੇ ਟੈਕਨੌਲਜੀ ਨੂੰ ਲੋਕਾਂ ਦੀ ਕੀਮਤ ਉਪਰ ਗਲਤ ਤੇ ਹਾਨੀਕਾਰਕ ਪਾਸੇ ਵਲ ਜ਼ਿਆਦਾ ਵਿਗਸਤ ਕੀਤਾ ਅਤੇ ਲਾਇਆ ਜਾਂਦਾ ਹੈ। ਸਾਇੰਸ ਦੀ ਉਨਤੀ ਵਿਚੋਂ ਹੀ ਪਿੱਛੇ ਖਿਚੂ ਕੰਮ ਕਾਰਵਾਈਆਂ ਪੈਦਾ ਹੁੰਦੀਆਂ ਅਤੇ ਸਿੱਟ ਨਿਕਲਦੇ ਹਨ। ਜਿਵੇਂ ਸਾਇੰਸ ਦੀ ਉਨਤੀ ਨੂੰ ਫੌਜੀ ਨੁਕਲੀਅਰ ਤੇ ਲੇਜ਼ਰ ਹਥਿਆਰਾਂ ਦੀ ਪੈਦਾਵਾਰ ਅਤੇ ਉਨ੍ਹਾਂ ਨੂੰ ਧਰਤੀ ਉਪਰ, ਸਮੁੰਦਰ ਵਿਚ ਅਤੇ ਪੁਲਾੜ ਵਿਚ ਲਾਉਣ ਲਈ ਖੋਜ ਅਤੇ ਖਰਚ ਹੋ ਰਿਹਾ ਹੈ। ਇਸ ਨੂੰ ਅੱਜ ਕੱਲ੍ਹ ਹਥਿਆਰਾਂ ਵਾਲੀ ਆਰਥਕਤਾ ਜਾਂ "ਹਥਿਆਰ ਤੇ ਦਸਤਕਾਰੀ ਕੁਮਪਲਿਕਸ" ਆਖਦੇ ਹਨ। ਹਥਿਆਰਾਂ ਦਾ ਆਮ ਲੋਕਾਂ ਨੂੰ ਲਾਭ ਦੀ ਥਾਂ ਨੁਕਸਾਨ ਹੈ ਅਤੇ ਹਥਿਆਰਾਂ ਤੋਂ ਪਾਪਾਂ ਭਰਿਆ ਧਨ ਕਮਾਉਣ ਵਾਲੇ ਅਜਾਰੇਦਾਰ ਲੋਕ ਦੁਸ਼ਮਣ ਹਨ। ਜਿਵੇਂ ਲੈਨਿਨ ਨੇ ਲਿਖਿਆ, "ਸਾਮਰਾਜ ਬਿਨਾਂ ਸ਼ੱਕ ਸਾਰੀ ਜਮਹੂਰੀਅਤ ਅਤੇ ਜਮਹੂਰੀਅਤ ਦਾ ਜਨਰਲ ਤੌਰ ਤੇ ਨਿਖੇਧ ਹੈ — ਇਸ ਨਵੀਂ ਆਰਥਕਤਾ ਦੇ ਸਿਆਸੀ ਸੁਪਰ ਢਾਂਚੇ ਅਤੇ ਅਜਾਰਦਾਰ ਸਰਮਾਏਦਾਰੀ (ਅਜਾਰੇਦਾਰ ਸਰਮਾਏਦਾਰੀ ਹੈ ਸਾਮਰਾਜ) ਜਮਹੂਰੀਅਤ ਤੋਂ ਸਿਆਸੀ ਪਿੱਛਾ ਖਿਚੂਪਨ (ਪਿਛਾਖੜ) ਵਿਚ ਬਦਲੀ ਹੈ। — ਸਿਆਸੀ ਪਿਛਾਖੜ ਦਾ ਅਜਾਰੇਦਾਰੀ ਨਾਲ ਮੇਲ ਹੈ (ਕੁਲੈਕਟਿਡ ਵਰਕਸ-ਜਿਲਦ 23 ਸਫਾ 43)।

ਅਮਰੀਕਾ ਵਾਲੇ ਕਈ ਢੰਗ ਨਾਲ ਲੋਕਾਂ ਨੂੰ ਵਰਗਲਾਉਣ ਅਤੇ ਪਰਚਾਰ ਵਿਚ ਫਸਾਉਣ ਲਈ ਕੋਈ ਨਾ ਕੋਈ ਪ੍ਰੋਜੈਕਟ ਘੜ ਛਡਦੇ ਹਨ ਜਿਵੇਂ "ਸੱਚ ਪ੍ਰੋਜੈਕਟ" (Truth) ਜੋ ਅਸਲ ਵਿਚ ਗਲਤ ਪਰਚਾਰ ਰਾਹੀਂ ਲੋਕ ਰਾਏ ਨੂੰ ਮੋੜਨ ਅਤੇ ਬਨਾਉਣ ਲਈ ਅਤੇ ਅਗਾਂਹ ਵਧੂਆਂ ਦੇ ਵਿਰੁਧ ਚਲਾਉਂਦੇ ਹਨ। "ਜਮਹੂਰੀ ਪ੍ਰੋਗਰਾਮ" ਤੋਂ ਭੀ ਭਾਵ ਹੈ ਉਹ ਸਰਕਾਰਾਂ ਜੋ ਅਮਰੀਕਾ ਦੇ ਫਿਟ ਵਹਿੰਦੀਆਂ ਹਨ। ਰੂਸ ਦੀ ਤਜਵੀਜ ਅਧੀਨ ਯੂ. ਇਨ. ਓ. ਨੇ ਐਲਾਨ ਕੀਤਾ ਕਿ ਜੋ ਨੁਕਲੀਅਰ ਹਥਿਆਰ ਚਲਾਉਣ ਦੀ ਪਹਿਲ ਕਦਮੀ ਦਾ ਜੁਰਮ ਕਰੇਗਾ ਉਸ ਵਿਰੁਧ ਐਕਸ਼ਨ ਪਰ ਅਮਰੀਕਾ ਅਤੇ ਉਸਦੇ ਸੰਗੀਆਂ ਨੇ ਇਸ ਵਿਰੁਧ ਵੋਟ ਪਾਈ।

ਮਾਰਕਸ ਨੇ ਇਸ ਤਰ੍ਹਾਂ ਦੇ ਰਵਈਏ ਅਤੇ ਦਿਖ ਵਿਰੁਧ ਇਉਂ ਆਖਿਆ, "ਵਹਿਸ਼ੀਪੁਣੇ ਵਲ ਆਮ ਝੁਕਾਉ ਇਕ ਖਾਸ ਤਰੀਕਾ ਧਾਰਦਾ ਹੈ, ਬਦ ਇਖਲਾਕੀ ਇਕ ਪ੍ਰਬੰਧ ਬਣ ਜਾਂਦੀ ਹੈ, ਲਾਕਾਨੂੰਨੀ ਕਾਨੂੰਨ ਘੜਨ ਵਾਲਿਆਂ ਦੀ ਪੱਟੀ ਮੇਸ ਕਰਦੀ ਅਤੇ ਕਾਨੂੰਨ ਪੁਸਤਕਾਂ ਦੀ ਕੁਟਾਈ ਤੇ ਪਿਟਾਈ ਕਰਦੀ ਹੈ।" ਹਾਕਮ ਲੋਕ ਅਸਲੀ ਤਥਾਂ ਨੂੰ ਲੁਕਾਉਂਦੇ, ਭੰਨ ਤੋੜ ਕਰਦੇ ਅਤੇ ਟੱਕਰਾਂ ਤੇ ਵਿਰੋਧਤਾਈਆ ਦੇ ਜਮਾਤੀ ਖਾਸੇ ਦਾ ਨਿਖੇਧ ਕਰਨ ਦਾ ਯਤਨ ਕਰਦੇ ਹਨ। ਵੱਡਾ ਝੂਠ ਇਕ ਵਪਾਰ ਹੈ ਅਤੇ ਵਿਚਾਰਧਾਰਕ ਖੇਤਰ ਵਿਚ ਸਟੌਕ ਹੈ।

ਇਨ੍ਹਾਂ ਹਥਿਆਰਾਂ ਉਪਰ ਖਰਚ ਕਰਨ ਲਈ ਸਮਾਜੀ ਖਰਚਾਂ ਨੂੰ ਘਟਾ ਅਤੇ ਕਟੌਤੀ ਕਰਕੇ ਅਤੇ ਹੋਰ ਨੋਟ ਛਾਪ ਕੇ ਆਮ ਲੋਕਾਂ ਦਾ ਕਚੂਮਰ ਕੱਢਿਆ ਜਾਂਦਾ ਹੈ। ਕਿਉਂਕਿ ਇਸ ਨਾਲ ਅਸਲੀ ਗਰੌਸ ਨੈਸ਼ਨਲ ਪੈਦਾਵਾਰ ਵਿਚ ਘਾਟਾ ਅਤੇ ਨੋਟ ਪਸਾਰੇ ਨਾਲ ਨੋਟ ਦੀ ਕੀਮਤ ਘਟਦੀ ਹੈ ਜਿਸ ਦੇ ਕਾਰਨ ਕੀਮਤਾਂ ਵਿਚ ਵਾਧਾ ਅਤੇ ਪੈਸੇ ਦਾ ਫੈਲਾਅ (ਜਿਸਨੂੰ ਇਨਫਲੇਸ਼ਨ ਆਖਦੇ ਹਨ) ਹੁੰਦਾ ਹੈ। ਇਸ ਸਿੱਕਾ ਫੈਲਾਅ ਦਾ ਭੈੜਾ ਅਸਰ ਭੀ ਆਮ ਲੋਕਾਂ ਉਪਰ ਪੈਂਦਾ ਹੈ ਜਦ ਕਿ ਧਨੀ ਲੋਕ ਇਸ ਨਾਲ ਸਰਮਾਏ ਵਿਚ ਵਾਧਾ ਕਰ ਲੈਂਦੇ ਹਨ। ਨਹੀਂ ਤਾਂ ਜੇ ਕਰ ਹਥਿਆਰਾਂ ਵਾਲਾ ਪੈਸਾ ਸਮਾਜੀ ਕੰਮਾਂ ਉਪਰ ਲੱਗ ਜਾਏ ਤਾਂ ਉਸ ਨਾਲ ਹੋਰ ਪੈਦਾਵਾਰ ਅਤੇ ਉਤਪਾਦਨ ਹੋਵੇਗਾ। ਹਥਿਆਰਾਂ ਉਪਰ ਖਰਚ ਤਾਂ ਪੈਦਾਵਾਰ ਦੀ ਥਾਂ ਆਰਥਕਤਾ ਨੂੰ ਨਸ਼ਟ ਕਰਨ ਅਤੇ ਧਨ ਨੂੰ ਅੱਗ ਲਾ ਕੇ ਸੁਆਹ ਕਰਨ ਵਾਲੀ ਗਲ ਹੈ।

ਅਜ ਦੁਨੀਆਂ ਦੀ ਫੌਜ ਉਪਰ ਹਰ ਸਾਲ ਦੁਨੀਆਂ ਦੀ ਸਮੁੱਚੀ ਪੈਦਾਵਾਰ ਦਾ ਇਕ ਤਿਹਾਈ ਖਰਚ ਹੁੰਦਾ ਹੈ। ਹੁਣ ਇਕ ਸਾਲ ਦਾ ਸਾਰਾ ਫੌਜੀ ਹਥਿਆਰਾਂ ਉਪਰ ਖਰਚ ਛੇ ਸੌ ਅਰਬ ਡਾਲਰ ਹੈ ਅਤੇ ਕੁਝ ਸਾਲਾਂ ਵਿਚ ਵਧ ਕੇ ਨੌ ਸੌ ਅਰਬ ਡਾਲਰ ਹੋ ਜਾਣਾ ਹੈ।

ਪਰ ਦੂਜੇ ਪਾਸੇ ਦੁਨੀਆਂ ਵਿਚ ਡਾਕਟਰੀ ਖੋਜ ਉਪਰ ਹਥਿਆਰਾਂ ਦੀ ਖੋਜ ਨਾਲੋਂ ਪੰਜ ਹਿੱਸੇ ਘੱਟ ਖਰਚ ਕਰਦੇ ਹਨ।

ਅਜ ਜਦੋਂ ਦੁਨੀਆਂ ਵਿਚ ਇਕ ਸਿਪਾਹੀ ਉਪਰ ਪੰਦਰਾਂ ਹਜ਼ਾਰ ਡਾਲਰ ਹਰ ਸਾਲ ਖਰਚ ਹੁੰਦਾ ਹੈ, ਉਥੇ ਇਕ ਵਿਦਿਆਰਥੀ ਉਪਰ ਦੋ ਸੌ ਡਾਲਰ ਤੋਂ ਘੱਟ।

ਅਜ ਜਦੋਂ ਦੁਨੀਆਂ ਆਰਥਕ ਮੰਦਵਾੜੇ ਦਾ ਸ਼ਿਕਾਰ ਹੈ, ਉਸ ਸਮੇਂ ਦਿਨ-ਬ-ਦਿਨ ਹਥਿਆਰਾਂ ਦੇ ਸਬੰਧਾਂ ਵਿਚ ਅਥਾਹ ਖਰਚ ਵਧਾਇਆ ਜਾ ਰਿਹਾ ਹੈ। ਮਜ਼ਦੂਰਾਂ ਦੀਆਂ ਤਨਖਾਹਾਂ ਉਪਰ ਤਾਂ ਰੋਕਾਂ ਪਰ ਹਥਿਆਰਾਂ ਉਪਰ ਵਾਧਾ। ਅਜ ਕੋਈ ਤਿੰਨ ਕਰੋੜ ਰਿਸ਼ਟ ਪੁਸ਼ਟ ਬੰਦੇ ਜੋ ਫੌਜ ਵਿਚ ਹਨ ਉਹ ਕਿਸੇ ਕਿਸਮ ਦੀ ਪੈਦਾਵਾਰ ਵਿਚ ਹਿੱਸਾ ਨਹੀਂ ਪਾ ਰਹੇ ਅਤੇ ਕੋਈ ਛੇ ਕਰੋੜ ਵਿਅਕਤੀ ਸਿੱਧੇ ਜਾਂ ਟੇਢੇ ਢੰਗ ਨਾਲ ਫੌਜੀ ਅਦਾਰਿਆਂ ਤੇ ਫੌਜੀ ਹਥਿਆਰਾਂ ਦੇ ਕੰਮ ਵਿਚ ਹਨ। ਦੁਨੀਆਂ ਦੇ ਵਧੀਆ ਦਿਮਾਗ - ਜੋ ਕੋਈ ਚਾਰ ਲੱਖ ਸਾਇੰਸਦਾਨ ਅਤੇ ਇੰਜਨੀਅਰ ਮਾਰੂ ਤੇ ਸਰਬ-ਨਾਸ਼ੀ ਹਥਿਆਰਾਂ ਦੀ ਖੋਜ ਵਿਚ ਲੱਗੇ ਹੋਏ ਹਨ ਜੋ ਹੋਰ ਪਾਸੇ ਦੁਨੀਆਂ ਦੀ ਭਲਾਈ ਲਈ ਚਾਰ ਚੰਨ ਲਾ ਸਕਦੇ ਹਨ। ਅਜ ਸੱਠ ਅਰਬ ਡਾਲਰ ਤਾਂ ਇਸ ਖੋਜ ਉਪਰ ਹਰ ਸਾਲ ਲਗਦਾ ਹੈ।

ਇਸ ਮਾਰੂ ਹਥਿਆਰ ਦੌੜ ਦੀ ਲਪੇਟ ਵਿਚ ਵਿਗਸਤ ਹੋ ਰਹੇ ਦੇਸ਼ ਭੀ ਆ ਰਹੇ ਹਨ ਜਿਵੇਂ ਪਿਛਲੇ ਪੰਦਰਾਂ ਸਾਲਾਂ ਵਿਚ ਇਨਾਂ ਦਾ ਫੌਜੀ ਖਰਚ ਤਿੰਨ ਸੌ ਪੰਜਾਹ ਫੀ ਸਦੀ ਵਧਿਆ ਹੈ ਅਤੇ ਅਫਰੀਕਾ ਦਸ਼ਾ ਦਾ ਅੱਠ ਸੌ ਫੀ ਸਦੀ। ਅਮਰੀਕਾ ਵਾਲੇ ਇਕ ਦੂਜੇ ਦਾ ਡਰ ਦੱਸ ਕੇ ਹਥਿਆਰ ਵੇਚ ਰਹੇ ਹਨ। ਦੁਨੀਆਂ ਨੂੰ ਹਥਿਆਰ ਸਪਲਾਈ ਕਰਨ ਦਾ ਪੰਜਾਹ ਫੀ ਸਦੀ ਵਪਾਰ ਅਮਰੀਕਾ ਦੇ ਹਥ ਵਿਚ। "ਨਿਊ ਸਾਇੰਸਟੈਸਟ" ਰਸਾਲੇ ਨੇ ਦਸਿਆ ਤੇ ਮੰਨਿਆ ਕਿ ਸਨਅਤੀ ਦੇਸ਼ ਹਥਿਆਰਾਂ ਦੇ ਵਪਾਰ ਨਾਲ ਤੀਜੀ ਦੁਨੀਆਂ ਵਿਚ ਆਪਣਾ ਆਰਥਕ ਲਾਭ ਅਤੇ ਸਿਆਸੀ ਅਸਰ ਪੈਦਾ ਕਰਦੇ ਹਨ।

ਇਸ ਹਥਿਆਰ ਦਸਤਕਾਰੀ ਅਤੇ ਪੈਦਾਵਾਰ ਤੋਂ ਅਜਾਰੇਦਾਰ ਲਾਭ ਉਠਾਉਂਦੇ ਹਨ। ਜਿਵੇਂ 'ਡੀਫੈਂਸ ਮਹਿਕਮਾ" ਅਤੇ "ਨੈਸ਼ਨਲ ਐਰੋਨੌਟਿਕਸ ਐਂਡ ਸਪੇਸ ਏਜੰਸੀ" ਆਪਣਾ ਬਹੁਤ ਸਾਰਾ ਪੈਸਾ ਪ੍ਰਾਈਵੇਟ ਦਸਤਕਾਰੀ ਵਿਚ ਲਾਉਂਦਾ ਹੈ। ਭਾਵੇਂ ਛੋਟੀਆਂ ਕੰਪਨੀਆਂ ਭੀ ਥੋੜਾ ਬਹੁਤਾ ਫੌਜੀ ਕੰਮ ਕਰਦੀਆਂ ਹਨ। ਪਰ ਹਥਿਆਰਾਂ ਅਤੇ ਖੋਜ ਦੇ ਠੇਕਿਆਂ ਦਾ ਵੱਡਾ ਹਿੱਸਾ ਵੱਡੀਆਂ ਕਾਰਪੋਰੇਸ਼ਨਾਂ ਨੂੰ ਜਾਂਦਾ ਹੈ। ਅਤੇ ਉਹ ਵੱਡੀਆਂ ਇਕ ਸੌ ਕਾਰਪੋਰੇਸ਼ਨਾਂ ਹਨ ਅਤੇ ਉਨ੍ਹਾਂ ਦੇ ਅਫਸਰਾਂ ਦੀਆਂ ਉਚ ਤਨਖਾਹਾਂ। 1970 ਤੋਂ 1979 ਤਕ ਡੀਫੈਂਸ ਮਹਿਕਮੇ ਨੇ ਅੱਠ ਵੱਡੇ ਠੇਕੇਦਾਰਾਂ ਨੂੰ ਇਕ ਚੌਥਾਈ (25 ਫੀ ਸਦੀ) ਹਿੱਸਾ ਦਿਤਾ ਅਤੇ ਖੋਜ ਤੇ ਵਿਕਾਸ ਦਾ 37 ਫੀ ਸਦੀ ਜੋ ਕੋਈ ਇਕ ਸੌ ਅਰਬ ਡਾਲਰ ਦੀ ਕੀਮਤ ਦੇ ਸਨ। ਪਿਛਲੇ ਸਾਲ ਅਤੇ ਸੱਤਰਿਆਂ ਵਿਚ ਪੰਜ ਵੱਡੀਆਂ ਕਾਰਪੋਰੇਸ਼ਨਾਂ ਹੀ ਉਪਰਲੇ ਅੱਠ ਸਨ ਜਿਵੇਂ (1) "ਮੈਕਡੋਨਿਲ ਡਗਲਸ" (ਲੜਾਕੇ ਜਹਾਜ਼ਾਂ ਤੇ ਮਿਜ਼ਾਇਲਾਂ, (2) ਯੂਨਾਈਟਿਡ ਟੈਕਨੌਲੋਜੀਜ (ਹਵਾਈ ਜਹਾਜ਼ ਇੰਜਨ ਹੈਲੀਕੋਪਟਰ), (3) ਜਨਰਲ ਡਾਈਨੈਮਿਕਸ (ਲੜਾਕੇ ਜਹਾਜ਼, ਮਿਜ਼ਾਇਲਾਂ, ਡੁਬਕਣੀ ਕਿਸ਼ਤੀਆਂ) (4) ਬੋਇੰਗ (ਹਵਾਈ ਜਹਾਜ਼, ਏਵੈਕਸ ਤੇ ਮਿਜ਼ਾਇਲ ਸਿਸਟਮ) ਅਤੇ (5) ਲੌਕਹੀਡ (ਮਿਜ਼ਾਇਲਾਂ, ਪੁਲਾੜ ਗੱਡੀਆਂ, ਹਮਲੇ ਵਾਲੇ ਜਹਾਜ਼) ਅਤੇ ਇਹਨਾਂ ਤੋਂ ਪਿਛੋਂ ਰੌਕਵਿਲ, ਗਰੱਮਨ, ਨੌਰਥਰੌਪ, ਜਨਰਲ ਇਲੈਕਟਰਿਕ ਹਿਊਜ਼ ਏਅਰ ਕਰਾਫਟ ਅਤੇ ਰੇਅਥੀਅਨ। ਇਸ ਫੌਜੀ ਹਥਿਆਰ ਧੰਦੇ ਤੋਂ ਕਾਰਪੋਰੇਸ਼ਨਾਂ ਦੇ ਅਫਸਰ ਭੀ ਬਾਰਾਂ ਲੱਖ ਡਾਲਰ ਸਾਲ ਦੀ ਤਨਖਾਹ ਅਤੇ ਘਟ ਤਕ ਪੌਣੇ ਤਿੰਨ ਲੱਖ ਤਨਖਾਹ ਵਾਲੇ ਹਨ।

(ਚਲਦਾ)

Fast Service ! Fast Service !
ਵਧੀਆ ਤੇ ਤੇਜ਼ ਸਰਵਿਸ ਲਈ
ਗਿੱਲਜ਼ ਮੈਸਨਰੀ ਲਿਮਟਿਡ
* ਫਾਇਰਪਲੇਸ * ਸਟੋਨ ਤੇ ਬਲਾਕ ਵਰਕ * ਬੇਸਮੈਂਟਾਂ ਜਾਂ ਹੋਰ
ਕਿਸੇ ਵੀ ਕਿਸਮ ਦੇ ਕੰਮ ਲਈ ਗਿੱਲ ਨੂੰ ਫੋਨ ਕਰੋ
826-8147
ਐਸਟੀਮੇਟ ਲਵਾਉਣ ਦੀ ਸਰਵਿਸ ਫ਼ਰੀ ਹੈ।

ਕਿਤਾਬਾਂ ਦੀ ਨਵੀਂ ਸ਼ਿਪਮਿੰਟ ਪਹੁੰਚ ਗਈ
ਪੰਜਾਬੀ ਦੇ ਨਾਵਲ, ਕਹਾਣੀਆਂ ਤੇ ਕਵਿਤਾਵਾਂ ਆਦਿ ਕਿਤਾਬਾਂ ਦੀ ਕੀਮਤ ਵਿਚ
20% ਕਟੌਤੀ
ਪੰਜਾਬੀ ਕਿਤਾਬਾਂ ਦੀ ਵੈਨਕੂਵਰ ਵਿਚ ਇਕੋ ਇਕ ਦੁਕਾਨ
ਗੁਰਬਖਸ਼ ਸਿੰਘ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਕਰਤਾਰ ਸਿੰਘ ਦੁੱਗਲ — ਸਭ ਲੇਖਕਾਂ
ਦੀਆਂ ਕਿਤਾਬਾਂ ਏਸ਼ੀਆ ਬੁੱਕ ਕੰਪਨੀ ਦਾ ਸ਼ਿੰਗਾਰ ਹਨ
ਸੋਹਨ ਸਿੰਘ ਜੋਸ਼, ਕੇਸਰ ਸਿੰਘ ਨਾਵਲਿਸਟ, ਸ਼ਿਵ ਕੁਮਾਰ ਬਟਾਲਵੀ ਤੇ ਜਸਵੰਤ ਕੰਵਲ
ਦੀ ਹਰ ਪੁਸਤਕ ਤੁਹਾਨੂੰ ਸਾਡੇ ਕੋਲੋਂ ਮਿਲ ਸਕਦੀ ਹੈ
ਕੈਨੇਡਾ ਦੇ ਪੰਜਾਬੀ ਲੇਖਕ—ਕੇਸਰ ਸਿੰਘ, ਗੁਰਚਰਨ ਰਾਮਪੁਰੀ, ਅਜਮੇਰ ਰੋਡੇ, ਸੁਰਜੀਤ ਕਲਸੀ, ਦਰਸ਼ਨ
ਗਿੱਲ, ਸਾਧੂ ਆਦਿ ਦੀਆਂ ਪੁਸਤਕਾਂ ਵੀ ਮਿਲ ਸਕਦੀਆਂ ਹਨ।

ਸਟੇਸ਼ਨਰੀ
ਪੰਜਾਬੀ ਮਾਰਕਿਟ ਵਿਚ ਸ਼ਾਪਿੰਗ ਕਰਨ ਸਮੇਂ
ਆਪਣੇ ਬੱਚਿਆਂ ਲਈ ਕਿਤਾਬਾਂ ਤੇ ਸਟੇਸ਼ਨਰੀ
ਏਸ਼ੀਆ ਬੁੱਕ ਕੰਪਨੀ ਤੋਂ ਖਰੀਦੋ

ਪੰਜਾਬੀ ਮਾਰਕਿਟ ਵਿਚ
ਏਸ਼ੀਆ ਬੁੱਕ ਕੰਪਨੀ
6482, ਮੇਨ ਸਟਰੀਟ (49 ਐਵੇਨਿਊ ਤੇ)
ਫ਼ੋਨ (604)324-6111

ਸਟੇਸ਼ਨਰੀ
ਹਿੰਦੀ ਦੇ ਨਾਵਲ, ਡਿਕਸ਼ਨਰੀਆਂ, ਜੰਤਰੀਆਂ
ਕਿਤਾਬਾਂ ਨਾਲ ਸਸਤੇ ਭਾਅ ਤੇ
ਸਟੇਸ਼ਨਰੀ ਵੀ ਖਰੀਦੋ

# "ਬੀਰ ਦਵਿੰਦਰ ਸਿੰਘ ਅਕਾਲੀ ਬੋਲੀ ਬੋਲ ਰਿਹਾ ਹੈ" ਕਾਂਗਰਸੀਆਂ ਦੀ ਰਾਇ

ਚੰਡੀਗੜ੍ਹ— ਇੰਦਰਾ ਕਾਂਗਰਸ ਦੇ ਕਈ ਐਮ. ਐਲ. ਏ. ਇਹ ਦੋਸ਼ ਲਗਾ ਰਹੇ ਹਨ ਕਿ ਪਾਰਟੀ ਦਾ ਚੀਫ ਵ੍ਹਿਪ ਬੀਰ ਦਵਿੰਦਰ ਸਿੰਘ ਅਕਾਲੀ ਬੋਲੀ ਬੋਲ ਰਿਹਾ ਹੈ ਅਤੇ ਪਾਰਟੀ ਡਿਸਪਲਿਨ ਨੂੰ ਭੰਗ ਕਰ ਰਿਹਾ ਹੈ।

ਇਥੇ ਹੋਈ ਇਕ ਡਿਨਰ ਪਾਰਟੀ ਵਿਚ ਕਾਂਗਰਸ ਦੇ 44 ਐਮ. ਐਲ. ਏ. ਸ਼ਾਮਲ ਹੋਏ ਜੋ ਮਾਰਕਫੈਡ ਦੇ ਚੇਅਰਮੈਨ ਵਲੋਂ ਦਿਤੀ ਗਈ ਸੀ। ਉਸ ਸਮੇਂ ਦਰਬਾਰਾ ਸਿੰਘ ਹਾਜ਼ਰ ਨਹੀਂ ਸਨ। ਕਿਹਾ ਜਾਂਦਾ ਹੈ ਕਿ ਕੇਂਦਰ ਨੂੰ ਪਤਾ ਲੱਗ ਗਿਆ ਹੈ ਕਿ ਦਰਬਾਰਾ ਸਿੰਘ ਵਿਰੋਧੀਆਂ ਦੀ ਗਿਣਤੀ ਥੋੜੀ ਨਹੀਂ।

# ਪਟਿਆਲੇ ਵਿਚ 104 ਬੰਦੇ ਗ੍ਰਿਫਤਾਰ

ਪਟਿਆਲਾ— ਹਾਲਾਤ ਨੂੰ ਕਾਬੂ ਰੱਖਣ ਲਈ ਪਟਿਆਲੇ ਵਿਚ ਕਰਫਿਊ ਕੇਵਲ ਕੁਝ ਘੰਟੇ ਹੀ ਲਾਇਆ ਜਾਂਦਾ ਹੈ। ਡਿਸਟ੍ਰਿਕਟ ਮੈਜਿਸਟਰੇਟ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਫੌਜ ਸੱਦਣ ਦੀਆਂ ਅਫਵਾਹਾਂ ਝੂਠੀਆਂ ਹਨ। ਅੱਗੇ ਉਹਨੇ ਕਿਹਾ ਕਿ ਹੁਣ ਤਕ ਗ੍ਰਿਫਤਾਰੀਆਂ ਦੀ ਗਿਣਤੀ 104 ਹੈ ਇਹਨਾਂ ਵਿਚੋਂ ਅੱਠਾਂ ਉਤੇ ਲੁੱਟ ਮਾਰ ਅਤੇ ਅੱਗ ਲਾਉਣ ਦੇ ਦੋਸ਼ ਹਨ। ਗ੍ਰਿਫਤਾਰ ਲੀਡਰਾਂ ਵਿਚ ਮਨਮੋਹਣ ਸਿੰਘ ਬਜਾਜ ਬੀ. ਜੇ. ਪੀ. ਦੇ ਸ਼ੰਭੂ ਪ੍ਰਸ਼ਾਦ ਅਤੇ ਪੁਰਾਣੇ ਮਿਊਂਸਪਲ ਪ੍ਰਧਾਨ ਬਾਨੂ ਰਾਮ ਵੀ ਸ਼ਾਮਲ ਹਨ।

■

ਲਫ਼ਜ਼ ਸਭ ਕੁਝ ਪ੍ਰਗਟਾ ਸਕਦੇ ਹਨ। ਉਹ ਬੁਰਸ਼ ਵੀ ਹਨ, ਛੈਣੀ ਵੀ, ਤੇ ਵਾਇਲਨ ਵੀ।

ਅਵਤਾਰ ਜੰਡਿਆਲਵੀ

## ਬੱਬਰਾਂ ਦੇ ਨਾਂ

ਢਿੱਡ ਦੀ ਅੱਗ ਬੁੱਝ ਜਾਣ ਬਅਦ
ਮੈਂ ਹੋਰ ਤੇਜ਼ ਦੌੜਦਾ ਹਾਂ।
ਸੋਨੇ ਦੇ ਗੁਤਾਵੇ ਦੀ ਇੱਛਾ ਲਈ
ਮੈਂ ਹੋਰ ਝੂਠ ਬੋਲਦਾ ਹਾਂ।
ਮੇਰੀ ਆਪਣੀ ਹੀ ਗੱਲ ਦੀ ਕੂੰਜ
ਮੇਰੇ ਪੈਰਾਂ 'ਚ ਲਿਤੜ ਜਾਂਦੀ ਹੈ
ਮੇਰੇ ਆਪਣੇ ਹੀ ਸੂਰਜ ਦੀ ਲੋਅ
ਹੱਥਾਂ ਚੋਂ ਰੇਤ ਵਾਂਗ ਕਿਰ ਜਾਂਦੀ ਹੈ।

ਦਲੀਲਾਂ ਦੀਆਂ ਹਜ਼ਾਰ ਮਮਟੀਆਂ ਹਨ
ਜਿਨ੍ਹਾਂ ਦੀ ਟੀਸੀ 'ਤੇ ਚੜ੍ਹ ਕੇ
ਮੈਂ ਆਪਹੁਦਰੀਆਂ ਬਾਂਗਾਂ ਦਿੰਦਾ ਹਾਂ
ਗੱਲਾਂ ਦੇ ਅਨੇਕ ਗੁੱਛੇ ਹਨ
ਜਿਨ੍ਹਾਂ 'ਚ ਆਪਾ ਉਲਝਾ ਰਖਦਾ ਹਾਂ।
ਲੋਕਾਂ ਦੀ ਭੀੜ ਚੋਂ ਮੇਰਾ ਬੇਰੰਗਾ
ਚਪਟਾ ਚਿਹਰਾ ਪਛਾਣਿਆਂ ਨਹੀਂ ਜਾਂਦਾ।

ਤੁਸੀਂ ਜੋ ਆਪਣੇ ਸੂਰਜ ਦੇ ਗਿਰਦ
ਲਹੂ ਦੀ ਵਾੜ ਕਰਦੇ ਹੋ
ਤੇ ਵੇਲੇ ਕੁਵੇਲੇ ਇਹਦਾ ਨਿੱਘ ਮਾਣਦੇ ਹੋ
ਤੁਸੀਂ ਜੋ ਮੇਰੀ ਸਫ਼ੈਦਪੋਸ਼ੀ ਦੇ
ਰਾਜ਼ ਨੂੰ ਖ਼ੂਬ ਜਾਣਦੇ ਹੋ
ਤੁਸੀਂ ਮੈਨੂੰ ਇਸ ਜੂਨ ਤੋਂ ਮੁਕਤ ਕਰੋ।

ਮੈਂ ਭੇਡਾਂ ਦੇ ਇੱਜੜ ਦੀ ਬਹੁ-ਸੰਮਤੀ
'ਚ ਉਲਝ ਕੇ ਭੁੱਲ ਜਾਂਦਾ ਹਾਂ
ਕਿ ਇਕ ਚੰਗਿਆੜੇ ਦਾ ਮੁੱਲ
ਮਣਾਂ ਮੂੰਹੀਂ ਕੋਲੇ ਤੋਂ ਬਣਦਾ ਹੈ
ਗਿਣਤੀ 'ਚ ਬਹੁਤੇ ਤਾਂ ਕੀੜੇ ਹੁੰਦੇ ਹਨ
ਜਾਂ ਸਰਕਾਰੀ ਮਸ਼ੀਨਰੀ ਦੇ ਪੁਰਜੇ ਸਿਪਾਹੀ
ਮੈਨੂੰ ਇਸ ਪਰੇਡ ਕਰਦੇ ਹਜੂਮ 'ਚੋਂ
ਬਾਂਹ ਫੜ ਕੇ ਕਢ ਲਓ
ਮੈਨੂੰ ਇਸ ਜੂਨ ਤੋਂ ਮੁਕਤ ਕਰੋ।

ਤੁਸੀਂ ਬਾਗੀ ਹੋਵੋ ਜਾਂ ਬਗੌੜੇ
ਮੈਨੂੰ ਆਪਣੇ ਸੱਥਰ 'ਤੇ ਬੈਠ ਲੈਣ ਦਿਓ
ਆਖ਼ਰ ਕਿਸੇ ਨੇ ਤਾਂ ਆਪਣੇ ਗੁੱਟ ਕਟਵਾ ਕੇ
ਇਹ ਮਿਸ਼ਾਲ ਉੱਚੀ ਰਖਣੀ ਹੈ
ਆਖ਼ਰ ਕਿਸੇ ਨੇ ਤਾਂ ਬਬੇਲੀ ਦੀ
ਬੇਈਂ ਦੀਆਂ ਸੂਹੀਆਂ ਧਾਰਾਂ ਨੂੰ
ਚਮਕੌਰ ਦੀ ਗੜ੍ਹੀ ਨਾਲ ਜੋੜਨਾ ਹੈ

ਤੁਸੀਂ ਚਾਰ ਹੋਵੋ ਜਾਂ ਦਾਣੀ
ਪਰ ਸਰਘੀ ਦੇ ਤਾਰੇ ਵਾਂਙ ਅਟੱਲ
ਮੁੱਕ ਨ ਸਕਣ ਵਾਲੇ ਮੁਕਤੇ ਹੋ
ਮੈਨੂੰ ਵੀ ਇਸ ਜੂਨ ਤੋਂ ਮੁਕਤ ਕਰੋ।

# ਕੇਂਦਰ-ਦਲ ਵਾਰਤਾ 'ਚ ਅੜਿਕੇ ਨੂੰ ਤੋੜਨ ਲਈ ਪ੍ਰਧਾਨ ਮੰਤਰੀ ਵਲੋਂ ਪਹਿਲ ਤੇ ਜ਼ੋਰ

ਚੰਡੀਗੜ੍ਹ— ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਸੂਬਾ ਕੌਂਸਲ ਦੇ ਸਕੱਤਰ ਸਾਥੀ ਅਵਤਾਰ ਸਿੰਘ ਮਲਹੋਤਰਾ, ਮੀਤ ਸਕੱਤਰ ਸਾਥੀ ਪਿਆਰਾ ਸਿੰਘ ਦਿਓਸੀ ਅਤੇ ਸਾਥੀ ਜੋਗਿੰਦਰ ਸਿੰਘ ਭਸੀਨ ਤੇ ਸੂਬਾ ਸਕੱਤਰੇਤ ਮੈਂਬਰ ਸਾਥੀ ਭੂਪਿੰਦਰ ਸਾਂਬਰ ਨੇ ਇਥੇ ਮੁਖ ਮੰਤਰੀ ਨੂੰ ਮਿਲ ਕੇ ਰਾਜ ਦੀ ਰਾਜਨੀਤਕ ਹਾਲਤ ਬਾਰੇ ਵਿਸਥਾਰ ਵਿਚ ਗਲਬਾਤ ਕਰਦਿਆਂ ਇਸ ਗੱਲ ਉਤੇ ਤਸੱਲੀ ਪ੍ਰਗਟ ਕੀਤੀ ਕਿ ਕੇਂਦਰ ਸਰਕਾਰ ਨੇ ਇਹ ਗੱਲ ਸਪੱਸ਼ਟ ਕਰ ਦਿਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੋਈ ਅਲਟੀਮੇਟਮ ਨਹੀਂ ਦਿਤਾ ਗਿਆ।

ਕਮਿਊਨਿਸਟ ਆਗੂਆਂ ਨੇ ਕਿਹਾ ਕਿ ਇਸ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਇਹ ਕਾਨੂੰਨੀ, ਸਿਆਸੀ ਤੇ ਇਖਲਾਕੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਹਿੰਸਕ ਕਾਰਵਾਈਆਂ, ਕਤਲਾਂ ਸਾਬੋਤਾਜ, ਧਮਾਕਿਆਂ ਅਤੇ ਗੋਲੀ ਚਲਣ ਦੀਆਂ ਘਟਨਾਵਾਂ ਦੇ ਦੋਸ਼ੀ ਵਿਅਕਤੀਆਂ ਅਤੇ ਅਜਿਹੇ ਲੋਕਾਂ, ਜਿਹੜੇ ਕਿ ਵਖਵਾਦੀ ਸਰਗਰਮੀਆਂ ਦੇ ਦੋਸ਼ੀ ਹਨ, ਉਹਨਾਂ ਨੂੰ ਦਰਬਾਰ ਸਾਹਿਬ ਤੋਂ ਬਾਹਰ ਕੱਢੇ ਜਾਣ ਅਤੇ ਕਿਸੇ ਨੂੰ ਵੀ ਇਸ ਪਵਿਤਰ ਸਥਾਨ ਦੀ ਪਵਿਤਰਤਾ ਦੀ ਦੁਰਵਰਤੋਂ ਦੀ ਇਜਾਜ਼ਤ ਨਾ ਦਿਤੀ ਜਾਏ।

ਕਮਿਊਨਿਸਟ ਲੀਡਰਾਂ ਨੇ ਇਕ ਗੱਲ ਉਤੇ ਜ਼ੋਰ ਦਿਤਾ ਕਿ ਪ੍ਰਧਾਨ ਮੰਤਰੀ ਦਲ ਨਾਲ ਗਲਬਾਤ ਲਈ ਫੌਰਨ ਪਹਿਲ ਕਦਮੀ ਕਰੇ ਤਾਂ ਕਿ ਪਏ ਅੜਿਕੇ ਨੂੰ ਦੂਰ ਕੀਤਾ ਜਾ ਸਕੇ। ਉਹਨਾਂ ਮੁਖ ਮੰਤਰੀ ਉਤੇ ਜ਼ੋਰ ਦਿਤਾ ਕਿ ਉਹ ਕੇਂਦਰ ਉਤੇ ਇਸ ਗੱਲ ਲਈ ਦਬਾਉ ਪਾਉਣ ਕਿ 3 ਧਿਰੀ ਗਲਬਾਤ ਲਈ ਬਿਨਾਂ ਕਿਸੇ ਦੇਰੀ ਤੋਂ ਅਕਾਲੀ ਦਲ ਨੂੰ ਸਦਾ ਭੇਜਿਆ ਜਾਏ ਤਾਂ ਕਿ ਬਾਕੀ ਰਹਿੰਦੇ ਦੋ ਮਾਮਲੇ ਵੀ ਹੱਲ ਕੀਤੇ ਜਾ ਸਕਣ

(ਪੰਨਾ 21 ਦੀ ਬਾਕੀ)

ਦੂਜਾ ਸਾਕਾ ਧੰਨਾ ਸਿੰਘ ਬਹਿਬਲਪੁਰ ਦੀ ਮਹਾਨ ਸ਼ਹੀਦੀ ਦਾ ਹੈ। ਬੇਲਾ ਸਿੰਘ ਜ਼ਿਆਨ (ਵੈਂਨਕੂਵਰ ਵਿਚ ਕਾਮਾਂਗਾਟਾ ਮਾਰੂ ਤੇ ਸ਼ਹੀਦ ਮੇਵਾ ਸਿੰਘ ਦੀ ਸ਼ਹੀਦੀ ਵੇਲੇ ਦਾ ਗਦਾਰ ਤੇ ਜਿਸ ਨੇ ਭਾਈ ਭਾਗ ਸਿੰਘ ਅਤੇ ਵਤਨ ਸਿੰਘ ਨੂੰ ਵੱਡੇ ਗੁਰਦੁਆਰੇ ਵੈਨਕੂਵਰ ਵਿਚ ਗੋਲੀਆਂ ਮਾਰੀਆਂ ਸੀ) ਦੇ ਭਰਾ ਜੁਆਲਾ ਸਿੰਘ ਤੇ ਕਰਮ ਸਿੰਘ ਨੇ ਧੰਨਾ ਸਿੰਘ ਨੂੰ ਫੜਾਉਣ ਦੀ ਗਦਾਰੀ ਕੀਤੀ ਸੀ। ਇਸ ਐਕਸ਼ਨ ਦਾ ਇੰਨਚਾਰਜ ਹੋਰਟਨ ਸੀ। ਇਹ ਸਾਕਾ ਮੰਨਣਹਾਨੇ ਜ਼ਿਲਾ ਹੁਸ਼ਿਆਰਪੁਰ ਬੀਤਿਆ ਸੀ। 25 ਅਕਤੂਬਰ 1923 ਨੂੰ ਜਦੋਂ ਹੋਰਟਨ ਨੇ ਮਖੌਲ ਨਾਲ ਆਖਿਆ "ਧੰਨਾ ਸਿੰਘ ਤੁਮ ਬੋਲਤਾ ਥਾ ਕਿ ਜੀਤੇ ਜੀ ਬੱਬਰੋ ਕੋ ਕੋਈ ਨਹੀਂ ਪਕੜ ਸਕਦਾ। ਅਬ ਤੁਮ ਜੀਤੇ ਭੀ ਹੋ ਔਰ ਗ੍ਰਿਫਤਾਰ ਭੀ ਹੋ।" ਧੰਨਾ ਸਿੰਘ ਨੇ ਲਾਲ ਅੱਖਾਂ ਨਾਲ ਹੋਰਟਨ ਵਲ ਵੇਖਿਆ ਤੇ ਹੋਰਟਨ ਨੇ ਡਰ ਕੇ ਆਖਿਆ, "ਇਸਦੀ ਆਖੇਂ ਬੰਦ ਕਰੋ।"

ਇਕ ਹੌਲਦਾਰ ਅੱਖਾਂ ਬੰਨ੍ਹਣ ਲਈ ਅੱਗੇ ਹੋਇਆ ਤੇ ਧੰਨਾ ਸਿੰਘ ਨੇ ਕੜਕ ਨੇ ਹੋਰਟਨ ਨੂੰ ਲਲਕਾਰਿਆ "ਓਏ ਬੇਸ਼ਰਮਾ, ਜੰਮ ਕੇ ਸੁਪਰਡੈਂਟ ਬਣਦਾ ਪਿਆ ਸੈਂ, ਤੈਥੋਂ ਮੇਰੀਆਂ ਅੱਖਾਂ ਵੱਲ ਨਹੀਂ ਵੇਖਿਆ ਜਾਂਦਾ ਜੇ ਹਿੰਮਤ ਹੈ ਤਾਂ ਆਪ ਅੱਖਾਂ ਤੇ ਪੱਟੀ ਬੰਨ੍ਹ ਕੇ ਦੱਸ।" ਜਦੋਂ ਹੋਰਟਨ ਅੱਗੇ ਹੋਇਆ, ਧੰਨਾ ਸਿੰਘ ਨੇ ਕੜੀਆਂ ਤੇ ਬੇੜੀਆਂ ਵਿਚ ਜੜੇ ਹੋਏ ਨੇ ਬਾਹਾਂ ਦਾ ਹੁਝਕਾ ਐਨੇ ਜ਼ੋਰ ਨਾਲ ਮਾਰਿਆ, ਕੜੀਆਂ ਫੜਨ ਵਾਲੇ ਸਿਪਾਹੀ ਡਿੱਗ ਪਏ, ਬੱਬਰ ਨੇ ਜ਼ੋਰ ਨਾਲ ਕੂਹਣੀ ਬੰਬ ਪੁਰ ਮਾਰੀ, ਜੋ ਉਸਦੀ ਕੱਛ ਵਿਚ ਸੀ। ਬੱਬਰ ਦਾ ਇਕ ਪਾਸਾ ਪੁਰਜਾ ਪੁਰਜਾ ਹੋ ਕੇ ਉਡ ਗਿਆ। ਲਾਗੇ ਖੜਾ ਹੌਲਦਾਰ, ਇਕ ਦਫੇਦਾਰ, ਤਿੰਨ ਸਿਪਾਹੀ ਅਤੇ ਇਕ ਮਹਿ ਮਾਰੀ ਗਈ। ਹੋਰਟਨ, ਜੇਨਕਿਨਜ਼, ਥਾਣੇਦਾਰ ਗੁਲਜ਼ਾਰ ਸਿੰਘ ਅਤੇ ਇਕ ਸਿਪਾਹੀ ਸਖਤ ਜ਼ਖਮੀ ਹੋਏ। ਥਾਣੇਦਾਰ ਅਤੇ ਸਿਪਾਹੀ ਮਹਾਲਪੁਰ ਜਾਕੇ ਪਾਰ ਹੋਏ। ਹੋਰਟਨ ਹਸਪਤਾਲ ਵਿਚ ਜਾ ਕੇ ਮਰ ਗਿਆ। ਜੈਨਕਿਨਜ਼ ਵਲੈਤ ਨੂੰ ਜਾਂਦਾ ਹੋਇਆ ਕਲਕੱਤੇ ਆਪਣੀ ਮੇਮ ਨੂੰ ਰੰਡੀ ਕਰਕੇ ਚਲ ਵਸਿਆ।

ਧੰਨਾ ਸਿੰਘ ਨੇ ਆਪਣਾ ਪ੍ਰਣ ਆਪਣੇ ਸੁਆਸਾਂ ਨਾਲ ਨਿਭਾਇਆ। (ਧੰਨਾ ਸਿੰਘ ਦਾ ਲੜਕਾ ਬਖਸ਼ੀਸ਼ ਸਿੰਘ ਅਜ ਕੱਲ ਵਿਕਟੋਰੀਆ ਬੀ. ਸੀ. ਵਿਚ ਰਹਿੰਦਾ ਹੈ) ਧੰਨਾ ਸਿੰਘ ਸ਼ਹੀਦੀ ਪਾ ਕੇ ਸਦਾ ਲਈ ਅਮਰ ਹੋ ਗਿਆ।

ਇਕ ਸਾਕਾ ਮੁੰਡੇਰਾ ਵਿਚ 12 ਦਸੰਬਰ 1923 ਨੂੰ ਹੋਇਆ। ਜਿਸ ਵਿਚ ਬੰਤਾ ਸਿੰਘ ਧਾਮੀਆਂ ਤੇ ਜੁਆਲਾ ਸਿੰਘ ਫਤਿਹਪੁਰ ਕੋਠੀ ਸ਼ਹੀਦ ਹੋਏ ਤੇ ਵਰਿਆਮ ਸਿੰਘ ਧੁਗਾਂ ਬਚ ਕੇ ਨਿਕਲ ਗਿਆ ਤੇ ਬਾਅਦ ਵਿਚ 8 ਜੂਨ 1924 ਨੂੰ ਚੱਕ ਨੰਬਰ 45 ਜ਼ਿਲਾ ਲਾਇਲਪੁਰ ਵਿਚ ਕਿਸੇ ਦੀ ਗੱਦਾਰੀ ਨਾਲ ਫੜਿਆ ਗਿਆ।

ਲਹਿਰ ਦਾ ਲਕ, ਲੀਡਰਾਂ ਦੀਆਂ ਸਾਕਿਆਂ ਵਿਚ ਸ਼ਹੀਦੀਆਂ ਤੇ ਮੁਕਵਰਈਆਂ ਨਾਲ ਗ੍ਰਿਫਤਾਰੀਆਂ ਕਰਕੇ ਟੁੱਟ ਗਿਆ। ਹੋਰ ਭੀ ਬਹੁਤ ਗ੍ਰਿਫਤਾਰੀਆਂ ਹੋਈਆਂ। ਉਡਾਰੋ ਪਰੇਸ ਭੀ ਕੋਠੀ ਫਤਿਹਪੁਰ ਤੋਂ ਫੜਿਆ ਗਿਆ।

15 ਅਗਸਤ 1923 ਨੂੰ 62 ਬੱਬਰਾਂ ਉਤੇ ਮੈਜਿਸਟਰੇਟ ਦੇ ਸਾਹਮਣੇ ਪੁਲਸ ਨੇ ਮੁਕੱਦਮਾ ਪੇਸ਼ ਕੀਤਾ। 36 ਬੱਬਰ ਫੜੇ ਗਏ। 4 ਅਪਰੈਲ 1924 ਨੂੰ 91 ਬੱਬਰ ਸ਼ੈਸ਼ਨ ਸਪੁਰਦ ਕਰ ਦਿਤੇ। ਕੇਸ ਲੰਮਾ ਅਰਸਾ ਚਲਦਾ ਰਿਹਾ। 447 ਗਵਾਹ ਸਰਕਾਰ ਵਲੋਂ ਪੇਸ਼ ਹੋਏ 734 ਲਿਖਤਾਂ ਤੇ 228 ਹੋਰ ਚੀਜ਼ਾਂ ਸਬੂਤ ਵਜੋਂ ਪੇਸ਼ ਹੋਈਆਂ। (ਮੁਕੱਦਮੇ ਦਾ ਵਿਸਥਾਰ ਨਾ ਦੇਣ ਦੀ ਭੀ ਮੁਆਫੀ ਮੰਗਦਾ ਹਾਂ)।

ਅਖੀਰ 28 ਫਰਵਰੀ 1925 ਨੂੰ ਜੱਜ ਟੈਪ ਨੇ ਫੈਸਲਾ ਸੁਣਾ ਦਿਤਾ। ਹਾਈਕੋਰਟ ਵਿਚ ਅਪੀਲ ਹੋਈ। ਆਖਰੀ ਫੈਸਲੇ ਮੁਤਾਬਿਕ 6 ਬੱਬਰਾਂ ਨੂੰ ਫਾਂਸੀ ਦੀ ਸਜਾ ਹੋਈ, 13 ਨੂੰ ਉਮਰ ਕੈਦ 4 ਨੂੰ ਚੌਦਾਂ ਸਾਲਾਂ ਦੀ ਸਜਾ, ਸਤਾਰਾ ਨੂੰ ਸੱਤ ਸੱਤ ਸਾਲਾਂ ਦੀ ਸਜਾ, ਪੰਜਾਂ ਨੂੰ ਪੰਜ ਪੰਜ ਸਾਲ ਦੀ ਕੈਦ ਹੋਈ ਚਾਲੀ ਬੱਬਰ ਬਰੀ ਕਰ ਦਿਤੇ ਗਏ ਇਨ੍ਹਾਂ ਵਿਚ 22 ਵਾਹਿਦਾ ਮੁਆਫ ਸਨ। ਪੰਜ ਬੱਬਰ ਮੁਕਦਮੇ ਦੇ ਦੌਰਾਨ ਹਵਾਲਾਤਾਂ ਵਿਚ ਹੀ ਚਲਾਣਾ ਕਰ ਗਏ। 8 ਬੱਬਰ ਪੁਲਸ ਦਾ ਮੁਕਾਬਲਾ ਕਰਦੇ ਹੋਏ ਸ਼ਹੀਦ ਹੋਏ। 5 ਜ਼ੇਲਾਂ ਵਿਚ ਸ਼ਹੀਦੀਆਂ ਪਾ ਗਏ। ਕੁਛ ਅੱਜ ਤਕ ਗ੍ਰਿਫਤਾਰ ਹੀ ਨਹੀਂ ਹੋ ਸਕੇ।

ਇਸ ਲਹਿਰ ਦੇ ਜਲ੍ਹਾਂ ਕੱਟ ਕੇ ਵਾਪਸ ਆਏ ਤੇ ਹੋਰ ਬੱਬਰ ਮਰਦੇ ਦਮ ਤਕ ਅੱਗੇ ਵਧੂ ਪਾਰਟੀਆਂ ਵਿਚ ਕੰਮ ਕਰਦੇ ਰਹੇ ਤੇ ਕਰਦੇ ਹਨ। ਇਨ੍ਹਾਂ ਦੀਆਂ ਸ਼ਹੀਦੀਆਂ ਤੇ ਕੁਰਬਾਨੀ ਅੱਗੇ ਹਰ ਭਾਰਤੀ ਪਰਨਾਮ ਕਰਦਾ ਹੈ। ਵੈਨਕੂਵਰ ਵਿਚ ਭੀ ਬੱਬਰਾਂ ਦਾ ਜੋੜ ਮੇਲਾ ਮਨਾਇਆ ਜਾਂਦਾ ਹੈ। ਉਨ੍ਹਾਂ ਦੀ ਯਾਦ ਵਿਚ ਖੇਡਾਂ ਭੀ ਕਰਾਈਆਂ ਜਾਂਦੀਆਂ ਹਨ। ਇਸ ਸਾਲ ਇਹ ਜੋੜ ਮੇਲਾ 21,22,23 ਮਈ ਨੂੰ ਹੈ।

# ਸਾਚੀ ਸਾਖੀ...ਸਾਚੀ ਸਾਖੀ...ਸਾਚੀ ਸਾਖੀ

* ਆਜ਼ਾਦ ਭਾਰਤ ਵਰਸ਼ ਵਿਚ ਸਿੱਖ ਕੌਮ ਨਾਲ ਹੋ ਰਹੀਆਂ ਵਧੀਕੀਆਂ ਦੀ ਹਿਰਦੇਵੇਦਕ ਗਾਥਾ
* 15 ਅਗਸਤ, 1947 ਤੋਂ ਪਹਿਲਾਂ ਤੇ ਆਜ਼ਾਦੀ ਦੀ ਸੁਗਾਤ ਮਿਲਣ ਸਮੇਂ ਸਿੱਖ ਕੌਮ ਦੀਆ ਕੁਰਬਾਨੀਆਂ ਕਿਵੇਂ ਮਿੱਟੀ ਵਿਚ ਰੋਲੀਆਂ ਗਈਆਂ।
* ਸਿੱਖ ਕੌਮ ਨਾਲ ਕੀਤੇ ਵਾਇਦੇ ਤੇ ਇਕਰਾਰ ਨਾਮ ਕਿਵੇਂ ਪੈਰਾਂ ਹੇਠ ਮਧੋਲੇ ਗਏ।

ਇਹ ਸਨਸਨੀਖੇਜ਼ ਬਿਰਤਾਂਤ ਜਾਨਣ ਲਈ ਕੌਮ ਦੇ ਮਹਾਨ ਮੁਫੱਕਰ, ਨੈਸ਼ਨਲ ਪ੍ਰੋਫੈਸਰ ਆਫ ਸਿਖਇਜ਼ਮ ਭਾਈ ਸਾਹਿਬ ਸਰਦਾਰ ਕਪੂਰ ਸਿੰਘ ਜੀ ਦੀ ਰੌਂਗਟੇ ਖੜੇ ਕਰ ਦੇਣ ਵਾਲੀ ਪੁਸਤਕ "ਸਾਚੀ ਸਾਖੀ" ਪੜ੍ਹੋ

ਸਿੱਖ ਸੰਗਤਾਂ ਦੀ ਪੁਰਜ਼ੋਰ ਮੰਗ ਤੇ ਭੇਟਾ ਅਸਲੋਂ ਹੀ ਘਟਾ ਦਿਤੀ ਗਈ ਹੈ।
(ਕੇਵਲ ਪੰਜ ਡਾਲਰ)

ਇਹਨਾਂ ਥਾਵਾਂ ਤੋਂ ਇਹ ਪੁਸਤਕ ਮਿਲ ਸਕਦੀ ਹੈ।

1. ਮਾਨ ਮਿਊਜ਼ਿਕ ਐਂਡ ਵੀਡੀਓ, 6512 Main st. Van. B.C. (604)321-6667
2. ਪੰਥ ਖਾਲਸਾ ਇੰਟਰਨੈਸ਼ਨਲ, P. O. BOX 24517 Stn. C Van. B.C. V5T 4E1
3. ਜਥੇਦਾਰ ਤਲਵਿੰਦਰ ਸਿੰਘ "ਬਬਰ" 4767 Union Street Burnaby B.C. (604) 299-1576
4. ਗੁਰਦੁਆਰਾ ਸਾਹਿਬਾਨ, ਵੈਨਕੂਵਰ, ਕੈਲਗਰੀ, ਐਡਮਿੰਟਨ, ਵਿਨੀਪੈਗ, ਟਰਾਂਟੋ, ਤਕਰੀਬਨ ਸਾਰੇ ਗੁਰਦੁਆਰਾ ਸਾਹਿਬ ਕੈਨੇਫੋਰਨੀਆ ਤੋਂ ਵੀ ਤੁਹਾਨੂੰ ਜਾਣਕਾਰੀ ਮਿਲ ਸਕਦੀ ਹੈ।

ਡਾਕਰਾਹੀਂ :-
ਸੁਰਜਨ ਸਿੰਘ
BOX 77034 STN 'S'
VANCOUVER, B.C. V5R 5T4

## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To
The Canada Darpan
P.O.Box. 67344,STN.'O'
VANCOUVER,B.C.
CANADA V5W 3T1
Phone.(604) 324-6111

I am enclosing a ☐ cheque ☐ M.O. ☐ Draft as my Subscription for the year(s).......I may be sent the newspaper at the following adress:

Name..........................................................
Address........................................................
City............................................................
Province.......................................................
Postal code...................................................
PHONE.

| | |
|---|---|
| One Year | 15 dollars |
| Two Year | 25 dollars |
| Three year | 35 dollars |
| Life membership | 200 dollars |
| ASIA | 40 dollars(a year) |
| U.S.A | 20 dollars(a year) |
| Europe | 35 dollars(a year) |
| Africa | 35 dollars(a year) |

# ਪੰਜਾਬੀ ਲੋਕ-ਨਾਟਕ ਦਾ ਮਹਾਨ ਉਸਰਈਆ ਗੁਰਸ਼ਰਨ ਸਿੰਘ



## INTRODUCTION

It is a tribute to Sardar Gursharan Singh and to the Amritsar Natak Kala Kendra that the popular art they have been performing for the last twenty years has reached its message to not only the millions of people living in Punjab, but far, far beyond. People's art knows no bundaries; it reaches wherever people are. Today Gursharan Singh's plays and his people's art has admirers and appreciators all over India, Europe and North America. The fact that many literary and cultural personalities across Canada have written these brief commentries expressing their appreciation of Gursharan Singh's dramatic and other literary contributions is a testimony of his artistic achievements. It is also a testimony of the immense desire people here have to see him come and perform.

For us in the Indian People's Association in North America (IPANA) is is a matter of great joy and pride that Sardar Gursharan Singh and his drama troupe have accepted our invitation to b ring their progressive drama to our people living here. We are glad that the Indira Gandhi government saw it fit to remove the barrier it tried to create between him and the people living abroad. And we are immensely thankful to the many literary personalities who accepted our invitation to contribute a few lines, thus highlighting the significance of this important cultural event.

**Hari P. Sharma**

Among Punjabi playwrights and producers, Gursharan Singh enjoys a clear distinction. With numerous performances in rural areas he has brought a qualitative change in the Punjabi culture. He has taken theatre to those who probably never dreamed of seeing serious theatre in their lives.

Simplicity of theme, style, and of stage setting characterize his performances. Emotional apeal is another feature that has a compelling effect on his audience. Bur most of all he writes and performs for the dowmtrodden and the 'ordinary' in the Langue of the ordinary. His plays speak with conviction against poltical and economic injustice. Marxism, history and religion blend in this works in a unique way.

A successful Producer, writer and director, Gursharan Singh excells as an actor on stage.

Those who try to belittle his works as too simphistic, miss the key point in theatre criticism: wether the play being staged is as old as "Shakuntla", as powerful as "Othello", or as modren as "Waiting for Godot"; its success would depend upon the reaction of audience. In other words audience is the final and undisputable judge in deciding success or failure of a play(This openion is held by most theatre critics). In case of Gursharan Singh few would doubt the immense popularity he enjoys among people. His popularity is testimony to the overwhelming response he gets from his audiences all over.

Theatre lovers will be delighted to know that Gursharan Singh and his group, Amritsar Natak Kala Kendra, are going to perform in B.C. during May and June - thanks to IPANA for sponsoring them. We would look forward to see the distinguished artists on stage.

**Ajmer Rode**

## ਸਰਦਾਰ ਗੁਰਸ਼ਰਨ ਸਿੰਘ ਦੇ ਕੰਮ ਬਾਰੇ

Indian Literature
December 1970
Official jaurnal of Sahitya Academy N. Delhi
ਨੇ ਆਪਣੀ ਰਾਏ ਇਸ ਤਰ੍ਹਾਂ ਦਿੱਤੀ ਸੀ :—

Punjab Kala Kendra at Amritsar has shown a great deal of courage in mounting a large number of western classes in Punjabi versions. Imaginative and persistent, Gursharan Singh, the arginiser of the group and an adept in production, adaptator and acting has made his impact felt throughout the city centres in the state and even beyound its narrow borders.

**(DR) Attar Singh**

## ਸਰਕਾਰ ਨੂੰ ਲੋਕਾਂ ਦੇ ਦਬਾਅ ਹੇਠ ਗੁਰਸ਼ਰਨ ਸਿੰਘ ਨੂੰ ਪਾਸਪੋਰਟ ਦੇਣਾ ਪਿਆ

**—ਕੇਸਰ ਸਿੰਘ ਨਾਵਲਿਸਟ**

ਅੱਜ ਤੋਂ ਦੋ ਢਾਈ ਦਹਾਕੇ ਪਹਿਲੋਂ ਹਿੰਦੁਸਤਾਨ ਦੀ ਪਾਰਲੀਮੈਂਟ ਨੇ ਪਾਸ ਕੀਤਾ ਸੀ ਕਿ ਹਰ ਹਿੰਦੁਸਤਾਨੀ ਦੀ ਮੁਢਲਾ ਹੱਕ ਹੈ ਕਿ ਉਹ ਪ੍ਰਦੇਸ ਯਾਤਰਾ ਲਈ ਪਾਸਪੋਰਟ ਹਾਸਲ ਕਰ ਸਕੇ। 1958 ਵਿਚ ਜਦ ਬਾਬਾ ਗੁਰਮੁਖ ਸਿੰਘ ਲਲਤੋਂ, ਬਾਬਾ ਕਰਮ ਸਿੰਘ ਚੀਮਾ, ਤੇ ਬਾਬਾ ਭੋਲਾ ਸਿੰਘ ਇੰਗਲੈਂਡ ਤੇ ਕੈਨੇਡਾ ਦਾ ਦੌਰਾ ਕਰਨਾ ਚਾਹੁੰਦੇ ਸਨ ਤਾਂ ਉਨ੍ਹਾਂ ਨੂੰ ਪਾਸਪੋਰਟ ਦੇਣ ਤੋਂ ਇਨਕਾਰ ਕਰ ਦਿਤਾ ਗਿਆ ਸੀ ਕਿਉਂਕਿ ਉਨ੍ਹਾਂ ਦੀ ਵਿਚਾਰਧਾਰਾ ਕੇਂਦਰੀ ਸਰਕਾਰ ਨਾਲ ਟੱਕਰ ਖਾਂਦੀ ਸੀ। ਉਸ ਸਮੇਂ ਪਾਰਲੀਮੈਂਟ ਦੇ ਪਾਸ ਕੀਤੇ ਮਤੇ ਨੂੰ ਵੀ ਸਰਕਾਰ ਨੇ ਛਿੱਕੇ ਉਤੇ ਟੰਗ ਦਿਤਾ। ਜਦ ਪਾਰਲੀਮੈਂਟ ਵਿਚ ਮੁਢਲੇ ਅਧਿਕਾਰਾਂ ਦੀ ਗੱਲ ਛਿੜੀ ਤਾਂ ਜਾ ਕੇ ਗਦਰੀ ਬਾਬਿਆਂ ਨੂੰ ਪਾਸਪੋਰਟ ਦਿਤੇ ਗਏ। ਮੇਰਾ ਭਰੋਸਾ ਹੈ ਕਿ ਗਦਰੀ ਬਾਬਿਆਂ ਤੋਂ ਵੱਧ ਕਿਸੇ ਹੋਰ ਹਿੰਦੁਸਤਾਨੀ ਦੀ ਸੇਵਾ ਪਰਵਾਨ ਨਹੀਂ ਚੜ੍ਹੀ ਪਰ ਫਿਰ ਵੀ ਕੇਂਦਰੀ ਸਰਕਾਰ ਨੇ ਮਜ਼ਬੂਰ ਹੋ ਕੇ ਹੀ ਉਨ੍ਹਾਂ ਨੂੰ ਪ੍ਰਦੇਸ ਯਾਤਰਾ ਦੀ ਆਗਿਆ ਦਿਤੀ ਸੀ।

ਕੀ ਹਰ ਹਿੰਦੁਸਤਾਨੀ ਲਈ ਇਹਿ ਜ਼ਰੂਰੀ ਹੈ ਕਿ ਉਹ ਕੇਂਦਰੀ ਸਰਕਾਰ ਦੀ ਵਿਚਾਰਧਾਰਾ ਦਾ ਹੀ ਧਾਰਨੀ ਹੋਵੇ? ਪੰਜਾਬ ਵਿਚ ਚੱਲ ਰਹੇ ਸੰਘਰਸ਼ ਦੇ ਸਿਲਸਿਲੇ ਵਿਚ ਇੰਗਲੈਂਡ, ਕੈਨੇਡਾ ਤੇ ਅਮਰੀਕਾ ਤੋਂ ਗਏ ਹਿੰਦੁਸਤਾਨੀਆਂ ਨੂੰ ਦਿੱਲੀ ਏਅਰਪੋਰਟ ਤੋਂ ਹੀ ਵਾਪਸ ਕਰ ਦਿਤਾ ਗਿਆ। ਇਸ ਕਾਰਵਾਈ ਲਈ ਪਾਰਲੀਮੈਂਟ ਦੇ ਕਿਸ ਰੂਲ ਨੂੰ ਵਰਤਿਆ ਗਿਆ ਹੈ? ਜਿੰਨ੍ਹਾਂ ਨੂੰ ਵਾਪਸ ਕੀਤਾ ਗਿਆ ਹੈ ਉਨ੍ਹਾਂ ਨੂੰ ਉਨ੍ਹਾਂ ਦਾ ਕਸੂਰ ਦੱਸਣਾ ਲੋੜੀਂਦਾ ਸੀ। ਉਨ੍ਹਾਂ ਦੇ ਕਸੂਰ ਦਾ ਸਬੂਤ ਪੇਸ਼ ਕਰਨਾ ਚਾਹੀਦਾ ਸੀ। ਕਸੂਰ ਸਾਬਤ ਕਰਨ ਤੋਂ ਪਹਿਲੋਂ ਹੀ ਕਿਸੇ ਨੂੰ ਦੋਸ਼ੀ ਕਰਾਰ ਦੇ ਦੇਣਾ ਲੋਕ ਰਾਜ ਵਾਲੀ ਸਰਕਾਰ ਲਈ ਸੋਭਦਾ ਨਹੀਂ।

ਪੰਜਾਬ ਦੇ ਉਘੇ ਨਾਟਕਕਾਰ ਗੁਰਸ਼ਰਨ ਸਿੰਘ ਨੂੰ ਸਰਕਾਰ ਨੇ ਪਾਸਪੋਰਟ ਦੇਣ ਤੋਂ ਇਨਕਾਰ ਕਰਕੇ ਪਾਰਲੀਮੈਂਟ ਦੇ ਪਾਸ ਕੀਤੇ ਮਤੇ ਦੀ ਤੌਹੀਨ ਕੀਤੀ ਹੈ। ਮੁਢਲੇ ਅਧਿਕਾਰ ਦੀ ਉਲੰਘਣਾ ਕੀਤੀ ਹੈ। ਆਪਣੇ ਬਣਾਏ ਕਾਨੂੰਨ ਨੂੰ ਤੋੜਿਆ ਹੈ। ਵੈਨਕੂਵਰ ਦੇ ਹਿੰਦੁਸਤਾਨੀਆਂ ਦੇ ਜ਼ੋਰ ਦੇਣ ਤੇ ਸਰਕਾਰ ਗੁਰਸ਼ਰਨ ਸਿੰਘ ਨੂੰ ਉਸਦਾ ਮੁਢਲਾ ਹੱਕ ਦੇਣ ਨੂੰ ਤਿਆਰ ਹੋਈ ਹੈ।

ਸਰਕਾਰ ਹਿੰਦ ਨੂੰ ਆਪਣਾ ਵਕਾਰ ਕਾਇਮ ਰੱਖਣ ਲਈ ਲੋਕ-ਰਾਜ ਦੇ ਅਸੂਲਾਂ ਦੀ ਪਾਲਣਾ ਕਰਨ ਲਈ, ਪਾਰਲੀਮੈਂਟ ਵਿਚ ਪਾਸ ਕੀਤੇ ਮਤਿਆਂ ਉਤੇ ਅਮਲ ਕਰਨਾ ਹੀ ਚਾਹੀਦਾ ਹੈ।

ਲੱਖਾਂ ਹਿੰਦੁਸਤਾਨੀ ਆਪਣੇ ਪੇਟ ਦੀ ਭੁੱਖ ਦੂਰ ਕਰਨ ਲਈ ਪਰਦੇਸਾਂ ਵਿਚ ਵਸ ਗਏ ਹਨ। ਮਜ਼ਬੂਰੀਆਂ ਵਿਚ ਫਸ ਕੇ ਲੋਕਾਂ ਨੇ ਉਨਾਂ ਦੇਸ਼ਾਂ ਦੀ ਸ਼ਹਿਰੀਅਤ ਹਾਸਲ ਕਰ ਲਈ ਹੈ। ਜੇ ਇਨ੍ਹਾਂ ਵਿਚੋਂ ਕੁਝ ਲੋਕ ਦੀ ਵਿਚਾਰਧਾਰਾ ਹਿੰਦੁਸਤਾਨ ਦੀ ਕੇਂਦਰੀ ਸਰਕਾਰ ਨਾਲ ਨਹੀਂ ਮਿਲਦੀ ਤਾਂ ਉਸਦਾ ਇਹ ਮਤਲਬ ਨਹੀਂ ਕਿ ਉਨ੍ਹਾਂ ਨੂੰ ਆਪਣੀ ਮਾਤ ਭੂਮੀ ਦੀ ਯਾਤਰਾ ਵੀ ਨਾ ਕਰਨ ਦਿੱਤੀ ਜਾਏ।

ਹਿੰਦੁਸਤਾਨ ਨੂੰ ਪੌਂਡਾਂ ਤੇ ਡਾਲਰਾਂ ਦੀ ਐਕਸਚੇਂਜ ਦੀ ਸਖਤ ਲੋੜ ਹੈ। ਪਰਦੇਸਾਂ ਵਿਚ ਵਸ ਰਹੇ ਲੋਕ ਕਰੋੜਾਂ ਰੁਪਏ ਹਰ ਸਾਲ ਦੇਸ ਭੇਜਦੇ ਹਨ। ਉਨ੍ਹਾਂ ਦੇ ਭੇਜੇ ਹੋਏ ਪੈਸਿਆਂ ਉਤੇ ਤਾਂ ਸਰਕਾਰ ਕੋਈ ਪਾਬੰਦੀ ਨਹੀਂ ਲਾਉਂਦੀ। ਫਿਰ ਜਦ ਉਹ ਦੇਸ ਯਾਤਰਾ ਲਈ ਜਾਂਦੇ ਹਨ ਤਾਂ ਉਨ੍ਹਾਂ ਨੂੰ ਦੇਸ ਯਾਤਰਾ ਦੀ ਆਗਿਆ ਕਿਉਂ ਨਹੀਂ ਦਿਤੀ ਜਾਂਦੀ? ਜੇ ਉਹ ਦੇਸ ਜਾ ਕੇ ਕੋਈ ਕਸੂਰ ਕਰਨ ਤਾਂ ਸਰਕਾਰ ਉਨ੍ਹਾਂ ਉਤੇ ਕੇਸ ਕਰਕੇ ਉਨ੍ਹਾਂ ਦਾ ਦੋਸ਼ ਸਾਬਤ ਕਰਕੇ ਸਜ਼ਾ ਦੇਣ ਦਾ ਹੱਕ ਰਖਦੀ ਹੈ। ਕੇਵਲ ਵਿਚਾਰਾਂ ਦੇ ਆਧਾਰ ਉਤੇ ਕਿਸੇ ਨੂੰ ਪਰਦੇਸ ਯਾਤਰਾ ਜਾਂ ਦੇਸ ਯਾਤਰਾ ਨਾ ਕਰਨ ਦੇਣੀ ਇਕ ਜ਼ੁਲਮ ਹੈ।

ਜੇ ਸਰਦਾਰ ਗੁਰਸ਼ਰਨ ਸਿੰਘ ਨਾਟਕਕਾਰ ਨੂੰ ਕੈਨੇਡਾ ਲਈ ਪਾਸਪੋਰਟ ਨਾ ਦਿਤਾ ਜਾਂਦਾ ਤਾਂ ਕੈਨੇਡਾ ਦੇ ਹਿੰਦੁਸਤਾਨੀਆਂ ਵਿਚ ਬੇਦਿਲੀ ਪੈਦਾ ਹੋਣ ਦੇ ਕਾਰਨ ਸਰਕਾਰ ਹਿੰਦ ਦੇ ਉਲਟ ਹੋਰ ਜਜ਼ਬਾ ਉਭਰ ਖਲੋਣਾ ਸੀ। ਸਰਕਾਰ ਨੇ ਸਰਦਾਰ ਗੁਰਸ਼ਰਨ ਸਿੰਘ ਨਾਟਕਕਾਰ ਨੂੰ ਪਾਸਪੋਰਟ ਦੇ ਕੇ ਉਸ ਨੂੰ ਮੁਢਲਾ ਹੱਕ ਦਿਤਾ ਹੈ। ਉਸ ਉਤੇ ਕੋਈ ਅਹਿਸਾਨ ਨਹੀਂ ਕੀਤਾ।

ਆਸ ਹੈ ਕਿ ਸਰਕਾਰ ਹਿੰਦ ਅੱਗੇ ਤੋਂ ਕਿਸੇ ਹਿੰਦੁਸਤਾਨੀ ਦਾ ਮੁਢਲਾ ਹੱਕ ਦੇਣ ਤੋਂ ਇਨਕਾਰ ਨਹੀਂ ਕਰੇਗੀ।

ਗੁਰਸ਼ਰਨ ਸਿੰਘ ਆਪਣੇ ਨਾਟਕਾਂ ਨੂੰ ਜਿਉਂਦਾ ਹੈ। ਲਿਖਣ ਲੱਗਿਆਂ ਵੀ, ਖੇਡਣ ਲੱਗਿਆਂ ਵੀ। ਆਪਣੇ ਵਿਸ਼ਵਾਸ਼ ਅਤੇ ਆਪਣੀ ਕਲਾ ਨਾਲ ਉਹ ਏਨਾ ਈਮਾਨਦਾਰ ਹੈ ਕਿ ਉਹਨਾਂ ਦੀ ਪਵਿਤ੍ਰਤਾ ਲਈ ਉਹ ਆਪਣਾ ਰੁਜ਼ਗਾਰ ਅਤੇ ਜੀਵਨ ਸੁਖ ਦਾਅ ਉਤੇ ਲਾ ਦੇਂਦਾ ਹੈ। ਆਪਣੀ ਏਸ ਅਦਭੁੱਤ ਲਗਨ ਸਦਕਾ ਉਸਨੇ ਉਸਾਰੂ ਅਤੇ ਸੇਹਤਮੰਦ ਪੰਜਾਬੀ ਨਾਟਕ ਨੂੰ ਮੁੜਕੇ ਜੀਵਨ ਬਖਸ਼ ਦਿਤਾ ਹੈ। ਉਸਦੇ ਨਾਟਕਾਂ ਦੀ ਬੋਲੀ ਲੋਕਾਂ ਦੀ ਆਪਣੀ ਬੋਲੀ ਹੈ। ਇਹ ਉਸਦੀ ਕਲਾ ਦੇ ਹਰਮਨ ਪਿਆਰੇ ਹੋਣ ਦੀ ਜ਼ਮਾਨਤ ਹੈ। ਸਾਡੀ, ਕੈਨੇਡਾ ਵਿਚ ਵਸਦੇ ਪੰਜਾਬੀ ਲੋਕਾਂ ਦੀ, ਇਹ ਖੁਸ਼ਕਿਸਮਤੀ ਹੈ ਕਿ ਗੁਰਸ਼ਰਨ ਸਿੰਘ ਆਪਣੀ ਨਾਟ ਮੰਡਲੀ ਲੈ ਕੇ, ਅੱਧੀ ਦੁਨੀਆਂ ਦੂਰ, ਸਾਡੇ ਕੋਲ ਪਹੁੰਚ ਰਿਹਾ ਹੈ।

**ਗੁਰਚਰਨ ਰਾਮਪੁਰੀ**

## ਗੁਰਸ਼ਰਨ ਸਿੰਘ - ਪੰਜਾਬੀ ਸਭਿਆਚਾਰ ਦੀ ਵਿਸ਼ੇਸ਼ ਪ੍ਰਾਪਤੀ

ਗੁਰਸ਼ਰਨ ਸਿੰਘ ਭਾਰਤ ਵਿਚ ਵਧ ਰਹੇ ਪੂੰਜੀਵਾਦੀ ਜਮਾਤ ਦੇ ਗਲਬੇ, ਹੇਠਲੇ ਤਬਕੇ ਤੇ ਟੁੱਟ ਰਹੀ ਕਿਸਾਨੀ ਦੀ ਬੇਕਿਰਕ ਲੁੱਟ, ਧਨੀ ਕਿਸਾਨਾਂ ਦੀਆਂ ਕੂਟ ਨੀਤੀਆਂ, ਔਰਤਾਂ ਦੀ ਮੰਦਹਾਲੀ ਨੂੰ ਇਤਿਹਾਸਕ ਪ੍ਰਸੰਗ ਵਿਚ ਰੱਖ ਕੇ ਦੇਖਣ ਕਾਰਨ ਪੰਜਾਬੀ ਨਾਟ-ਕਲਾ ਦੇ ਖੇਤਰ ਵਿਚ ਵਿਸ਼ੇਸ਼ ਪ੍ਰਾਪਤੀ ਕਰ ਸਕਿਆ ਹੈ। ਪੰਜਾਬੀ ਸਭਿਆਚਾਰ ਵਿਚ ਮਾਣਯੋਗ ਵਾਧਾ ਕਰਨ ਵਿਚ ਗੁਰਸ਼ਰਨ ਸਿੰਘ ਤੇ ਅਜਮੇਰ ਸਿੰਘ ਔਲਖ ਦਾ ਅਜੋਕੀ ਸਥਿਤੀ ਵਿਚ ਵਿਸ਼ੇਸ਼ ਸਥਾਨ ਹੈ।

ਇਪਾਨਾ ਦੀ ਰਾਜਸੀ ਵਿਚਾਰਧਾਰਾ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਵੱਖਰੀ ਗੱਲ ਹੈ - ਪਰ ਗੁਰਸ਼ਰਨ ਸਿੰਘ ਤੇ ਉਸਦੇ ਨਾਟਕ ਕਲਾ ਕੇਂਦਰ ਦੇ ਸਹਿਯੋਗੀਆਂ ਨੂੰ ਕੈਨੇਡਾ ਵਿਚ ਸੱਦਾ ਦੇ ਕੇ ਇਪਾਨਾ ਨੇ ਪੰਜਾਬੀ ਸਭਿਆਚਾਰ ਨੂੰ ਬੜਾਵਾ ਦੇਣ ਵਿਚ ਅਹਿਮ ਹਿਸਾ ਪਾਇਆ ਹੈ। ਇਸ ਲਈ ਇਪਾਨਾ ਵਧਾਈ ਦੀ ਹੱਕਦਾਰ ਹੈ।

**ਦਰਸ਼ਨ ਗਿੱਲ**

## ਗੁਰਸ਼ਰਨ ਸਿੰਘ : ਇਕ ਲੋਕ-ਪੱਖੀ ਨਾਟਕਕਾਰ

**—ਸੁਖਿੰਦਰ, ਇਕਬਾਲ ਰਾਮੂਵਾਲੀਆ(ਟਰਾਂਟੋ)**

ਪਿਛਲੇ ਦੋ ਦਹਾਕਿਆਂ ਵਿਚ, ਪੰਜਾਬ ਦੇ ਲੋਕ-ਪੱਖੀ ਸਭਿਆਚਾਰਕ ਮੰਚ ਉਤੇ, ਉਭਰਨ ਵਾਲੀਆਂ ਸਖਸ਼ੀਅਤਾਂ ਵਿਚ, ਗੁਰਸ਼ਰਨ ਸਿੰਘ ਦਾ ਨਾਮ ਸਭ ਤੋਂ ਵੱਧ ਉਭਰਕੇ ਸਾਹਮਣੇ ਆਇਆ ਹੈ। ਗੁਰਸ਼ਰਨ ਸਿੰਘ ਦੇ ਨਾਟਕ ਸਾਡੇ ਸਮਾਜ ਵਿਚ ਫੈਲ ਰਹੇ ਅਸਭਿਆਚਾਰਕ ਰੁਝਾਨ, ਲੱਚਰ ਗੀਤਾਂ, ਲੱਚਰ ਸਾਹਿਤ ਅਤੇ ਲੱਚਰ ਕਲਾ ਉਤੇ ਤਿੱਖਾ ਹਮਲਾ ਕਰਦੇ ਹਨ। ਉਨ੍ਹਾਂ ਦੇ ਨਾਟਕ ਲੋਕਾਂ ਵਿਚ ਅਗਾਂਹਵਧੂ ਸਾਹਿਤਕ, ਸਮਾਜਕ ਅਤੇ ਰਾਜਨੀਤਕ ਚੇਤਨਾ ਜਗਾਉਂਦੇ ਹਨ, ਅਤੇ ਲੋਕਾਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਦੇ ਹਨ।

ਉਨ੍ਹਾਂ ਦੇ ਨਾਟਕਾਂ ਦੀ ਵਧੇਰੇ ਖੂਬੀ ਇਸ ਗੱਲ ਵਿਚ ਹੈ ਕਿ ਇਹ ਨਾਟਕ ਸਿਰਫ ਬੀਤੇ ਤੱਕ ਹੀ ਸੀਮਿਤ ਨਹੀਂ ਰਹਿੰਦੇ। ਸਗੋਂ ਲੋਕਾਂ ਨੂੰ ਉਨ੍ਹਾਂ ਦੇ ਇਤਿਹਾਸ ਨਾਲ ਜੋੜਦੇ ਹੋਏ, ਇਹ ਦਰਸਾਣ ਦੀ ਕੋਸ਼ਿਸ਼ ਕਰਦੇ ਹਨ ਕਿ ਉਨ੍ਹਾਂ ਇਤਿਹਾਸਕ ਨਾਟਕੀ ਸਥਿਤੀਆਂ ਦਾ ਅਜੋਕੀ ਸਮਾਜਕ,ਰਾਜਸੀ ਅਤੇ ਆਰਥਕ ਸਥਿਤੀ ਵਿਚ ਕੀ ਮਹੱਤਵ ਹੈ।

ਇਨ੍ਹਾਂ ਨਾਟਕਾਂ ਵਿਚ ਆਮ ਸਾਧਾਰਨ ਲੋਕਾਂ ਦੀ ਸਾਧਾਰਨ ਬੋਲ ਚਾਲ ਦੀ ਬੋਲੀ ਵਿਚ ਹੀ ਨਾਟਕੀ ਸਥਿਤੀ ਪੇਸ਼ ਕੀਤੀ ਜਾਂਦੀ ਹੈ। ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ, ਆਮ ਸਾਧਾਰਨ ਲੋਕਾਂ ਦੀ ਬੋਲੀ ਵਿਚ ਪੇਸ਼ ਕਰਕੇ, ਗੁਰਸ਼ਰਨ ਸਿੰਘ ਨੇ ਇਸ ਤਰ੍ਹਾਂ ਆਮ ਸਾਧਾਰਨ ਲੋਕਾਂ ਨੂੰ ਨਾਟਕ ਨਾਲ ਜੋੜਿਆ ਹੈ। ਉਨ੍ਹਾਂ ਦੇ ਨਾਟਕ, ਪੇਂਡੂ ਜਾਂ ਸ਼ਹਿਰੀ, ਹਰ ਤਰ੍ਹਾਂ ਦੇ ਮਾਹੌਲ ਅਤੇ ਹਰ ਤਰ੍ਹਾਂ ਦੇ ਲੋਕਾਂ ਵਿਚ ਕਾਮਯਾਬੀ ਨਾਲ ਖੇਡੇ ਗਏ ਹਨ। ਇਨ੍ਹਾਂ ਨਾਟਕਾਂ ਦੀਆਂ ਵੱਡੀ ਪੱਧਰ ਉਤੇ ਸਫਲ ਪੇਸ਼ਕਾਰੀਆਂ ਨੇ ਉਨ੍ਹਾਂ ਲੋਕਾਂ ਦੇ ਦਾਹਵੇ ਝੂਠੇ ਸਿਧ ਕਰ ਦਿੱਤੇ ਹਨ ਜੋ ਕਹਿੰਦੇ ਹਨ ਕਿ ਨਾਟਕ ਸਿਰਫ ਬੁੱਧੀਜੀਵੀਆਂ, ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਅਤੇ ਕਾਲਿਜਾਂ ਦੇ ਪੜਾਕੂਆਂ ਦੀਆਂ ਸਟੇਜਾਂ ਅਤੇ ਕਲਪਿਤ ਸਮਸਿਆ ਦੀ ਪੇਸ਼ਕਾਰੀ ਤੱਕ ਹੀ ਸੀਮਤ ਰਹਿਣਾ ਚਾਹੀਦਾ ਹੈ।

## ਲੋਕ-ਰੂਹ ਦਾ ਚਿਤੇਰਾ

ਇਪਾਨਾ ਇਕ ਉਤਰੀ ਅਮਰੀਕਾ ਦੀ ਅਗਾਂਹ ਵਧੂ ਅੰਤਰ-ਰਾਸ਼ਟਰੀ ਸਿਆਸੀ ਜਥੇਬੰਦੀ ਹੈ। ਇਹ ਰਾਜਨੀਤਕ ਤੌਰ ਤੇ ਜਿਸ ਤਰ੍ਹਾਂ ਲੋਕਾਂ ਨੂੰ ਚੇਤੰਨ ਕਰਦੀ ਹੈ, ਬਿਲਕੁਲ ਉਸੇ ਤਰ੍ਹਾਂ ਹੀ ਉਸਾਰੂ ਸਭਿਆਚਾਰਕ ਪ੍ਰੋਗਰਾਮ ਲੋਕਾਂ ਤੱਕ ਪੁਜਦੇ ਕਰਕੇ, ਉਨ੍ਹਾਂ ਦੇ ਮਨੋਰੰਜਨ ਦੇ ਨਾਲ ਨਾਲ ਹਾਕਮ ਜਮਾਤਾਂ ਦਾ ਲੁੱਟ-ਖਸੁੱਟ ਵਾਲਾ ਖਾਸਾ ਵੀ ਨੰਗਾ ਕਰਦੀ ਹੈ।

ਇਪਾਨਾ ਨੇ ਸੰਤ ਰਾਮ ਉਦਾਸੀ ਨੂੰ ਇਥੇ ਬੁਲਾ ਕੇ, ਉਸਦੇ ਗੀਤਾਂ ਨੂੰ ਪ੍ਰੋਗਰਾਮਾਂ ਰਾਹੀਂ, ਕਿਤਾਬ, ਤੇ ਰਿਕਾਰਡ ਦੇ ਰੂਪ ਵਿਚ ਪੇਸ਼ ਕੀਤਾ। ਬਾਹਰ ਵਸਦੇ ਬਹੁਤ ਸਾਰੇ ਲੋਕਾਂ ਨੇ ਇਸ ਤਰ੍ਹਾਂ ਪਹਿਲੀ ਵਾਰ ਆਪਣੀ ਜ਼ਿੰਦਗੀ ਦੇ ਗੀਤਾਂ ਦਾ ਚੇਹਰਾ ਦੇਖਿਆ।

ਹੁਣ ਉਹਨਾਂ ਨਾਟਕਕਾਰ ਗੁਰਸ਼ਰਨ ਸਿੰਘ ਹੁਰਾਂ ਨੂੰ ਇਥੇ ਬੁਲਾਇਆ ਹੈ।

ਨਾਟਕ ਸਾਹਿਤਧਾਰਾ ਦਾ ਇਕ ਅੰਗ ਹੈ। ਇਸ ਨੂੰ ਪੇਸ਼ ਕਰਨ ਲਈ ਸਟੇਜ ਵਿਧੀ ਬਣਦੀ ਹੈ। ਕਿਸੇ ਵੀ ਨਾਟਕ ਨੂੰ ਲਿਖ ਚੁਕਣ ਤੋਂ ਬਾਅਦ ਜਿਨ੍ਹਾਂ ਚਿਰ ਸਟੇਜ ਨਾ ਕੀਤਾ ਜਾ ਸਕੇ, ਉਤਨਾ ਚਿਰ ਲੋਕ ਉਸ ਦੀ ਰੂਹ ਤਕ ਨਹੀਂ ਪੁੱਜ ਸਕਦੇ।

ਗੁਰਸ਼ਰਨ ਸਿੰਘ ਨੇ ਨਾਟਕ ਲਿਖੇ, ਖਿਡਵਾਏ ਤੇ ਖੇਡੇ ਹਨ। ਉਨ੍ਹਾਂ ਨੇ ਨਾਟਕ ਨੂੰ ਪੰਜਾਬ ਦੀਆਂ ਯੂਨੀਵਰਸਿਟੀਆਂ ਤੋਂ ਬਾਹਰ, ਸਿੱਧੇ ਸਾਦੇ ਪੇਂਡੂ ਲੋਕਾਂ ਸਾਹਮਣੇ ਵੀ ਪੇਸ਼ ਕੀਤਾ ਹੈ। ਉਨ੍ਹਾਂ ਨੇ ਹਾਕਮ ਜਮਾਤ ਦਾ ਅਤੇ ਮਿਹਨਤੀ ਮਜ਼ਦੂਰ, ਕਿਸਾਨ ਵਰਗ ਦਾ ਚੇਹਰਾ-ਮੁਹਰਾ, ਇਤਿਹਾਸਕ-ਵਰਤਮਾਨ ਪ੍ਰਸੰਗ 'ਚ ਨਿਖਾਰ ਕੇ, ਨਾਟਕਾਂ ਰਾਹੀਂ ਆਪਣੇ ਦਰਸ਼ਕਾਂ, ਸਰੋਤਿਆਂ ਨੂੰ ਦਿਖਾਇਆ ਹੈ। ਉਨ੍ਹਾਂ ਦੇ ਨਾਟਕ ਤੇ ਨਾਟਕ ਕਲਾ ਲੋਕਾਂ ਵਿਚ ਇਸ ਤਰ੍ਹਾਂ ਮਕਬੂਲ ਹੋਏ ਹਨ ਜਿਵੇਂ ਨਾਨਕ ਸਿੰਘ ਦੇ ਨਾਵਲ, ਉਦਾਸੀ ਦੇ ਗੀਤ ਤੇ ਪਾਸ਼ ਦੀਆਂ ਕਵਿਤਾਵਾਂ।

ਕੈਨੇਡਾ ਵਿਚ ਰਹਿੰਦੇ ਕੁਝ ਲੋਕਾਂ, ਉਨ੍ਹਾਂ ਦੇ ਨਾਟਕ ਪਹਿਲਾਂ ਦੇਸ਼ ਵਿਚ ਦੇਖੇ ਸਨ, ਇਥੇ ਰਹਿੰਦੇ ਬਹੁਤ ਸਾਰੇ ਲੋਕਾਂ ਨੇ ਉਨ੍ਹਾਂ ਦੇ ਨਾਟਕਾਂ ਦੀ ਚਰਚਾ ਹੀ ਸੁਣੀ ਸੀ। ਹੁਣ ਜਦ ਉਹ ਇਥੇ ਆ ਰਹੇ ਹਨ ਤਾਂ ਇਹ ਕੈਨੇਡਾ ਦੇ ਪੰਜਾਬੀ ਜਗਤ ਦਾ ਸੁਭਾਗ ਹੀ ਹੈ ਕਿ ਉਹ, ਉਹਨਾਂ ਨੂੰ ਮਿਲ, ਦੇਖ ਤੇ ਉਨ੍ਹਾਂ ਦੀ ਨਾਟਕ ਕਲਾ ਪ੍ਰਦਰਸ਼ਨੀ ਨੂੰ ਮਾਣ ਸਕਣਗੇ।

**ਅਮਰਜੀਤ ਚਾਹਲ**

# ਨਾਟਕਕਾਰ ਗੁਰਸ਼ਰਨ ਸਿੰਘ

ਪੰਜਾਬੀ ਰੰਗ-ਮੰਚ ਨੂੰ ਪੇਂਡੂ ਦਰਸ਼ਕਾਂ ਨਾਲ ਜੋੜਨ ਵਾਲਾ ਅਤੇ ਪੰਜਾਬੀ ਨਾਟਕ ਵਿਚ ਅਗਾਂਹਵਧੂ ਪ੍ਰਵਿਰਤੀਆਂ ਨੂੰ ਇਕ ਵਿਲੱਖਣ ਅੰਦਾਜ਼ ਵਿਚ ਅੱਗੇ ਤੋਰਨ ਵਾਲਾ ਨਾਟਕਕਾਰ ਗੁਰਸ਼ਰਨ ਸਿੰਘ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ । ਪੰਜਾਬੀ ਸਾਹਿਤਕ-ਸਭਿਆਚਾਰਕ ਸਰਗਰਮੀਆਂ ਦੇ ਖੇਤਰ ਵਿਚ ਅਜਿਹੀ ਹਰਮਨ ਪਿਆਰਤਾ ਕਿਸੇ ਵਿਰਲੇ ਦੇ ਹੀ ਹਿੱਸੇ ਆਉਂਦੀ ਹੈ । ਨਾਟਕ-ਲੇਖਕ, ਨਾਟਕ-ਅਭਿਨੇਤਾ, ਨਾਟਕ-ਨਿਰਦੇਸ਼ਕ, ਨਾਟਕ-ਪ੍ਰਬੰਧਕ, ਸੰਪਾਦਕ ਅਤੇ ਪ੍ਰਕਾਸ਼ਕ ਦੀਆਂ ਯੋਗਤਾਵਾਂ ਅਤੇ ਇੰਨ੍ਹਾਂ ਯੋਗਤਾਵਾਂ ਵਿਚ ਸ਼ਾਮਲ ਹੋਈ ਅਗਾਂਹਵਧੂ ਸਿਧਾਂਤਕ ਪ੍ਰਤੀਬੱਧਤਾ ਦਾ ਨਾਂ ਹੀ ਗੁਰਸ਼ਰਨ ਸਿੰਘ ਹੈ ।

ਨਾਟਕ-ਲੇਖਕ ਦੇ ਤੌਰ 'ਤੇ ਗੁਰਸ਼ਰਨ ਸਿੰਘ ਨੇ ਪੰਜਾਬੀ ਸਾਹਿਤ ਵਿਚ ਗਿਣਾਂਤਮਕ ਅਤੇ ਗੁਣਾਂਤਮਕ ਦੋਹਾਂ ਪੱਖਾਂ ਤੋਂ ਅਦੁੱਤੀ ਹਿੱਸਾ ਪਾਇਆ ਹੈ । ਨਾਟਕ-ਅਭਿਨੇਤਾ ਦੇ ਤੌਰ 'ਤੇ ਉਸਦੀ ਪ੍ਰਭਾਵਸ਼ਾਲੀ ਆਵਾਜ਼ ਕੰਨਾਂ ਦੀ ਥਾਂ ਦਰਸ਼ਕਾਂ ਦੇ ਦਿਲਾਂ ਨਾਲ ਸਿਧਾ ਰਿਸ਼ਤਾ ਸਥਾਪਤ ਕਰ ਲੈਂਦੀ ਹੈ । ਨਾਟਕ-ਨਿਰਦੇਸ਼ਕ ਅਤੇ ਨਾਟਕ-ਪ੍ਰਬੰਧਕ ਦੇ ਤੌਰ 'ਤੇ ਪੰਜਾਬੀ ਰੰਗ-ਮੰਚ ਸਨੇਹੀਆਂ ਨੂੰ ਭਾਲਣਾ, ਉਨ੍ਹਾਂ ਦੀ ਕਲਾ ਨੂੰ ਤ੍ਰਾਸ਼ਣਾ, ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਸਥਾਪਨਾ ਕਰਨੀ, ਇਕ ਨਵੀਂ 'ਲੋਕ ਰੰਗ-ਮੰਚ' ਸ਼ੈਲੀ ਨੂੰ ਜਨਮ ਦੇਣਾ ਅਤੇ ਪੰਜਾਬੀ ਨਾਟ-ਕਲਾ ਨੂੰ ਸਤਿਕਾਰ ਯੋਗ ਅਤੇ ਹਰਮਨ ਪਿਆਰਾ ਬਣਾਉਣ ਲਈ ਭਰਪੂਰ ਯਤਨ ਕਰਨੇ ਗੁਰਸ਼ਰਨ ਸਿੰਘ ਦੀਆਂ ਕੁਝ ਮੁੱਖ ਪ੍ਰਾਪਤੀਆਂ ਹਨ ।

ਗੁਰਸ਼ਰਨ ਸਿੰਘ ਦੀ ਨਾਟਕ-ਲੇਖਣੀ ਦੇ ਮੁੱਖ ਲੱਛਣਾਂ ਨੂੰ ਸਮਝਣ ਲਈ ਉਸਦੀਆਂ ਪੰਜ ਪ੍ਰਤੀਨਿਧ ਪੁਸਤਕਾਂ ਵਿਚਲੇ ਦਸ ਨਾਟਕ ਵਿਚਾਰੇ ਜਾ ਸਕਦੇ ਹਨ ।

'ਬੰਦ ਕਮਰੇ' ਪੁਸਤਕ ਵਿਚ ਚਾਰ ਨਾਟਕ ਹਨ । 'ਬੰਦ ਕਮਰੇ' ਨਾਂ ਦਾ ਪਹਿਲਾ ਨਾਟਕ ਅਪਾਹਜ ਸੋਚਣੀ ਵਾਲੇ ਉਨ੍ਹਾਂ ਬੁੱਧੀਜੀਵੀਆਂ 'ਤੇ ਚੋਟ ਹੈ ਜਿਹੜੇ ਜ਼ਿੰਦਗੀ ਵਿਚ ਆਪ ਕੁਝ ਵੀ ਕਰਨ ਜੋਗੇ ਨਹੀਂ ਪਰ ਆਪਣੀਆਂ ਅਪੂਰਨ ਖਾਹਸ਼ਾਂ ਨੂੰ ਪੂਰਾ ਕਰਨ ਲਈ ਹੋਰਨਾਂ ਨੂੰ ਕਠਪੁਤਲੀਆਂ ਬਣਾਉਣਾ ਲੋਚਦੇ ਹਨ - ਵਿਅਕਤੀਗਤ ਆਜ਼ਾਦੀ ਜਾਂ ਲਿਬਰਲਇਜ਼ਮ ਦਾ ਢੌਂਗ ਰਚਦੇ ਹਨ । ਦੂਜੇ ਨਾਟਕ 'ਜਦੋਂ ਰੌਸ਼ਨੀ ਹੁੰਦੀ ਹੈ' ਵਿਚ ਜਿਥੇ ਇਕ ਪਾਸੇ ਕੁਟਲ ਰਾਜਨੀਤੀ ਦੇ ਸਿਰਜੇ ਦੰਭੀ ਕਾਨੂੰਨ ਅਤੇ ਧਰਮ ਦੇ ਮੌਕਾ ਪਰੱਸਤ ਮੋਹਰੀਆਂ ਦੇ ਭ੍ਰਿਸ਼ਟਾਚਾਰਕ ਫਰਮਾਣਾਂ ਦੇ, ਮਾਨਵਤਾ ਨੂੰ ਹਮੇਸ਼ਾਂ ਹਨੇਰੇ ਵਿਚ ਰੱਖਣ ਲਈ ਕੀਤੇ ਗੱਠ-ਜੋੜ ਦੀ ਹਕੀਕਤ ਬਿਆਨ ਕੀਤੀ ਹੈ, ਉਥੇ ਸਦੀਵੀ ਖੁਸ਼ੀ ਲਈ ਤਾਂਘਦੀ ਮਨੁੱਖ ਦੀ ਬੇਪਰਦ ਆਤਮਾ ਅਤੇ ਕ੍ਰਾਂਤੀਕਾਰੀ ਚੇਤਨਤਾ ਦੇ ਸੁਮੇਲ ਰਾਹੀਂ ਰੌਸ਼ਨੀ ਦੀਆਂ ਕਿਰਨਾਂ ਦਾ ਹੁਸਨ ਵੀ ਬਿਆਨ ਕੀਤਾ ਹੈ । 'ਹਵਾਈ ਗੋਲੇ' ਵਿਚ ਅਖੌਤੀ ਜਮਹੂਰੀਅਤ ਵਿਚ ਰਿਸ਼ਵਤਖੋਰੀ, ਅਫਸਰ-ਸ਼ਾਹੀ, ਕਮਿਸ਼ਨ-ਨਿਯੁਕਤੀ ਅਤੇ ਕਾਨੂੰਨ ਦਾ ਅਸਲਾ ਬਿਆਨ ਕੀਤਾ ਹੈ - ਅਜਿਹੇ ਰਾਜਨੀਤਕ ਢਾਂਚੇ ਵਿਚ ਸਰਕਾਰ ਅਤੇ ਆਪੋਜ਼ੀਸ਼ਨ ਦੋਵੇਂ ਜੰਤਾਂ ਦੀ ਆਵਾਜ਼ ਹੋਣ ਦਾ ਪਖੰਡ ਕਰਦੇ ਹਨ ਪਰ ਅਸਲ ਵਿਚ ਦੋਵੇਂ ਜਨਤਾ-ਧ੍ਰੋਹੀ ਹਨ - ਇੱਕੋ ਥੈਲੀ ਦੇ ਚੱਟੇ ਵੱਟੇ ਹਨ । 'ਸਿਉਂਕ' ਨਾਟਕ ਵਿਚ ਵਿਦਿਅਕ ਢਾਂਚੇ ਦਾ ਖੋਖਲਾਪਨ ਦਰਸਾਇਆ ਹੈ ਜੋ ਵਿਦਿਆਰਥੀਆਂ ਨੂੰ ਸਿਆਸੀ ਚੇਤਨਤਾ ਤੋਂ ਕੋਰਾ ਰੱਖਣ ਦੀਆਂ ਸਾਜ਼ਸ਼ਾਂ ਘੜਦਾ ਹੈ — ਧਾਰਮਕ ਅੰਧ ਵਿਸ਼ਵਾਸ਼, ਕਮਿਸ਼ਨਸ਼ਾਹੀ, ਅਫ਼ਸਰ-ਸ਼ਾਹੀ ਦੀਆਂ ਜਕੜਾਂ ਵਿਚ ਫਸੇ ਸਰਕਾਰੀ, ਨੀਮ ਸਰਕਾਰੀ ਅਤੇ ਗੈਰ ਸਰਕਾਰੀ ਅਦਾਰੇ ਨੌਜਵਾਨਾਂ ਦੀਆਂ ਡਿਗਰੀਆਂ ਨੂੰ ਬੇਰੋਜ਼ਗਾਰੀ ਦੇ ਖੂਹ ਵਿਚ ਧੱਕਦੇ ਹਨ ।

'ਘੁੰਮਣਘੇਰੀ' ਪੁਸਤਕ ਦਾ ਪਹਿਲਾ ਨਾਟਕ ਆਰਥਕ ਘੁੰਮਣਘੇਰੀ ਦੇ ਕਾਰਣਾਂ ਦੀ ਖੋਜ ਅਤੇ ਇਸਤੋਂ ਪੈਦਾ ਹੋਈ ਨਿਰਾਸਤਾ ਅਤੇ ਮੌਤ ਦਾ ਦੁਖਾਂਤ ਹੈ - "ਹਾਲੀ ਵੀ ਇਸ ਦੇਸ਼ ਵਿਚ ਬਹੁਤ ਸਾਰੇ ਸਵਾਲਾਂ ਦਾ ਹੱਲ ਇਸ ਤੋਂ ਸਿਵਾ ਹੋਰ ਹੈ ਵੀ ਕੋਈ ਨਹੀਂ ।" ਦੂਜਾ ਨਾਟਕ 'ਇਨਕਲਾਬ ਜ਼ਿੰਦਾਬਾਦ' ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਅਮਰ-ਕਥਾ 'ਤੇ ਉਸਰਿਆ ਹੈ - ਇਸਦਾ ਮੁਖ ਪਾਤਰ ਬਾਬਾ ਰਸਮੀ ਤੌਰ 'ਤੇ ਆਜ਼ਾਦ ਹਿੰਦੁਸਤਾਨ ਦਾ ਪ੍ਰਤੀਕ ਹੈ ਜੋ ਇਸ ਸਿੱਟੇ 'ਤੇ ਪੁੱਜਦਾ ਹੈ ਕਿ ਇਨਕਲਾਬ ਦੇ ਨਾਅਰੇ ਨੂੰ ਭੁੱਲ ਜਾਣ ਕਰਕੇ ਹੀ ਉਸਦੇ ਕਿਸਾਨ, ਮਜ਼ਦੂਰ, ਕਾਰੀਗਰ ਗਰੀਬੀ ਦੀ ਚੱਕੀ ਵਿਚ ਪਿਸ ਰਹੇ ਹਨ । 'ਜੰਗੀ ਰਾਮ ਦੀ ਹਵੇਲੀ' ਇਕ ਸ਼ਕਤੀਸ਼ਾਲੀ ਅਤੇ ਪ੍ਰਤੀਕਮਈ ਕਿਰਤ ਹੈ ਜਿਸ ਵਿਚਲੀ ਹਵੇਲੀ ਪੁਰਾਤਨ ਰੂੜੀਵਾਦੀ ਕਦਰਾਂ ਕੀਮਤਾਂ ਉਤੇ ਉਸਰੇ ਰਾਜਨੀਤਕ - ਧਾਰਮਕ - ਸੰਸਕ੍ਰਿਤਕ ਢਾਂਚੇ ਦੀ ਪ੍ਰਤੀਕ ਹੈ, ਜਿਸਨੂੰ ਮੌਜੂਦਾ ਲੋਟੂ ਨਿਜ਼ਾਮ ਤਰ੍ਹਾਂ ਤਰ੍ਹਾਂ ਦੇ ਹੱਥਕੰਡੇ ਵਰਤਕੇ ਖੜਾ ਰੱਖਣ ਦੀਆਂ ਨਾਕਾਮ ਕੋਸ਼ਿਸ਼ਾਂ ਕਰ ਰਿਹਾ ਹੈ - ਲੋਕਾਂ ਦੀ ਨਵੀਂ ਸੋਚਣੀ ਸਾਹਮਣੇ ਇਹ ਹਵੇਲੀ ਹੌਲੀ ਹੌਲੀ ਢਹਿ ਢੇਰੀ ਹੋ ਰਹੀ ਹੈ ।

'ਚਾਂਦਨੀ ਚੌਂਕ ਤੋਂ ਸਰਹਿੰਦ ਤੱਕ' ਨਾਟਕ ਸਿੱਖ ਇਤਿਹਾਸ ਵਿਚ ਗੁਰੂ ਤੇਗ ਬਹਾਦਰ ਦੀ ਸ਼ਹਾਦਤ, ਪੰਜ ਪਿਆਰਿਆਂ ਦੀ ਸਾਜਣਾ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਅਭੁੱਲ ਕਾਰਨਾਮਿਆਂ ਨਾਲ ਮੁਗਲ ਸਾਮਰਾਜ ਨਾਲ ਲਈ ਟੱਕਰ ਦੀ ਪਰਦਰਸ਼ਨੀ ਹੈ ਅਤੇ 'ਸੀਸ ਤਲੀ ਤੇ' ਇਸ ਸਦੀ ਦੇ ਤੀਜੇ ਦਹਾਕੇ ਵਿਚ ਅੰਗਰੇਜ਼ ਸਾਮਰਾਜ ਨੂੰ ਵਖਤ ਪਾਉਣ ਵਾਲੀ ਬਬਰ ਅਕਾਲੀ ਲਹਿਰ ਦੀਆਂ ਕੁਰਬਾਨੀਆਂ ਦੀ ਦਾਸਤਾਨ ਹੈ । 'ਧਮਕ ਨਗਾਰੇ ਦੀ' ਵਿਚ ਪੰਜਾਬ ਦੀ ਲੋਕ ਕਥਾ ਦੇ ਅਫਿਰਕੂ- ਨਾਇਕ ਦੁੱਲਾ ਭੱਟੀ ਨੂੰ ਅੱਜ ਦੇ ਰਾਜਨੀਤਕ ਪ੍ਰਸੰਗ ਵਿਚ ਪੁਨਰ - ਸਿਰਜਤ ਕਰਕੇ ਗੁਰਸ਼ਰਨ ਸਿੰਘ ਅਤੇ ਕਲਾ ਕੇਂਦਰ ਦੇ ਹੋਰਨਾਂ ਕਾਮਿਆਂ ਨੇ ਇਸ ਕਥਾ ਨੂੰ ਨਵੇਂ ਅਰਥ ਦਿੱਤੇ ਹਨ ।

ਇਸ ਸਰਸਰੀ ਵਿਚਾਰ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰਸ਼ਰਨ ਸਿੰਘ ਨੇ ਜਿਥੇ ਪੁਰਾਤਨ ਧਾਰਮਕ- ਇਤਿਹਾਸਕ ਵਿਰਸੇ ਵਿਚੋਂ ਚੋਣਵੀਆਂ ਘਟਨਾਵਾਂ ਨੂੰ ਅੱਜ ਦੇ ਰਾਜਨੀਤਕ ਪ੍ਰਸੰਗ ਵਿਚ ਪੇਸ਼ ਕਰਕੇ ਆਪਣੇ ਸੁਨੇਹੇ ਦੇ ਪ੍ਰਭਾਵ ਨੂੰ ਡੂੰਘਾ ਕਰਨ ਦਾ ਯਤਨ ਕੀਤਾ ਹੈ, ਉਥੇ ਨਿਰੋਲ ਸਮਕਾਲੀ ਸਥਿਤੀਆਂ ਨੂੰ ਆਧਾਰ ਬਣਾ ਕੇ ਵੀ ਕ੍ਰਾਂਤੀ ਦੇ ਉਸੇ ਹੀ ਸੁਨੇਹੇ ਤੱਕ ਪਹੁੰਚਣ ਦੇ ਸਫਲਤਾ ਭਰਪੂਰ ਯਤਨ ਕੀਤੇ ਹਨ :

— ਅਸੀਂ ਇੱਟਾਂ ਨੂੰ ਚੱਟੀਏ, ਜੇ ਜੀਂਦੇ ਲੋਕ ਮਰ ਰਹੇ ਹੋਣ !

— ਬਿਮਾਰੀ ਤੋਂ ਬਚਣ ਦਾ ਇਕੋ ਰਾਹ/ਭੁਰਦੀਆਂ ਕੰਧਾਂ ਦੇਵੋ ਢਾਹ ।

— ਜਿਹੜੇ ਹੱਥ ਢਾਹ ਸਕਦੇ ਨੇ/ਉਹ ਨਵਾਂ ਵੀ ਉਸਾਰ ਸਕਦੇ ਹਨ ।

(ਜੰਗੀ ਰਾਮ ਦੀ ਹਵੇਲੀ)

— ਤੁਹਾਡੇ ਵਿਚੋਂ ਜੋ ਚਾਹੁੰਦੇ ਨੇ ਕਿ ਜ਼ਿੰਦਗੀ ਖੁਸ਼ੀ ਨਾਲ ਜੀਵੀਏ ਤੇ ਧਰਤੀ 'ਤੇ ਐਸਾ ਸਮਾਜ ਬਣਾਇਆ ਜਾਵੇ ਜਿਸ ਵਿਚ ਕੋਈ ਦੂਜੇ ਦੀ ਮਿਹਨਤ ਦੀ ਲੁੱਟ-ਖਸੁੱਟ ਨਾ ਕਰ ਸਕੇ । ਉਹ ਇਸ ਚਬੂਤਰੇ 'ਤੇ ਆਏ - ਯਕੀਨ ਰੱਖੋ ਇਹ ਥਾਂ ਜ਼ਿੰਦਗੀ ਲਈ ਹੈ, ਉਹਦੀ ਜਿੱਤ ਲਈ ਉਹਦੀ ਜੈ ਜੈ ਕਾਰ ਲਈ ਹੈ ।

(ਜਦੋਂ ਰੌਸ਼ਨੀ ਹੁੰਦੀ ਹੈ)

— ਕਿਵ ਕੂੜੇ ਤੁਟੇ ਪਾਲੁ - ਇਹ ਝੂਠ ਦੀ ਕੰਧ ਕਿਸ ਤਰ੍ਹਾਂ ਟੁੱਟੇ, ਇਹ ਸਵਾਲ ਸਰਹਿੰਦ ਸ਼ਹਿਰ ਦੀ ਫਿਜ਼ਾ ਵਿਚ ਸੀ ਤੇ ਜਵਾਬ ਦਿਤਾ ਸੀ ਬੰਦੇ ਬਹਾਦੁਰ ਨੇ । ਇਹ ਸਵਾਲ ਅੱਜ ਵੀ ਸਾਡੇ ਦੇਸ਼ ਦੀ ਫਿਜ਼ਾ ਤੇ ਹੈ ਕਿ ਝੂਠ ਦਾ ਪਸਾਰਾ ਕਿਸ ਤਰ੍ਹਾਂ ਟੁੱਟੇ ਤੇ ਇਹਦਾ ਜਵਾਬ ਦੇਣਾ ਹੈ ਤੁਸੀਂ, ਜਿਹੜੇ ਬੰਦਾ ਬਹਾਦੁਰ ਦੇ ਵਾਰਸ ਹੋ । ਗੁਰੂ ਗੋਬਿੰਦ ਸਿੰਘ ਦੇ ਵਾਰਸ ਹੋ !

(ਚਾਂਦਨੀ ਚੌਂਕ ਤੋਂ ਸਰਹਿੰਦ ਤੱਕ)

ਇਉਂ ਗੁਰਸ਼ਰਨ ਸਿੰਘ ਦੇ ਨਾਟਕ ਭੂਤਕਾਲ ਦੇ ਇਤਿਹਾਸਕ ਯਥਾਰਥ ਨੂੰ, ਵਰਤਮਾਨ ਦੇ ਸਮਕਾਲੀ ਯਥਾਰਥ ਨੂੰ ਅਤੇ ਭਵਿਖ ਦੇ ਸਮਾਜਵਾਦੀ ਯਥਾਰਥ ਦੇ ਸੁਨੇਹੇ ਨੂੰ ਇਕੋ ਜਿੰਨੀ ਸ਼ਿੱਦਤ ਨਾਲ ਆਪਣੇ ਕਲਾਵੇ ਵਿਚ ਲਪੇਟਦੇ ਹਨ ।

ਵਿਸ਼ਿਆਂ ਦੀ ਵੰਨ ਸੁਵੰਨਤਾ, ਸਾਦਾ ਮੰਚ-ਜੜਤ ਅਤੇ ਮੰਚ ਸਾਮੱਗਰੀ, ਸਿੱਖ - ਇਤਿਹਾਸਕ ਨਾਟਕਾਂ ਵਿਚ ਪ੍ਰਸਿੱਧ ਇਤਿਹਾਸਕ ਵਿਅਕਤੀਆਂ ਨੂੰ ਮੰਚ ਉਤੇ ਨਾ ਪੇਸ਼ ਕੀਤੇ ਜਾਣ ਦੀਆਂ ਸੀਮਾਵਾਂ ਅਤੇ ਆਪਣਾ ਅਗਾਂਹਵਧੂ ਸੁਨੇਹਾ — ਇੰਨਾ ਸਾਰਿਆਂ ਨੂੰ ਸੰਤੁਲਤ ਰੂਪ ਵਿਚ ਪੇਸ਼ ਕਰਦਾ ਹੋਇਆ ਗੁਰਸ਼ਰਨ ਸਿੰਘ ਨਾਟਕ-ਕਲਾ ਦੀਆਂ ਮੂਲ ਲੋੜਾਂ ਤੋਂ ਕਿਤੇ ਵੀ ਅਵੇਸਲਾ ਨਹੀਂ ਹੁੰਦਾ । ਸੰਗੀਤ, ਵਿਅੰਗ, ਹਾਸ-ਰਸ, ਹਲਕਾ ਹਲਕਾ ਰੁਮਾਂਸ ਅਤੇ ਬੇਲੋੜੇ ਜਾਪਦੇ ਛੋਟੇ ਛੋਟੇ ਪਾਤਰਾਂ ਰਾਹੀਂ ਉਹ ਆਪਣੇ ਨਾਟਕਾਂ ਨੂੰ ਧਰਤੀ ਅਤੇ ਧਰਤੀ ਦੇ ਵਾਸੀਆਂ ਨਾਲ ਜੋੜੀ ਰੱਖਦਾ ਹੈ ।

ਇੱਕ ਪ੍ਰਕਾਸ਼ਕ ਵਜੋਂ 'ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ' ਦੇ ਸਰਪਰੱਸਤ ਦੇ ਰੂਪ ਵਿਚ ਉਸ ਨੇ ਬਹੁਤ ਸਾਰੇ ਨਵੇਂ ਲੇਖਕਾਂ ਦੀਆਂ ਪੁਸਤਕਾਂ ਬਹੁਤ ਹੀ ਵਾਜਬ ਕੀਮਤਾਂ 'ਤੇ ਛਾਪ ਕੇ ਪੰਜਾਬੀ ਵਿਚ ਪ੍ਰਕਾਸ਼ਕ ਸ਼ਬਦ ਨਾਲ ਜੁੜੇ ਵਿਹਾਰੀ-ਸਵਾਰਥ ਦੀਆਂ ਜੜ੍ਹਾਂ ਹਿਲਾ ਦਿਤੀਆਂ ਹਨ । ਇੱਕ ਸੰਪਾਦਕ ਵਜੋਂ 'ਸਮਤਾ' ਵਿੱਚ ਭਖਦੇ ਵਿਸ਼ਿਆਂ 'ਤੇ ਮੌਲਿਕ ਸੋਚਣੀ ਵਾਲੇ ਸੰਪਾਦਕੀ ਲਿਖਕੇ, ਉਸਾਰੂ ਬਹਿਸਾਂ ਨੂੰ ਜਨਮ ਦੇ ਕੇ, ਆਪਣੀ ਵਿਰੋਧਤਾ ਕਰਨ ਵਾਲੇ ਲੇਖਕਾਂ ਨੂੰ ਵਿਚਾਰ - ਪ੍ਰਦਰਸ਼ਨੀ ਦਾ ਮੌਕਾ ਦੇ ਕੇ ਉਸਨੇ ਅਗਾਂਹਵਧੂ ਪੰਜਾਬੀ ਪੱਤਰਕਾਰੀ ਵਿਚ ਇਕ ਮਹੱਤਵਪੂਰਨ ਸਥਾਨ ਪਰਾਪਤ ਕਰ ਲਿਆ ਹੈ ।

ਮਾਰਚ 1971 ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਕੀਤੀ ਗਈ "ਸਾਹਿਤ ਅਤੇ ਕਲਾ ਕਾਨਫਰੰਸ" ਸਮੇਂ ਸੰਪਾਦਤ ਕੀਤੀ ਉਸਦੀ 'ਨਿਸ਼ਾਨੀ' ਹਾਲੇ ਵੀ ਚੇਤੇ ਵਿਚ ਉਕਰੀ ਪਈ ਹੈ ਜਿਸ ਵਿਚ ਦੁਨੀਆਂ ਭਰ ਦੇ ਅਗਾਂਹਵਧੂ ਸਿਧਾਂਤਕਾਰਾਂ, ਕਵੀਆਂ ਅਤੇ ਨਾਟਕਕਾਰਾਂ ਦੀਆਂ ਕਿਰਤਾਂ ਦੇ ਚੋਣਵੇਂ ਟੁਕੜੇ ਨਗੀਨਿਆਂ ਵਾਂਗ ਜੜੇ ਹੋਏ ਹਨ । 'ਨਿਸ਼ਾਨੀ' ਵਿਚ ਗੁਰਸ਼ਰਨ ਸਿੰਘ ਦੇ ਆਰੰਭਕ ਸ਼ਬਦ ਸਨ : "ਜੋ ਕੁਝ ਕਰਨਾ ਹੈ ਖੁੱਲ੍ਹ ਕੇ ਕਰਾਂਗੇ, ਜੋ ਕੁਝ ਕਹਿਣਾ ਹੈ ਸਪੱਸ਼ਟ ਕਰਾਗੇ !" ਬਹੁਤ ਸਾਰੇ ਹੋਰਨਾਂ ਨੂੰ ਨਾਲ ਲਈ ਗੁਰਸ਼ਰਨ ਸਿੰਘ ਦ੍ਰਿੜਤਾ ਨਾਲ ਆਪਣੇ ਇਸ ਸੁਨੇਹੇ 'ਤੇ ਪਹਿਰਾ ਦਿੰਦਾ ਆ ਰਿਹਾ ਹੈ । ਇਹ ਕੈਨੇਡਾ ਦੇ ਕਲਾ-ਪਰੇਮੀਆਂ ਦੀ ਖੁਸ਼ਕਿਸਮਤੀ ਹੈ ਕਿ ਛੇਤੀ ਹੀ ਸਾਨੂੰ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਅਤੇ ਗੁਰਸ਼ਰਨ ਸਿੰਘ ਦੀ ਕਲਾ-ਪਰਦਰਸ਼ਨੀ ਨੂੰ ਮਾਨਣ ਦਾ ਮੌਕਾ ਮਿਲੇਗਾ ।

**ਸੁਰਿੰਦਰ ਧੰਜਲ**
**(ਸੰਪਦਕ 'ਵਤਨੋਂ ਦੂਰ')**

---

# ਨਾਟਕਕਾਰ ਗੁਰਸ਼ਰਨ ਸਿੰਘ ਕੈਨੇਡਾ ਵਿਚ

**ਸਾਧੂ**

ਪੰਜਾਬੀ ਰੰਗ ਮੰਚ ਦੇ ਖੇਤਰ ਵਿਚ ਆਪਣੀ ਨਿਵੇਕਲੀ ਥਾਂ ਰੱਖਣ ਵਾਲੇ ਨਾਟਕਕਾਰ ਸਰਦਾਰ ਗੁਰਸ਼ਰਨ ਸਿੰਘ ਜੀ ਥੋੜੇ ਸਮੇਂ ਲਈ ਆਪਣੇ ਸਹਿਯੋਗੀਆਂ ਸਮੇਤ ਕੈਨੇਡਾ ਆ ਰਹੇ ਹਨ । ਉਹਨਾਂ ਦਾ ਇਥੇ ਆਉਣਾ ਇਕ ਖੁਸ਼ਖਬਰੀ ਹੈ ਤੇ ਅਸੀਂ ਜਿਹੜੇ ਪੰਜਾਬ ਤੋਂ ਦੂਰ ਵਸਦੇ ਹਾਂ ਉਹਨਾਂ ਦੇ ਨਾਟਕਾਂ ਨੂੰ ਮਾਣ ਸਕਾਂਗੇ । ਗੁਰਸ਼ਰਨ ਸਿੰਘ ਨੇ ਪੰਜਾਬ ਦੇ ਪਿੰਡਾਂ ਵਿਚ ਜਾ ਜਾ ਆਪਣੇ ਨਾਟਕ ਖੇਡੇ ਹਨ ਤੇ ਇਸ ਤਰ੍ਹਾਂ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਰੰਗ ਮੰਚ ਨਾਲ ਜੋੜਿਆ ਹੈ । ਪੰਜਾਬ ਵਿਚ ਰੰਗ ਮੰਚ ਸ਼ਹਿਰਾਂ ਵਿਚ ਸਥਾਪਤ ਹਨ ਤੇ ਪਿੰਡਾਂ ਵਿਚ ਅਕਸਰ ਤੂੰਬੀ ਤੇ ਘਟੀਆ ਗੀਤ ਗਾਉਣ ਵਾਲੇ ਹੀ ਵਿਆਹਾਂ ਤੇ ਅਖੰਡਪਾਠਾਂ ਤੇ ਪਹੁੰਚਦੇ ਹਨ । ਗੁਰਸ਼ਰਨ ਸਿੰਘ ਨੇ ਇਸ ਘਾਟ ਨੂੰ ਹੀ ਪੂਰਿਆਂ ਨਹੀਂ ਕੀਤਾ, ਸਗੋਂ ਲੋਕਾਂ ਦੇ ਸਮਝ ਆਉਣ ਵਾਲੇ ਉਹਨਾਂ ਦੇ ਇਤਿਹਾਸਕਤ ਵਿਰਸੇ ਨੂੰ ਲੈ ਕੇ ਲਿਖੇ ਅਗਾਂਹਵਧੂ ਸੇਧ ਵਾਲੇ ਨਾਟਕ ਪੇਸ਼ ਕੀਤੇ ਹਨ । ਹੁਣ ਉਹਨਾਂ ਦੇ ਇਥੇ ਆਉਣ ਤੇ ਉਹਨਾਂ ਦੇ ਨਾਟਕ ਮਾਨਣ ਦਾ ਸੁਨਿਹਰੀ ਮੌਕਾ ਮਿਲੇਗਾ ।

ਗੁਰਸ਼ਰਨ ਸਿੰਘ ਸਿਰਫ ਪੰਜਾਬੀ ਨਾਟਕ ਦੇ ਸਬੰਧ ਵਿਚ ਹੀ ਨਹੀਂ ਪੰਜਾਬੀ ਸਾਹਿਤ ਤੇ ਕਲਾ ਦੇ ਹੋਰ ਖੇਤਰਾਂ ਵਿਚ ਵੀ ਕਾਫੀ ਜਾਣਿਆ ਤੇ ਸਤਿਕਾਰਿਆ ਜਾਂਦਾ ਨਾਂ ਹੈ । 'ਸਮਤਾ' ਤੇ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਰਾਹੀਂ ਸਾਹਿਤਕ ਹਲਕਿਆਂ ਵੀ ਉਨ੍ਹਾਂ ਨੇ ਕਾਫੀ ਅਗਾਂਹਵਧੂ ਰੋਲ ਨਿਭਾਇਆ ਹੈ ਤੇ ਆਪਣੀ ਨਿਵੇਕਲੀ ਥਾਂ ਬਣਾ ਲਈ ਹੈ । ਗੁਰਸ਼ਰਨ ਸਿੰਘ ਦੀ ਦੇਣ ਸਿਰਫ ਇੰਨੀ ਹੀ ਨਹੀਂ ਕਿ ਉਹ ਡਰਾਮੇ ਲਿਖਦਾ ਤੇ ਪੇਸ਼ ਕਰਦਾ ਹੈ ਜਾਂ ਸਮਤਾ ਤੇ ਕਿਤਾਬਾਂ ਛਾਪ ਕੇ ਸਾਹਿਤ ਦੀ ਸੇਵਾ ਕਰਦਾ ਹੈ । ਅਜਿਹਾ ਤਾਂ ਹੋਰ ਵੀ ਬਹੁਤ ਲੋਕ ਕਰਦੇ ਹਨ । ਉਸਨੂੰ ਜੋ ਗੱਲ ਬਾਕੀਆਂ ਤੋਂ ਵੱਖਰਾ ਕਰਦੀ ਹੈ ਉਹ ਹੈ ਕਿ ਇਹ ਸਭ ਕੁਝ ਉਹ ਬਿਨਾਂ ਕਿਸੇ ਲੁਕ ਲੁਕਾ ਦੇ, ਬਿਨਾਂ ਕਿਸੇ ਡਰ ਦਬਾਅ ਦੇ ਇਕ ਖਾਸ ਮਕਸਦ ਲਈ ਕਰਦਾ ਹੈ । ਤੇ ਉਹਦਾ ਮਕਸਦ ਹੈ ਲੋਕਾਂ ਨੂੰ ਖੁਸ਼ਹਾਲ ਦੇਖਣ ਦਾ, ਉਹਨਾਂ ਦੀ ਹੋ ਰਹੀ ਲੁੱਟ ਖਸੁੱਟ ਰੋਕਣ ਦਾ ਮਨੁੱਖ ਨੂੰ ਮਨੁੱਖ ਦੇ ਸਮਾਜ ਨੂੰ ਪੂਰੀ ਤਰ੍ਹਾਂ ਆਜ਼ਾਦ ਦੇਖਣ ਦਾ ।

ਇਸੇ ਕਰਕੇ ਉਹ ਜਦ ਵੀ ਕੋਈ ਨਾਟਕ ਲਿਖਦਾ ਜਾਂ ਪੇਸ਼ ਕਰਦਾ ਹੈ ਤਾਂ ਉਹ ਲੋਕਾਂ ਦੀ ਬੋਲੀ ਵਿਚ, ਲੋਕਾਂ ਦੇ ਇਤਿਹਾਸ ਨਾਲ ਬੱਝਾ, ਲੋਕਾਂ ਦੀਆਂ ਮੁਸ਼ਕਲਾਂ ਤੇ ਜਦੋ-ਜਹਿਦਾਂ ਦੀ ਗੱਲ ਕਰਦਾ ਹੈ । ਉਹ ਆਪਣੇ ਸਾਥੀਆਂ ਨੂੰ ਲੈ ਕੇ ਪੰਜਾਬ ਦੇ ਪਿੰਡ ਪਿੰਡ ਜਾਂਦਾ ਹੈ, ਬਿਨਾਂ ਮੰਚ ਦੀਆਂ ਸਹੂਲਤਾਂ ਦੇ ਉਹ ਗੱਡਿਆਂ ਉਪਰ ਚੜ੍ਹਕੇ ਹੀ ਡਰਾਮੇ ਪੇਸ਼ ਕਰਦਾ ਹੈ । ਲੋਕਾਂ ਨੂੰ ਉਹਨਾਂ ਦੇ ਇਤਿਹਾਸਕ ਵਿਰਸੇ ਤੋਂ ਜਾਣੂ ਕਰਾ ਕੇ ਮੌਜੂਦਾ ਜਦੋ-ਜਹਿਦ ਲਈ ਪ੍ਰੇਰਦਾ ਹੈ । ਜੀਵਨ ਨੂੰ ਸੋਹਣਾ ਤੇ ਖੁਸ਼ਹਾਲ ਬਣਾਉਣ ਲਈ ਉਹ ਜਦੋ-ਜਹਿਦ ਨੂੰ ਜ਼ਰੂਰੀ ਸਮਝਦਾ ਹੈ । ਲੋਕਾਂ ਨੂੰ ਇਸ ਲਈ ਤਿਆਰ ਕਰਨ ਲਈ ਉਹ ਕਲਾ ਦੀ ਵਰਤੋਂ ਕਰਦਾ ਹੈ । 'ਕਲਾ ਕਲਾ ਲਈ' ਵਰਗੀ ਭੁਲੇਖੇ ਪਾਊ ਵਿਰਤੀ ਦਾ ਉਹ ਆਪਣੇ ਕੰਮਾਂ ਰਾਹੀਂ ਖੰਡਨ ਕਰਦਾ ਹੈ ।

ਉਸੇ ਤਰ੍ਹਾਂ 'ਸਮਤਾ' ਵਿਚ ਉਹ ਸਿਰਫ ਸਾਹਿਤ ਹੀ ਨਹੀਂ ਛਾਪਦਾ ਸਗੋਂ ਲੋਕਾਂ ਦੀਆਂ ਮੁਸ਼ਕਲਾਂ ਤੇ ਉਹਨਾਂ ਦੇ ਸੰਘਰਸ਼ ਨੂੰ ਮੁਖਤਾਬ ਸਾਹਿਤ ਛਾਪਦਾ ਹੈ । ਆਪਣੀਆਂ ਸੰਪਾਦਕੀ ਟਿਪਣੀਆਂ ਰਾਹੀਂ ਉਹ ਉਹਨਾਂ ਮਸਲਿਆਂ ਨੂੰ ਬੜੇ ਸਿੱਧੇ ਤੇ ਸਾਫ ਰੂਪ ਵਿਚ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ । ਜਿਹਨਾਂ ਨੂੰ ਸਾਡੇ ਬੁੱਧੀਜੀਵੀ ਅਕਸਰ ਵਿਚਾਰਨਾ ਆਪਣੀ ਬੁੱਧੀ ਤੋਂ ਥੱਲੇ ਸਮਝਦੇ ਹਨ । ਜਾਂ ਫੇਰ ਜਦੋਂ ਉਹ ਉਹਨਾਂ ਬਾਰੇ ਲਿਖਦੇ ਹਨ ਤਾਂ ਆਮ ਪਾਠਕਾਂ ਦੇ ਪੱਲੇ ਕੁਝ ਨਹੀਂ ਪੈਂਦਾ । ਇਸੇ ਕਰਕੇ ਜਿਥੇ ਬਾਕੀ ਦੇ ਪੰਜਾਬੀ ਰਸਾਲੇ ਜਾਂ ਤਾਂ ਨਿਰੋਲ ਸਾਹਿਤਕ ਹੋਣ ਦੇ ਭੁਲੇਖੇ ਵਿਚ ਕੁਝ ਵੀ ਨਵਾਂ ਤਾਜਾ ਜਾਂ ਦਿਲ ਨੂੰ ਟੁੰਬਣ ਵਾਲਾ ਪੇਸ਼ ਨਹੀਂ ਕਰਦੇ ਤੇ ਖੱਬੀ ਪਹੁੰਚ ਵਾਲੇ ਰਸਾਲੇ ਆਪਣਾ ਬਹੁਤ ਸਮਾਂ ਇਕ ਦੂਜੇ ਉਪਰ ਨੁਕਤਾਚੀਨੀ ਵਿਚ ਹੀ ਲਾਉਂਦੇ ਹਨ, ਉਥੇ ਸਮਤਾ ਹਰ ਵਾਰੀ ਨਵਾਂ ਤਾਜਾ ਸਾਹਿਤ ਲੈ ਕੇ ਪੇਸ਼ ਹੁੰਦਾ ਹੈ ।

ਪੰਜਾਬੀ ਪੁਸਤਕਾਂ ਛਾਪਣ ਦੇ ਧੰਦੇ ਵਿਚ ਜੋ ਹਨੇਰੀ ਝੁਲਦੀ ਹੈ ਉਸਤੋਂ ਬਚਿਆਂ ਹੋਇਆਂ ਦੀ ਜੇ ਕੋਈ ਵਧੀਆ ਉਦਾਹਰਣ ਹੈ ਤਾਂ ਉਹ ਹੈ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ । ਇਸ ਪ੍ਰਕਾਸ਼ਨਾਂ ਦੇ ਦੋ ਖਾਸ ਪਹਿਲੂ ਹਨ ਜਿਹੜੇ ਇਸਨੂੰ ਬਾਕੀਆਂ ਤੋਂ ਵੱਖਰਾ ਕਰਦੇ ਹਨ । ਪਹਿਲਾ ਤਾਂ ਇਹ ਹੈ ਕਿ ਇਹ ਸਿਰਫ ਚੋਣਵੀਆਂ ਕਿਤਾਬਾਂ ਹੀ ਛਾਪਦੇ ਹਨ । ਕਿਤਾਬਾਂ ਦੀ ਚੋਣ ਉਪਰ ਦੱਸੇ ਮਕਸਦ ਮੁਤਾਬਕ ਹੁੰਦੀ ਹੈ ਕਿਸੇ ਨਿਜੀ ਮੁਨਾਫੇ ਜਾਂ ਲੋੜ ਲਈ ਨਹੀਂ । ਹਰ ਉਸ ਕਿਤਾਬ ਨੂੰ ਤਰਜੀਹ ਦਿੱਤੀ ਜਾਂਦੀ ਹੈ ਜਿਹੜੀ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਹੀ ਰੂਪ ਵਿਚ ਪੇਸ਼ ਕਰੇ ਤੇ ਉਹਨਾਂ ਤੋਂ ਨਿਜਾਤ ਪਾਉਣ ਲਈ ਰਾਹ ਦਿਖਾਵੇ । ਦੂਜਾ ਪਹਿਲੂ ਹੈ ਕਿ ਕਿਤਾਬਾਂ ਇਸ ਨਿਸ਼ਾਨੇ ਲਈ ਛਾਪੀਆਂ ਜਾਂਦੀਆਂ ਹਨ ਕਿ ਉਹ ਪੰਜਾਬ ਦਾ ਹਰ ਗਰੀਬ ਤੋਂ ਗਰੀਬ ←

ਪਾਠਕ ਵੀ ਖ੍ਰੀਦ ਸਕੇ । ਕਿਤਾਬਾਂ ਸਾਦੀਆਂ ਛੋਟੇ ਸਾਈਜ਼ ਦੀਆਂ ਛਾਪੀਆਂ ਜਾਂਦੀਆਂ ਹਨ । ਜਿਥੇ ਅੱਜ ਤੱਕ ਪੰਜਾਬੀ ਵਿਚ ਵੱਡੀਆਂ ਵੱਡੀਆਂ ਤੇ ਚਮਕੀਲੀਆਂ ਕਿਤਾਬਾਂ ਛਾਪਣ ਦੀ ਰੁਚੀ ਵਧ ਰਹੀ ਹੈ ਤੇ ਜਿਹਨਾਂ ਦੀ ਕੀਮਤ ਪੰਦਰਾਂ ਵੀਹ ਰੁਪਏ ਤੋਂ ਲੈ ਕੇ ਕਈ ਵਾਰੀ ਸੈਂਕੜਿਆਂ ਤਕ ਹੁੰਦੀ ਹੈ । ਉਥੇ ਗੁਰਸ਼ਰਨ ਸਿੰਘ ਵਲੋਂ ਛਾਪੀਆਂ ਕਿਤਾਬਾਂ ਦੀ ਕੀਮਤ ਦੋ ਰੁਪਏ ਚਾਰ ਰੁਪਏ ਜਾਂ ਛੇ ਰੁਪਏ ਤੋਂ ਵੱਧ ਨਹੀਂ ਹੁੰਦੀ । ਪੰਜਾਬੀ ਬੋਲੀ ਤੇ ਸਾਹਿਤ ਦੀ ਸਿਹਤ ਲਈ ਕੂਕਦੇ ਲੋਕਾਂ ਲਈ ਇਹ ਇਕ ਵੰਗਾਰ ਹੈ । ਵੱਧ ਤੋਂ ਵੱਧ ਪੰਜਾਬੀਆਂ ਨੂੰ ਪੜ੍ਹਨ ਦੀ ਆਦਤ ਪਾਉਣ ਲਈ ਸਾਹਿਤ ਦਾ ਸਸਤਾ ਹੋਣਾ ਲਾਜ਼ਮੀ ਹੈ ।

ਜਦੋਂ ਗੁਰਸ਼ਰਨ ਸਿੰਘ ਉਪਰ ਦੱਸਿਆ ਸਭ ਕੁਝ ਪੰਜਾਬ ਵਿਚ ਰਹਿ ਕੇ ਕਰਦਾ ਹੈ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਸਰਕਾਰ ਜਿਹੜੀ ਲੋਕਾਂ ਲਈ ਉਠਦੇ ਹਰ ਬੋਲ ਨੂੰ ਬੰਦ ਕਰਨਾ, ਲੋਕਾਂ ਲਈ ਉਠਦੀ ਹਰ ਬਾਂਹ ਨੂੰ ਤੋੜਨਾ ਆਪਣੀ ਹੋਂਦ ਲਈ ਜ਼ਰੂਰੀ ਸਮਝਦੀ ਹੈ, ਕੀ ਉਹ ਇਸ ਬਾਰੇ ਕੁਝ ਨਹੀਂ ਕਰਦੀ । ਜਵਾਬ ਬੜਾ ਸਾਫ ਹੈ ਕਿ ਸਰਕਾਰ ਹਮੇਸ਼ਾਂ ਹਰ ਕੋਸ਼ਿਸ਼ ਕਰਦੀ ਹੈ ਤੇ ਸਿੱਟੇ ਵਜੋਂ ਗੁਰਸ਼ਰਨ ਸਿੰਘ ਕਈ ਵਾਰ ਜ਼ੇਲ੍ਹ ਜਾ ਚੁੱਕਾ ਹੈ । ਆਪਣੇ ਕਾਫੀ ਉਪਰਲੇ ਦਰਜੇ ਦੀ ਨੌਕਰੀ ਗੁਆ ਚੁਕਾ ਹੈ ਤੇ ਨਿੱਤ ਨਵੀਆਂ ਮੁਸ਼ਕਲਾਂ ਦਾ ਸਾਹਮਣਾ ਕਰਦਾ ਹੈ । ਇਥੋਂ ਤੱਕ ਕਿ ਉਹਨੂੰ ਕੈਨੇਡਾ ਆਉਣ ਲਈ ਪਾਸਪੋਰਟ ਲੈਣ ਲਈ ਮਹੀਨਿਆਂ ਬੱਧੀ ਖਜ਼ਲ ਖੁਆਰ ਹੋਣਾ ਪਿਆ । ਪਰ ਉਹ ਇਨਕਲਾਬੀਆਂ ਦੀ ਉਸ ਲਾਈਨ ਵਿਚ ਲੱਗਾ ਹੋਇਆ ਹੈ ਜਿਹਨੇ ਲੋਕਾਂ ਲਈ ਕੁਰਬਾਨੀ ਕਰਨੀ ਆਪਣੀ ਜ਼ਿੰਦਗੀ ਦਾ ਮਨੋਰਥ ਮਿਥਿਆ ਸੀ ਤੇ ਮਿਥਿਆ ਹੋਇਆ ਹੈ ।


## ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਪੰਜਾਬੀ ਦੇ ਡਰਾਮੇ

- ਜਿਨ੍ਹ ਸੱਚ ਪੱਲੇ ਹੋਇ
- ਚਾਂਦਨੀ ਚੌਂਕ ਤੋਂ ਸਰਹਿੰਦ ਤੱਕ
- ਟੋਆ

ਸ਼ਨਿਚਰਵਾਰ, 28 ਮਈ, 1983, ਸ਼ਾਮ ਦੇ 7 ਵਜੇ
ਵੈਨਕੂਵਰ ਟੈਕਨੀਕਲ ਸੈਕੰਡਰੀ ਸਕੂਲ
2600 ਈਸਟ ਬਰਾਡਵੇ, ਵੈਨਕੂਵਰ

29 ਮਈ 1983, ਐਤਵਾਰ ਨੂੰ ਵਿਕਟੋਰੀਆ ਸ਼ਾਮ 3 ਵਜੇ ਐਸ. ਜੇ. ਵਿਲਸ ਜੂਨੀਅਰ ਸੈਕੰਡਰੀ ਸਕੂਲ ਟੋਪਾਜ਼ ਐਵੇਨਿਊ, ਵਿਕਟੋਰੀਆ
ਟਿਕਟ: ਸਿਰਫ 6 ਡਾਲਰ

**ਪ੍ਰੋਗਰਾਮ ਵਿਚ ਭਾਰਤ ਤੋਂ ਆਏ ਕਲਾਕਾਰਾਂ ਅਤੇ ਲੋਕਲ ਕਲਾਕਾਰ ਗੀਤ ਸੰਗੀਤ ਭੀ ਪੇਸ਼ ਕਰਨਗੇ**

ਹੋਰ ਜਾਣਕਾਰੀ ਲਈ ਫੋਨ ਕਰੋ:
ਨਿਰਮਲ ਰਤਨ - 584-7942
ਹਰੀ ਸ਼ਰਮਾ - 420-2972
ਹਰਿੰਦਰ ਮਾਹਲ - 588-0002



ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੇਰਿਕਾ(ਇਪਾਨਾ)

# ਅਸਲ ਵਿਚ ਖਾਲਿਸਤਾਨ ਕੀ ਹੈ ?

**(ਅਖੌਤੀ ਖਾਲਿਸਤਾਨ ਮੁਖੀ ਜਗਜੀਤ ਸਿੰਘ ਨਾਲ 2 ਅਪਰੈਲ 1983 ਨੂੰ ਕੀਤੀ ਟੇਪ ਰਿਕਾਰਡਿਡ ਇੰਟਰਵਿਊ ਤੇ ਅਧਾਰਤ)**

**(ਲੜੀ ਜੋੜਨ ਲਈ ਕੈਨੇਡਾ ਦਰਪਣ ਦਾ 1 ਮਈ 1983 ਦਾ ਅੰਕ ਪੜ੍ਹੋ)**

ਪ੍ਰ:— ਜਿਥੋਂ ਤੱਕ ਸਧਾਰਨ ਬੰਦਾ ਜਿਹੜਾ ਇਥੋਂ ਦੇ ਇਕ ਦੋ ਅਖਬਾਰ ਪੜ੍ਹਦਾ ਉਸ ਤੋਂ ਆਮ ਸਧਾਰਨ ਬੰਦੇ ਦਾ ਪ੍ਰਭਾਵ ਇਹ ਹੈ ਕਿ ਜਿਹੜਾ ਖਾਲਿਸਤਾਨ ਹੈ ਉਹ ਉਹੀਓ ਖਾਲਿਸਤਾਨ ਹੈ ਜਿਹੜਾ ਆਇਆ ਤੁਲਾ ਖੁਮੇਨੀਸਤਾਨ ਹੈ ਈਰਾਨ ਵਿਚ — ?

ਉ:— Wrong Propaganda ਦਾ Wrong Interpretation ਦਾ ਤਾਂ ਮੇਰੇ ਕੋਲ ਕੋਈ ਇਲਾਜ ਨਹੀਂ ਨਾ। ਹੁਣ ਤੁਸੀਂ ਮੇਰੇ ਨਾਲ ਗੱਲ ਕਰ ਰਹੇ ਹੋ ਮੈਂ ਤੁਹਾਨੂੰ ਆਪਣਾ ਇਕ View ਦੱਸ ਰਿਹਾਂ । I have explained this view in Vancouver many times. ਮੈਂ ਕੋਈ 12-13 ਵਾਰੀ ਆਇਆਂ। ਇਹੋ ਸਵਾਲ ਮੈਨੂੰ ਪੁਛਿਆ। ਇਸਦਾ ਮੈਂ 12-13 ਵਾਰੀ ਜਵਾਬ ਦਿਤਾ । ਉਸੇ ਗੱਲ ਨੂੰ ਆਪਾਂ ਮੁੜ ਕੇ — ਜਾਣੀ ਇਹ Dishonesty ਆ । Interpretation ਦੀ ਜਾਣ ਕੇ । ਉਸ ਗੱਲ ਨੂੰ ਲਿਆਉਣਾ ਚਾਹੁੰਦੇ ਹਾਂ ਕਿ Communal ਇਹਨੂੰ ਬਣਾਉ । ਹਾਲਾਂ ਕਿ ਇਹ Communal ਹੈ ਨਹੀਂ ।

ਪ੍ਰ:— Clear cut ਅਸੀਂ ਇਹ Message ਦੇਣਾ ਚਾਹੁੰਦੇ ਹਾਂ ਲੋਕਾਂ ਨੂੰ ਕਿ ਤੁਹਾਡੀ Demand ਬਿਲਕੁਲ ਸੈਕੂਲਰ ਹੈ, Communal ਨਹੀਂ ਹੈ ?

ਉ:— ਬਿਲਕੁਲ ਸਿੱਖ ਅਸੂਲਾਂ ਦੇ ਮੁਤਾਬਕ ਹੈ। ਉਸ ਵਿਚ ਸਰਬੱਤ ਦੇ ਭਲੇ ਵਾਸਤੇ ਹੈ। ਇਹ ਇਕੱਲੇ ਸਿੱਖ ਦੇ ਭਲੇ ਲਈ ਨਹੀਂ ।

ਪ੍ਰ:— ਜੇ ਸਿੱਖ ਸਿਧਾਂਤਾ ਦੇ ਅਨੁਸਾਰ ਹੈ ਤਾਂ ਇਸਦਾ ਮਤਲਬ ਉਹ ਜਿਹੜਾ ਰਾਜ ਹੈ, So called Khalistan, ਉਸਦੀ ਸਰਕਾਰ ਜਾਂ ਉਸਦੀਆਂ Policies ਸਿੱਖ ਸਿਧਾਂਤਾ ਦੇ ਅਨੁਸਾਰ ਹੋਣਗੀਆਂ ?

ਉ:— ਬਿਲਕੁਲ । Naturally that is the most ideal and most advanced ਸਿਧਾਂਤ ਜਿਹੜਾ Social Evolution ਵਿਚ Evolve ਹੋਇਆ । Evolution ਹੁੰਦੀ ਰਹਿੰਦੀ ਹੈ ਨਾ । Static ਤਾਂ ਨਹੀਂ ਨਾ ਕੋਈ ਚੀਜ਼ ।

**ਪ੍ਰ:— ਜੇ ਕਰ ਉਥੋਂ ਦਾ ਹਿਦੂ ਜਿਹੜਾ ਉਸ ਸਿਧਾਂਤ ਨੂੰ ਨਾ ਮੰਨੇ ਫਿਰ ਕੀ ਹੋਵੇਗਾ ?**

**ਉ:— ਉਸਦੀ ਬਦਕਿਸਮਤੀ ਹੋਵੇਗੀ । ਚੰਗੀ ਗੱਲ ਨੂੰ .....**

ਪ੍ਰ:— ਉਸਤੇ force ਕੀਤਾ ਜਾਵੇਗਾ ?

ਉ:— ਨਾ ਕਿਉਂ force ਕਰਨਾ ? ਉਹ ਆਪ ਮੰਨੂਗਾ ਉਹ ਤਾਂ ਸਾਡੇ ਨਾਲੋਂ ਸਿਆਣੇ ।

ਪ੍ਰ:— ਜੇ ਉਹ ਨਾ ਮੰਨੇ ਤਾਂ ਫਿਰ ?

ਉ:— ਨਾ ਕਿਉਂ ਨਾ ਮੰਨੇ ? ਦਸ ਆਨੇ ਮੇਰੇ ਕੋਲ ਆ । ਮੈਂ ਤੁਹਾਨੂੰ ਸੋਲਾਂ ਆਨੇ ਤੁਹਾਨੂੰ ਦਿਆਂ ਤੁਸੀਂ ਆਖੋ ਮੈਂ ਸੋਲਾਂ ਆਨੇ ਨਹੀਂ ਲੈਣੇ ਇਹ ਕੋਈ ਅਕਲਮੰਦੀ ਹੈ । ਮੈਂ ਤੁਹਾਨੂੰ ਇਕ better ਚੀਜ਼ ਦੇਣ ਡਿਹਾਂ ਜਿਸ ਵਿਚ ਕੁਰੱਪਸ਼ਨ ਖਤਮ ਹੋਵੇਗੀ ਜੀਹਦੇ ਵਿਚ ਤੁਹਾਡੀ wealth ਅੱਗੇ ਨਾਲੋਂ ਵਧੇਗੀ । ਤੁਹਾਨੂੰ scope of industry ਦੂਣਾ ਹੋਵੇਗਾ । ਤੁਹਾਡੀ land ਜਿਹੜੀ ਹੈ ਅੱਗੇ ਨਾਲੋਂ better develop ਹੋਵੇਗੀ । ਉਹ ਤੁਹਾਨੂੰ economy ਵਿਚ more freedom ਹੋਵੇਗੀ । ਤੁਹਾਨੂੰ ਟਰੇਡ ਦੀ more freedom ਹੋਵੇਗੀ । ਤੁਸੀਂ ਉਸ ਗੱਲ ਨੂੰ ਭੰਜੋਗੀ ਕਿ ਤੁਸੀਂ ਟੈਕਸਾਂ ਨੂੰ .. ਵਿਚਾਰੇ ਹਿਦੂ ਨਾ ਤਾਂ ਜਿਹੜਾ ਦੁਕਾਨਦਾਰ ਆ ਸੇਲ ਟੈਕਸ ਵਾਲੇ ਨਹੀਂ ਟਿਕਣ ਦਿੰਦੇ । ਸੇਲਜ਼ ਟੈਕਸ ਇਨਸਪੈਕਟਰ । which can be done so easily ਤੁਸੀਂ ਫਲੈਟ ਰੇਟ ਦੇ ਉਤੇ ਲਾ ਦਿਉ । ਜਿਹੜੀ ਚੀਜ਼ ਅੰਦਰ ਇਮਪੋਰਟ ਹੋ ਰਹੀ ਹੈ production base ਉਤੇ ਲਾ ਦਿਉ । ਕੋਈ ਲੋੜ ਨਹੀਂ ਛਿੱਲ ਲਾਹਣ ਦੀ । ਕੋਈ ਲੋੜ ਨਹੀਂ ਕੱਲਾ ਕੱਲਾ ਉਸਦਾ ਰਜਿਸਟਰ ਫੋਲੋ । ਔਰ ਦਸ ਸਾਲ ਤੋਂ ਐਜੀਟੇਸ਼ਨ ਚੱਲ ਰਹੀ ਹੈ ਵਪਾਰ ਮੰਡਲ ਦੀ । ਇਕੱਲੇ ਸਿੱਖ ਨਾ ਤਾਂ ਏਨੀ ਚੀਜ਼ ਕਰ ਦਿਤੀ ਤਾਂ ਹਿਦੂ ਨੇ ਛਾਲਾਂ ਮਾਰਨੀਆਂ । ਸਾਡਾ ਪੈਸਾ ਵਧੇਗਾ । ਇਹ ਨਹੀਂ ਬਈ ਸਾਡਾ ਘਟਣੈ । ਟਰਾਂਸਪੋਰਟ ਹੀ ਲੈ ਲਓ । ਲੋਕ invest ਕਰਨਾ ਚਾਹੁੰਦੇ ਹਨ । ਕੈਨੇਡਾ ਦੇ ਲੋਕ ਇੰਗਲੈਂਡ ਦੇ ਲੋਕ । ਰੁਪਈਆ ਹੈਗਾ ਕੋਲ । ਤੁਸੀਂ ਪੰਜਾਬ ਵਿਚ ਜਾ ਕੇ ਚਾਹੁੰਦੇ ਹੋ ਕਿ ਕੁਝ ਕਰਾਂ । ਤੁਹਾਡੀ ਕੀ ਕਰਨ ਨੂੰ ਹੈ ਜੀ । ਤੁਹਾਨੂੰ ਤੇ ਉਹ ਨਠਾਉਣਾ ਚਾਹੁੰਦੇ ਆ rather ਇਹ real attack ਜੋ ਹੋਇਆ ਹੈ ਨਾ ਜਿਥੋਂ ਇਹ ਜਿਹੜੀ ਪੰਜਾਬੀ population ਜਿਹੜੀ ਬਾਹਰ ਆ ਗਈ ਹੈ ਉਹ ਇਸ ਨੂੰ ਪੰਜਾਬ ਨਾਲੋਂ ex-commute ਕਰਨਾ ਚਾਹੁੰਦੇ ਹਨ । ਬੜੀ deep rooted ਹੈ ਇਹ ਚਾਲ । ਆਹ ਜਿੰਨੀ ਲੈਂਡ ਦੀ ਪਾਲਸੀ ਦੇ ਖਿਲਾਫ ਅਸੀਂ ਲੜ ਰਹੇ ਹਾਂ ਇਹ ਸਾਰੀ ਇਹਦਾ ਹੀ ਇਕ ਹਿੱਸਾ ਹੈ । ਦੇਖੋ ਨਾ ਜਦੋਂ ਤੁਹਾਡੀ ਜ਼ਮੀਨ ਹੀ ਉਥੇ ਨਾ ਹੋਈ ਤੁਸੀਂ invest ਹੀ ਨਹੀਂ ਕਰ ਸਕਦੇ । ਤੁਹਾਡਾ ਕੀ intrest ਹੈ । ਉਥੇ ਤੁਹਾਡੇ ਵਲੋਂ ਉਹ ਢੱਠੇ ਖੂਹ ਵਿਚ ਜਾਏ । ਏਸ ਖਾਲਿਸਤਾਨ ਦੇ ਬਾਦ ਕਿਆ ਹਿਦੂ, ਕਿਆ ਮੁਸਲਮਾਨ, ਕਿਆ ਸਿੱਖ ਉਹਨੂੰ free ਹੋਵੇਗੀ ਅਸੀਂ ਇਹ ਬਣਾਵਾਂਗੇ free trade ਅਸੀਂ ਕੋਈ custom ਆਦਿ ਨਹੀਂ ਰੱਖਣਾ ।

ਪ੍ਰ:— ਫੌਜ ਰੱਖੋਗੇ ਤੁਸੀਂ ?

ਉ:— ਫੌਜ naturally defence ਤਾਂ ਹੋਵੇਗਾ ਸਾਡਾ ਲੇਕਿਨ it will be people's malitia Everybody in Khalistan will have to under go training ਜਿਦਾਂ ਸਵਿਟਜ਼ਰਲੈਂਡ ਦੇ ਵਿਚ ਹੈ । ਸਵਿਸ ਹੈ ਕੋਈ ਸਵਿਸ ਹੋਵੇ ਚਾਹੇ ਵੱਡਾ ਚਾਹੇ ਅਮੀਰ ਹੈ ਚਾਹੇ ਗਰੀਬ ਹੈ । ਉਸਨੂੰ ਦੋ ਮਹੀਨੇ ਜਾ ਕੇ ਫੌਜ ਵਿਚ ਲਾਉਣੇ ਪੈਂਦੇ ਹਨ । So that every citizen of Switzerland knows how to use weapons and defend. We call it military malitia ਲੇਕਿਨ ਇਹੀ ਅਸੀਂ construction brigades ਵੀ ਬਣਾ ਸਕਦੇ ਹਾਂ । ਜ਼ਰਾ ਕੁ ਥੋੜਾ ਜਿਹਾ, ਅਸੀਂ ਇਕੋ ਪੈਟਰਨ ਨੂੰ stick ਨਾ ਕਰੀਏ । ਥੋੜਾ ਜਿਹਾ China ਤੋਂ ਸਬਕ ਸਿੱਖੋ । ਅਸੀਂ ਉਦੋਂ ਥੋੜਾ ਜਿਹਾ experience ਕੀਤਾ ਸੀ roads making in villages ਗਿੱਲ ਮਨਿਸਟਰੀ ਦੇ ਵੇਲੇ । ਅਸੀਂ ਸੜਕਾਂ ਦਾ slogan ਦਿਤਾ ਸੀ । ਪੰਜਾਬ ਦਾ ਨਕਸ਼ਾ ਬਦਲ ਗਿਆ ਤੇ ਲੋਕ ਰੁਝ ਗਏ ਤੇ ਨਾਲੇ ਕਿੰਨਾ ਸਵਾਦ ਸੀ ਢੋਲ ਵੱਜਣ ਡਹੇ ਸੀ । ਪਿੰਡਾਂ 'ਚ ਲੋਕ ਮਿੱਟੀ ਪਾ ਰਹੇ ਸੀ । ਰੋਲਰ ਫਿਰ ਰਹੇ ਸੀ ਸੜਕਾਂ ਬਣਦੀਆਂ । ਦਬਾ ਦਬ ਸਾਰੇ ਪੰਜਾਬ ਦਾ ਨਕਸ਼ਾ ਬਦਲ ਗਿਆ । Why can't we create that sort of enthusiasm in the people instead of the stagnation, we can creat a construction brigade, employment for everyone next day. ਜਿਹੜਾ ਵੀ capable ਬੰਦਾ ਜਿੰਨਾਂ ਵੀ ਕੋਈ ਕੰਮ ਕਰ ਸਕਦਾ ਉਹਨਾਂ ਦੀ gradation ਕਰ ਦਿਉ some can join the construction brigade ਜਿਹੜੇ healthy ਨੇ they should get the military training. Military training is a must. ਜਿਹੜਾ ਸਿੱਖ ਧਰਮ ਵੀ ਹੈ ਸ਼ਸ਼ਤਰ ਦੀ ਵਿਦਿਆ ਆਉਣੀ ਸ਼ਸ਼ਤਰ ਦਾ ਜਾਨਣਾ । ਡੀਫੈਂਸ ਤੋਂ ਬਿਨਾਂ ਤਾਂ ਦੁਨੀਆਂ ਵਿਚ ਕੋਈ ਕਿਸੇ ਨੂੰ ਜੀਣ ਨਹੀਂ ਦਿੰਦਾ । Even ਤੁਹਾਡੇ ਤਾਂ ਕੁੜੀਆਂ ਨੂੰ ਸਿਖਾਲਣ ਡਹੇ ਨੇ ਕਰਾਟੀ । ਤੇ ਦੂਜੇ ਜਿਹੜੇ arts ਨੇ ਕਿ ਆਪਣੇ ਆਪ ਨੂੰ ਕਿੱਦਾਂ defend ਕਰਨਾ ।

**ਪ੍ਰ:— ਖਾਲਿਸਤਾਨ ਵਿਚ ਜਿਹੜੀਆਂ ਇਹ ਪਾਰਟੀਆਂ ਹਨ ਅਕਾਲੀ ਜਨ ਸੰਘੀ, ਕਮਿਊਨਿਸਟ ਪਾਰਟੀ, ਕਾਂਗਰਸ ਪਾਰਟੀ ਇਹ ਤੇ ਰਹਿਣਗੀਆਂ ?**

ਉ:— **ਇਹ ਪਾਰਟੀਆਂ ਸਾਰੀਆਂ ਇਕ ਵਾਰੀ ਖਤਮ ਹੋ ਜਾਣਗੀਆਂ । ਇਹ ਸਾਰੀਆਂ** create ਹੋਈਆਂ । ਇਹ ਪਾਰਲੀਮੈਂਟਰੀ ਡੈਮੋਕਰੇਸੀ ਦਾ ਨਤੀਜਾ ਹੈ । ਇਲੈਕਸ਼ਨਾਂ ਐ ਸਿਸਟਮ ਨਾਲ ਅਸੀਂ ਲੜਨਾ । Election system ਵੀ change ਕਰਾਂਗੇ । We are studying it now we have got a group of people who are working on it.

**ਪ੍ਰ:— ਕਿਸ ਕਿਸਮ ਦਾ ਸਿਸਟਮ ?**

**ਉ:— ਸਾਨੂੰ** Presidential type of government **ਜ਼ਿਆਦਾ suit ਕਰੇਗੀ ।**

**ਪ੍ਰ:— Two party system ?**

**ਉ:— Two party system - ਜਿਦਾਂ America ਦਾ system ਹੈ । American sysytem will suit us much better. ਉਹਦੇ ਨਾਲ French sysytem ਅਸੀਂ ਸਟੱਡੀ ਕਰ ਰਹੇ ਹਾਂ । French system is even slightly better. French ਵਿਚ ਬੜੀ instability ਰਹੀ ਹੈ । 32 ਤੋਂ ਲੈ ਕੇ 41-42 ਤੱਕ । ਆਹ ਹੁਣ ਉਥੇ ਡੇਗੌਲ ਰੀਪਬਲਕ ਆ ਫਰਾਂਸ ਵਿਚ ।** Now there is some stability inspite of ਭਾਵੇਂ ਸੋਸ਼ਲਿਸਟ ਆ ਜਾਣ ਭਾਵੇਂ ਕਮਿਊਨਿਸਟ ਆ ਜਾਣ ਲੇਕਿਨ Country continue ਕਰਦੀ ਹੈ । ਸਾਡੇ ਹੁਣ ਇਹ ਹੈ ਕਿ ਇਕ ਵੋਟ ਖਰੀਦ ਲਉ, ਇਕ ਐਮ. ਐਲ. ਏ. ਸਾਲੀ ਅਗਲੇ ਦਿਨ ਸਰਕਾਰ ਗਈ । ਚੁਕ ਲਉ ਬਿਸਤਰੇ ਆ ਜਾਉ ਘਰਾਂ ਨੂੰ । There is no stability , there is no planning, nobody can plann. ਸਾਡੇ ਚੀਫ ਮਨਿਸਟਰ ਨੂੰ ਹਰ ਵੇਲੇ ਇਹੋ ਆ ਕਿ ਕਿਹੜਾ ਮੇਰੇ ਨਾਲੋਂ ਟੁੱਟ ਗਿਆ ।

ਪ੍ਰ:— ਜੇ ਪੰਜਾਬ ਨੂੰ ਜਿਸਨੂੰ ਤੁਸੀਂ ਖਾਲਿਸਤਾਨ ਦਾ ਏਰੀਆ ਕਹਿੰਦੇ ਹੋ ਉਸਨੂੰ total autonomy ਦੇ ਕੇ ਉਸ ਤੋਂ ਬਾਅਦ ਦੋ ਪਾਰਟੀ ਸਿਸਟਮ ਬਣਾ ਦਿਤਾ ਜਾਵੇ ਉਸ ਮੁਲਕ ਦੇ ਵਿਚ ?

ਉ:— ਦੇਖ ਨਾ ਜੀ ਜੇ ਤਾ ਦੇ ਦਿੰਦੇ ਤਾਂ ਮੈਂ ਕਹਿਣਾ ਲੋੜ ਹੀ ਨਹੀਂ, ਮੈਨੂੰ ਕਾਹਦੀ ਲੋੜ ..

ਪ੍ਰ:— ਹੁਣ ਵੀ ਕੀ ਵਿਗੜਿਆ ?

ਉ:— ਹੁਣ ਵਿਗੜਿਆ ਬਹੁਤ ਕੁਝ ਆ ਜਦੋਂ ਤੁਸੀਂ

ਪ੍ਰ:— Reconciliation ?

ਉ:— ਉਹ ਮੈਂ ਧੈਰ reconcilaiation ਮੈਂ ਕੋਈ rule out ਨਹੀਂ ਕਰਦਾ । ਕਿ reconcilaition ਹੋ ਨਹੀਂ ਸਕਦੀ ।

ਪ੍ਰ:— Possibility ਹੈ reconcilation ਦੀ ?

ਉ:— ਕਿਉਂ ਨਹੀਂ ਜੀ possibility ਹੈ ।

ਪ੍ਰ:— So ?

ਉ:— Possibility ਆ ਬੜਾ ਸੋਚਿਆ ਜਾ ਸਕਦਾ ।

ਪ੍ਰ:— ਉਸਦੇ ਬਾਰੇ ਸੋਚਿਆ ਜਾ ਸਕਦੈ ?

ਉ:— ਸੋਚਿਆ ਜਾ ਸਕਦੇ ਲੇਕਿਨ ਜਿਹੜੀ ਆ ਨਾ ਸਿੱਖਾਂ ਦੀ ਜਿਹੜੀ ਹੋਂਦ ਉਹਨਾਂ ਦੀ ਸਭਿਅਤਾ ਉਹਨਾਂ ਦਾ ਕਲਚਰ ਉਹਦੀ ਜਿਹੜੀ protection ਹੈ ਨਾ ਉਹ ਬੜੀ ਜ਼ਰੂਰੀ ਹੈ । for the good of India. It is not for the good of the Sikhs. ਇਕ ਇਨਕਲਾਬੀ ਲਹਿਰ ਅਸੀਂ ਪੈਦਾ ਹੁੰਦੀ ਹੈ ਜੀ, ਪੰਜ ਲੱਖ ਬੰਦਾ ਉਸ ਵਿਚ ਮਰਿਆ ਹੋਵੇ । ਦੋ ਸਾਮਰਾਜਾਂ ਨੂੰ ਉਹਨੇ ਹਰਾਇਆ ਹੋਵੇ । ਤੁਸੀਂ ਉਸਨੂੰ ਖਤਮ ਕਰ ਦਿਉ ਇਹ ਤੁਹਾਡੀ misfortune ਨਹੀਂ ।

ਪ੍ਰ:— ਜਿਹੜਾ ਤੁਸੀਂ ਕਹਿ ਰਹੇ ਸੀ ਕਿ ਖਾਲਿਸਤਾਨ ਦੀ ਗੌਰਮਿੰਟ ਦੇ ਸਿਸਟਮ ਬਾਰੇ ਸਟੱਡੀ ਹੋ ਰਹੀ ਹੈ ਉਹ ਕਿੱਥੇ ਅਮਰੀਕਾ ਵਿਚ ਹੋ ਰਹੀ ਹੈ ਸਟੱਡੀ

ਉ:— ਨਹੀਂ ਇੰਗਲੈਂਡ ਦੇ ਵਿਚ We have set up a group of people who are studying ..

ਪ੍ਰ:— With the help of British Government ?

ਉ:— ਨਹੀਂ ਸਾਡੇ ਆਪਣੇ ਮੁੰਡੇ ਨੇ । Now we have got I think best students in Oxford and Cambridge.

ਪ੍ਰ:— ਜੇ ਕਰ ਇਹਨਾਂ ਮਾਮਲਿਆਂ 'ਚ ਤੁਹਾਨੂੰ ਲੋੜ ਪਵੇ ਕਿਸੇ ਕਿਸਮ ਦੀ help ਦੀ ਤਾਂ ਇਨ੍ਹਾਂ Governments ਤੋਂ available ਹੈ British Govt ਤੋਂ ਤੇ American Govt ਤੋਂ ?

ਉ:— ਸਾਨੂੰ ਸ਼ਾਇਦ ਲੋੜ ਨਹੀਂ ਹੈ ਇਨ੍ਹਾਂ ਤੋਂ ਲੇਕਿਨ available ਤਾਂ ਗੌਰਮਿੰਟਾਂ ਸਾਰੀਆਂ । ਹੁਣ ਇੰਡੀਆ ਲੈਣ ਹੀ ਡਹੀ ਆ help. ਪਾਕਿਸਤਾਨ ਮੰਗਦਾ ਈ ਰਿਹਾ । ਕਿਹੜੀ ਗੌਰਮਿੰਟ ਨੂੰ ਦੂਜੀ ਗੌਰਮਿੰਟ ਦੀ ਲੋੜ ਨਹੀਂ ਪੈਂਦੀ । World is now so interconnected ਨਾ ਤਾਂ ਇਕ ਦੂਜੇ ਨਾਲ ਟਰੇਡ ਤੋਂ ਬਿਨਾਂ ਹੀ ਅਸੀਂ ਜਿਉਂਦੇ ਰਹਿ ਸਕਦੇ ਹਾਂ ਕੋਈ ਮੁਲਕ ਵੀ ਹੋਵੇ । ਅਮਰੀਕਾ ਨੂੰ ਲੋੜ ਨਹੀਂ ? ਅਮਰੀਕਾ ਨੂੰ ਜ਼ਿੰਕ ਨਾ ਆਵੇ ਤਾਂ ਉਸੇ ਵੇਲੇ ਇਨ੍ਹਾਂ ਦੀ ਬੱਸ ਹੋ ਜਾਂਦੀ ਹੈ । ਅਮਰੀਕਾ ਨੂੰ ਇਕੱਲਾ ਅਲਮੀਨੀਅਮ ਨਾ ਆਵੇ ਤੁਹਾਡੇ ਉਥੋਂ ਕਿਟੀਮਟ ਸਾਉਥ ਅਫਰੀਕਾ ਤੋਂ ਤੁਹਾਡੀ ਉਸੇ ਵੇਲੇ ਐਲਵਿਨ ਬਰੀਗ ਬੰਦ ਹੋ ਜਾਂਦੀਆਂ ਨੇ ।

ਪ੍ਰ:— ਖਾਲਿਸਤਾਨ ਗੌਰਮਿੰਟ ਨੂੰ ਕਿਸੇ Country ਨੇ ਅੱਜ ਤੱਕ recognize ਕੀਤਾ ਜਾਂ ਕਿਸੇ ਗਰੁਪ ਨੇ ?

ਉ:— ਨਹੀਂ । ਅਜੇ ਤਾਂ ਅਸੀਂ ਆਪ ਹੀ ਨਹੀਂ recognize ਕੀਤਾ ਅਜੇ ਤਾਂ ਸਿੱਖਾਂ ਵਿਚ — ਤੁਸੀਂ ਦੇਖੋ ਨਾ ਐਨੇ ਸਿਆਣੇ ਬੰਦੇ ਹੋ, ਪੜ੍ਹੇ ਲਿਖੇ ਬੰਦੇ ਹੋ, ਉਸ ਟੱਬਰ ਦੇ ਵਿਚੋਂ ਓ ਜਿਹੜਾ ਹੈਗਾ ਮਤਲਬ ਸਿਆਸੀ ਟੱਬਰ ਆ । You don't come from an ordinary family ਅਜੇ ਤੁਸੀਂ ਇਸ ਵਹਿਮ ਵਿਚ ਪਏ ਤਾਂ ਬਾਕੀ ਗੌਰਮਿੰਟਾਂ .... ਮੇਰਾ ਜਿਹੜਾ ਨਾ ਮੈਨੂੰ ਹੁਣ ਥੋੜੀ ਜਿਹੀ happiness ਏਸ ਗੱਲ ਦੀ ਆ ਮੈਨੂੰ ਕਈ ਪੁੱਛਦੇ ਆ ਬਈ ਤੁਹਾਡੀ ਅੱਗੇ ਨਾਲੋਂ ਸਿਹਤ ਚੰਗੀ ਆ, ਤੁਸੀਂ ਅੱਗੇ ਨਾਲੋਂ relaxed ਹੋ । ਮੈਂ ਕਹਿਣਾ ਆ I feel it, don't I look it I feel it. ਕਹਿੰਦੇ ਕਿਉਂ ?



ਇੰਟਰਵਿਊ ਸਮੇਂ ਜਗਜੀਤ ਸਿੰਘ ਚੋਹਾਨ ਤੇ ਜਸਵੰਤ ਮਾਂਗਟ

ਮੈਂ ਕਿਹਾ ਜਿਹੜਾ First phase my mission I have completed it very successfully. ਮੇਰਾ ਪਹਿਲਾ ਮਿਸ਼ਨ ਸੀ To arouse the conciousness of the Sikh masses and to educate the Sikh leadership and to awaken the conciousness of the Indian leadership about the Sikh cause ਜਿਹਨੂੰ ਮੈਂ national, international level ਦੇ ਉਤੇ ਉਹਨੂੰ ਮੈਂ ਇਕੱਲਾ single handed ਸੀ । ਇਕ ਹੱਥ ਵੀ ਮੇਰਾ ਉਦਾਂ ਇਕ ਹੀ ਹੈ । Single handedly ਮੈਂ ਉਹਨੂੰ accomplish ਕਰ ਸਕਿਆ without means ਮੈਨੂੰ ਕਈ ਵਾਰੀ ਇਹ ਵੀ ਪਤਾ ਨਹੀਂ ਸੀ ਲਗਦਾ ਰਾਤੀਂ ਸੌਣਾ ਕਿੱਥੇ ਆ । ਹੁਣ ਤੇ ਮੈਨੂੰ ਸਿੱਖ ਕਮਰਾ ਵੀ ਲੈ ਦਿੰਦੇ ਆ ਹੁਣ ਮੈਨੂੰ ਏਅਰਪੋਰਟ ਤੇ ਕੋਈ ਲੈਣ ਵੀ ਆ ਜਾਂਦਾ ਬਈ ਚੱਲੋ ਜੀ ਆ ਗਏ । ਬੰਦੇ ਦਸ ਸਿੱਖ ਚਲੇ ਵੀ ਜਾਂਦੇ ਆ ਕਾਰਾਂ ਲੈ ਕੇ । ਕਦੀ ਉਹ ਸਮਾਂ ਸੀ ਜਦੋਂ ਮੈਂ ਬੱਸ ਦੇ ਵਿਚ ਫਿਰਦਾ ਹੁੰਦਾ ਸੀ ਮੈਨੂੰ ਇਹ ਪਤਾ ਨਹੀਂ ਲਗਦਾ ਕਿ ਰਾਤ ਨੂੰ ਸੌਣਾ ਕਿਥੇ ਆ ਕਈ ਕਈ ਦਿਨ ਮੈਂ Greyhound ਦੀਆਂ ਬੱਸਾਂ ਦੇ ਅੱਡਿਆਂ ਤੇ ਬਹਿ ਕੇ ਕੱਟੇ । I have past through all that now I feel so happy ਜਿਦਾਂ ਤੁਹਾਡੀ ਫਸਲ ਨੂੰ ਲਗਦਾ ਨਾ ਫਲ ਤੇ ਜੱਟ ਖੁਸ਼ ਹੁੰਦਾ । ਮੈਂ ਬੀ ਬੀਜਿਆ ਸੀ It is now growing. Now I feel Sikh masses have realised even international ਆਹ ਜਿਹੜੇ ਵੱਡੇ ਵੱਡੇ stratigic study centre ਨੇ they are realizing oh we never understood Sikhs are like that, oh we never knew about this ? ਉਹਨਾਂ ਦਾ ਵੀ ਕੋਈ ਕਸੂਰ ਨਹੀਂ ਉਹਨਾਂ ਨੂੰ ਦੱਸਣ ਵਾਲਾ ਕੋਈ ਨਹੀਂ ਸੀ । ਕੋਈ ਆ ਕੇ ਉਹਨਾਂ ਨੂੰ ਦੱਸੇ ਕਿ Sikhism ਕੀ ਆ ਅਸੀਂ ਐਸ ਗੱਲ ਲਈ ਖੜੇ ਹੁੰਨੇ ਆ ਅਸੀਂ ਪਹਿਲੇ ਆ ਜਿਹਨਾਂ caste system ਨੂੰ ਉਡਾਇਆ । ਅਸੀਂ ਪਹਿਲੇ ਆ ਜਿਸ ਨੇ ਉਸ fuedalism ਦੇ ਖਿਲਾਫ ਅਵਾਜ਼ ਉਠਾਈ । ਹੁਣ ਸਾਡੇ ਕਮਿਊਨਿਸਟ ਜਿਹੜੇ ਵੀਰ ਨੇ ਜੇ ਇਹੀ ਗੱਲ ਉਹ ਸੋਵੀਅਤ ਨੂੰ ਸਮਝਾਉਣ ਭਾਈ ਲੋਕੋ ਤੁਸੀਂ ਕਿਉਂ ਨਹੀਂ ਇਹਦੀ ਸਪੋਰਟ ਕਰਦੇ ਖਾਲਿਸਤਾਨ ਦੀ ਇਹ ਤਾਂ ਆਹ idea ਆ । ਉਸਦਾ ਸਗੋਂ ਪਰਾਪੇਗੰਡਾ ਕਰਦਾ ਕਿ ਇਹ American ਹੈਗਾ । ਫਲਾਣਾ ਹੈਗਾ । ਅਸੀਂ ਤਾਂ ਸਾਰੀ ਦੁਨੀਆਂ ਵਿਚ ਜਾ ਰਹੇ ਹਾਂ । ਅਸੀਂ ਕੋਈ ਇਕੱਲੇ Amercia ਮੈਂ ਸਾਰੇ World ਜਿਥੇ ਵੀ ਹੈਗਾ ਮੈਂ ਤਾਂ ਹੁਣ ਸਾਉਥ ਈਸਟ ਏਸ਼ੀਆ ਵਿਚ ਰਹਿ ਕੇ ਆਇਆਂ । ਮੈਂ ਹੁਣ ਇਹੀ ਮਿਡਲ ਈਸਟ Countires ਵਿਚ ਸਾਰਿਆਂ ਨੂੰ ਸਮਝਾ ਕੇ ਆਇਆਂ in more and more we are working they say we are so misinformed.

ਪ੍ਰ:— ਤੁਹਾਨੂੰ ਚਿੱਠੀ ਆਈ ਸੀ ਸੰਤ ਜਰਨੈਲ ਸਿੰਘ ਹੋਰਾਂ ਦੀ ਇਹ ਚਿੱਠੀ 12-12-82 ਦੀ ਲਿਖੀ ਹੋਈ ਹੈ ਇਸ ਵਿਚ ਉਹਨਾਂ ਲਿਖਿਆ ਕਿ ਮੈਂ ਤੁਹਾਡੀ ਇਸ ਗੱਲ ਨਾਲ ਸਹਿਮਤ ਹਾਂ ਕਿ ਸਹੀ ਨਿਸ਼ਾਨਾ ਮਿਥਣ ਤੋਂ ਬਿਨਾਂ ਕੌਮ ਦੀਆਂ ਕੁਰਬਾਨੀਆਂ ਅਤੇ ਆਜ਼ਾਦੀ ਅਜਾਈਂ ਜਾਣ ਦਾ ਡਰ ਹੁੰਦਾ ਹੈ । ਇਸ ਕਰਕੇ ਪੰਥ ਦੇ ਆਗੂਆਂ ਨੂੰ ਪੰਥ ਦਾ ਸਪੱਸ਼ਟ ਸਿਆਸੀ ਨਿਸ਼ਾਨਾ ਮਿਥ ਕੇ ਹਿੰਦ ਸਰਕਾਰ ਨਾਲ ਲੜਾਈ ਪੂਰੇ ਜੋਸ਼ ਨਾਲ ਲੜਨੀ ਚਾਹੀਦੀ ਹੈ ।" ਤੁਸੀਂ ਪੰਥ ਦੇ ਆਗੂਆਂ ਵੱਲ ਭੇਜੀਆਂ ਚਿੱਠੀਆਂ ਵਿਚ ਆਪਣੇ ਵਲੋਂ ਇਕ ਨਜ਼ਰੀਆ ਵੀ ਪੇਸ਼ ਕੀਤਾ ਸੀ ਕਿ ਵੱਧ ਅਧਿਕਾਰੀ ਲੈਣੇ ਔਖੇ ਹਨ ਅਤੇ ਖਾਲਿਸਤਾਨ ਬਣਾਉਣਾ ਸੌਖਾ ਹੈ ।

ਉ:— ਜਿੰਦਾਂ ਹੁਣ ਤੁਹਾਡੇ ਸਾਹਮਣੇ ਸਾਬਤ ਹੀ ਹੋ ਗਿਆ । ਹੁਣ ਜੁੱਤੀਆਂ ਵੀ ਖਾਧੀਆਂ, ਪੱਗਾਂ ਵੀ ਲੁਹਾਈਆਂ, ਬੰਦੇ ਵੀ ਮਰਵਾ ਲਏ 128 Total ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ 111 ਬੰਦੇ ਮਰੇ ਸੀ 128 ਮਰਵਾ ਵੀ ਬੈਠੇ ਆਂ total 1942 ਦੀ ਮੁਵਮਿੰਟ ਦੇ ਵਿਚ Quit India ਵਿਚ 32000 ਬੰਦਾ ਜੇਲ੍ਹ ਵਿਚ ਗਿਆ ਸੀ ਅਸੀਂ 60000 ਘੱਲ ਵੀ ਬੈਠੇ ਹਾਂ ਇਹ ਜਿਹੜੇ ਮੁੰਡੇ ਨੌਜਵਾਨ ਮਰੀ ਜਾ ਰਹੇ ਆ Encounter ਵਿਚ ਇਹ ਇਲਾਵਾ ਨੇ । ਜਿਹੜੇ ਪੁਲਸ ਖੜਦੀ ਆ ਤੇ ਮਾਰ ਦਿੰਦੀ ਆ ਉਹ ਕਿਸੇ ਗਿਣਤੀ ਵਿਚ ਨਹੀਂ । 128 ਤਾਂ ਉਹ ਆ ਜਿਹੜੇ ਮਰ ਗਏ ਔਖਾ ਨਾ ਹੋਇਆ । ਹਾਲਾਂ ਗੱਲ ਸੌਖੀ ਸੀ ਜੇ ਆਪਾਂ ਪਹਿਲਾਂ ਸਪੱਸ਼ਟ ਦਾ ਨਾ ਹੋਈਏ ਸਾਡਾ ਹੱਕ Sovreignty ਆ । ਅਸੀਂ Sovreign peopl ਸੀ । ਅੰਗਰੇਜ਼ ਸਾਨੂੰ ਤੀਜੀ Nation ਮੰਨਿਆ ਸੀ । ਅਸੀਂ ਤੁਹਾਡੇ ਇਤਬਾਰ ਦੇ ਉਤੇ ਤੁਹਾਡੇ ਤੇ ਯਕੀਨ ਕਰਕੇ ਅਸੀਂ ਹਿੰਦੁਸਤਾਨ ਨਾਲ ਆਪਣਾ Lot ਕੀਤਾ । ਤੁਸੀਂ ਸਾਡੇ ਨਾਲ ਹੁਣ betray ਕੀਤਾ । ਜੇ ਅਸੀਂ ਕੇਸ ਨੂੰ ਸਿੱਧਾ ਨਾ put ਨਾ ਕਰੀਏ ਹਿਦੂ ਦੀ conscience ਜਿਹੜੀ ਆ rulers ਦੀ ਉਹਨਾਂ ਨੂੰ prick ਕਰੇਗੀ ਨਾ ਕਿ ਗੱਲ ਠੀਕ ਆ । ਅਸੀਂ ਜਾਣ ਕੇ ... ਵੱਧ ਅਧਿਕਾਰ ਮੰਗਦੇ ਆਂ ਕਿਉਂ ਅਸੀਂ ਹੈਗੇ ਸਾਡਾ ਹੱਕ sovreignty ਹੈ । ਅਸੀਂ sovreign ਸੀਗੇ । We are a third nation. We are a nation in that subcontinent. ਤੁਸੀਂ ਇਹਦੇ ਬਾਹਰ ਸਾਡੇ ਨਾਲ ਗੱਲ ਕਰੋ ਆਉ ਕਿੱਦਾਂ ਆਪਾਂ ।

ਪ੍ਰ:— ਸੰਤ ਜਰਨੈਲ ਸਿੰਘ ਹੋਰੀਂ ਜਦੋਂ ਵੱਧ ਅਧਿਕਾਰਾਂ ਦੀ ਗੱਲ ਕਰਦੇ ਹਨ ਸਿੱਖਾਂ ਬਾਰੇ ਵੱਧ ਅਧਿਕਾਰਾਂ ਦੀ ਗੱਲ ਕਰਦੇ ਹਨ ?

ਉ:— ਇਹ ਹਿਦੂ ਪਰੈਸ ਉਹਨਾਂ ਨੂੰ misquote ਕਰ ਰਿਹਾ ਹੈ । He has cleared it 20000 times. ਸਭਏ ਨਾ ਇਹ ਗੱਲ ਗਲਤ ਹੈ । ਮੈਂ ਸਿੱਖਾਂ ਲਈ ਵੱਧ ਅਧਿਕਾਰ ਨਹੀਂ ਕਹਿੰਦਾ ਮੈਂ ਸਾਰੇ ਪੰਜਾਬੀਆਂ ਵਾਸਤੇ ਸਾਰੇ ਕਹਿਨਾਂ ਔਰ ਜਿਹੜਾ sovreignty ਆ ਨਾ ਉਹ ਸਾਡਾ ਹੱਕ ਆ । ਜਿਹੜਾ ਆਜ਼ਾਦੀ ਆ ਨਾ ਆਜ਼ਾਦ ਕੌਮ ਦੀ ਹਸਤੀ ਉਹ ਸਾਡਾ ਹੱਕ ਆ ।

ਪ੍ਰ:— ਮੈਂ ਤੁਹਾਥੋਂ ਸਿਰਫ ਏਨੀ ਗੱਲ ਪੁੱਛਣਾ ਚਾਹੁੰਦਾ ਜਦੋਂ ਤੁਸੀਂ ਗੱਲ ਪੰਜਾਬੀਆਂ ਲਈ ਕਰਦੇ ਓ ਸਾਰਿਆਂ ਲਈ, ਚਾਹੇ ਉਹ ਹਿਦੂ ਨੇ, ਚਾਹੇ ਉਹ ਮੁਸਲਮਾਨ, ਚਾਹੇ ਉਹ ਸਿੱਖ ਨੇ ਫਿਰ ਤੁਸੀਂ ਹਰ ਗੱਲ ਤੇ ਜ਼ੋਰ ਸਿੱਖਾਂ ਤੇ ਹੀ ਕਿਉਂ ਦਿੰਦੇ ਹੋ ?

ਉ:— ਕਿਉਂਕਿ ਉਹ Vanguard force ਰਹੀ ਹੈ ।

(ਬਾਕੀ ਪੰਨਾ 15 ਤੇ )

(ਪੰਨਾ 14 ਦੀ ਬਾਕੀ)

ਪ੍ਰ:— ਇਹ ਗੱਲ ਸ਼ੱਕ ਪੈਦਾ ਕਰਦੀ ਹੈ ?
ਉ:— ਸ਼ੱਕ ਹੋਵੇ ਤਾਂ ਚੰਗੀ ਗੱਲ ਆ। ਸ਼ੱਕ ਨਹੀਂ truth ਆ। ਜਿਹੜੀ ਲਹਿਰ ਜਿੱਦਾਂ ਹੁਣ ਕਮਿਊਨਿਸਟ ਪਾਰਟੀ ਇਕ ਵੈਨਗਾਰਡ ਪਾਰਟੀ ਦੇ ਤੌਰ ਤੇ ਕੰਮ ਕੀਤਾ ਰਸ਼ੀਆ ਦੀ ਰੇਵੋਲਿਊਸ਼ਨ ਜਾਂ ਚਾਈਨਜ਼ ਰੇਵੋਲਿਊਸ਼ਨ ਵਿਚ Dominate ਉਹਨਾਂ ਨੇ ਕਰਨੈ। ਜਿਹੜੇ ਉਠੇ ਹੀ ਨਹੀਂ ਉਹਨਾਂ ਨੂੰ ਅਸੀਂ ਕਿੱਦਾਂ dominate ਕਰਨ ਦੇਈਏ।

ਪ੍ਰ:— ਤੁਹਾਡਾ ਮਤਲਬ ਹੈ ਦੂਜੇ ਦੋਵੇਂ ਧਰਮਾਂ ...

ਉ:— ਜੇਕਰ ਖਾਲਿਸਤਾਨ ਦੀ ਗੱਲ ਲੈ ਕੇ ਹਿੰਦੂ ਤੁਰਦੇ ਤਾਂ ਧੰਨਭਾਗ। ਅਸੀਂ ਉਹਨਾਂ ਦੇ ਨਾਲ ਉਹਨਾਂ ਦੇ ਮਗਰ ਲਗਦੇ। ਹੁਣ ਉਹ ਉਠਦੇ ਨਹੀਂ ਅਸੀਂ ਇਕੱਲੇ ਗੱਲਾਂ ਕਰ ਰਹੇ ਆਂ। ਪੰਜਾਬੀ ਦੀ ਗੱਲ ਕਰਦੇ ਆਂ ਤਾਂ ਵੀ ਅਸੀਂ ਕਰੀਏ ...

ਪ੍ਰ:— ਜਦੋਂ ਤੁਸੀਂ ਖਾਲਸੇ ਨੂੰ define ਕਰਦੇ ਹੋ ਉਥੇ ਤੁਸੀਂ ਇਕ ਸੱਚਾ ਸੁੱਚਾ ਈਮਾਨਦਾਰ ਆਦਮੀ ਕਰਦੇ ਹੋ। ਇਹ ਜ਼ਰੂਰੀ ਨਹੀਂ ਕਿ ਇਕੱਲਾ ਸਿੱਖ ਹੀ ਸੱਚਾ ਸੁੱਚਾ ਤੇ ਈਮਾਨਦਾਰ ਹੋਵੇ ?

ਉ:— ਆਪਾਂ ਹਟੇ ਆਂ। ਲਾਜਪਤ ਰਾਏ ਨਗਰ, ਲਾਜਪਤ ਰਾਏ ਯੂਨੀਵਰਸਿਟੀ Whatever he did. ਚਲੋ ਮੈਂ ਉਹਦੀ controversy ਵਿਚ ਨਹੀਂ ਪੈਂਦਾ। ਲੇਕਿਨ ਆਪਾਂ ਗਾਂਧੀ ਨਗਰ, ਗਾਂਧੀ ਸੈਮੀਨਾਰ, ਗਾਂਧੀ ਫਲਾਨਾ-ਫਿਲਮ। ਜਿਹੜੇ ਉਹ ਵਿਚਾਰੇ ਪੰਜ ਲੱਖ ਮਰੇ ਆ ਜਿਹਨਾਂ ਦੇ ਨਾ ਮਾਂ ਦਾ ਪਤਾ ਤੇ ਨਾ ਪਿਓ ਦਾ।

ਪ੍ਰ:— ਕਿਉਂਕਿ ਜਿਥੇ ਤੱਕ ਮੈਂ ਖਾਲਸੇ ਦੀ definition ਨੂੰ ਸਮਝ ਦਾਂ ਮੇਰਾ ਮਤਲਬ pure ਆਦਮੀ ਸੱਚਾ ਆਦਮੀ ...

ਉ:—That movement was called Khalsa. ਜੀਹਦੇ ਵਿਚ ਮੁਸਲਮਾਨ ਵੀ ਸੀ ਹਿੰਦੂ ਵੀ ਸੀ ਸਿੱਖ ਵੀ ਸੀ।

ਪ੍ਰ:— ਪਰ ਇਹ ਤੁਹਾਡਾ idea ਜਦੋਂ ਤੁਸੀਂ ਸਿਖਸਤਾਨ ਕਹਿੰਦੇ ਹੋ ਉਹ ਇਹ ਉਸ ਗੱਲ ਨੂੰ negate ਕਰਦਾ ਹੈ ਉਸ ਗੱਲ ਨੂੰ ...?

ਉ:— ਸਿਖਸਤਾਨ ਦੀ ਤਾਂ ਮੈਂ ਗੱਲ ਹੀ ਨਹੀਂ ਕੀਤੀ। ਮੇਰੇ ਮੂੰਹੋਂ ਤਾਂ ਨਿਕਲਦਾ ਹੀ ਨਹੀਂ। ਮੇਰੇ ਮੂੰਹੋਂ ਤਾਂ ਨਿਕਲਦਾ ਹੀ ਖਾਲਿਸਤਾਨ ਹੈ। **ਜਿਹੜੇ ਕੋਈ ਸਿਖ ਮੇਰੇ ਮੂੰਹ ਵਿਚ ਵੀ ਪਾਉਂਦੇ ਨੇ ਮੈਂ ਕਹਿਨਾਂ ਨਹੀਂ** Sikhsatan we want Khalisatan.

ਪ੍ਰ:— ਆਹ ਵੱਧ ਅਧਿਕਾਰਾਂ ਵਾਲੀ ਜਿਹੜੀ ਗੱਲ ਹੈ ਮੇਰੀ ਸਮਝ ਵਿਚ ਨਹੀਂ ਆਈ ? ਤੁਸੀਂ ਕਹਿੰਦੇ ਹੋ ਕਿ ਵੱਧ ਅਧਿਕਾਰ ਲੈਣ ਵਾਸਤੇ 128 ਬੰਦੇ ਮਰ ਗਏ ?

ਉ:— ਨਹੀਂ ਮੈਂ ਇਹ ਨਹੀਂ ਕਹਿੰਦਾ, ਮੈਂ ਹੋਰ ਕਹਿਨਾਂ ਵੱਧ ਅਧਿਕਾਰਾਂ ਲਈ ਹੁਣ ਇਹਨੇ ਆਖਣਾਂ ਅੱਛਾ ਬਈ ਵੱਧ ਅਧਿਕਾਰ ਹੋਏ। ਜਿਵੇਂ ਹੁਣ ਚੌਂਹ ਸਟੇਟਾਂ ਨੇ ਛੇੜ ਲਈ ਨਾ ਗੱਲ। ਇਹਨਾਂ ਕਮਿਸ਼ਨ ਵੀ ਬਣਾ ਦਿਤਾ, ਤੁਹਾਡੇ ਸਾਹਮਣੇ ਆ ਜਾਣਾਂ। There is already a state - centre list already. ਇਹਨਾਂ ਆਖਣਾਂ ਅੱਛਾ ਜੀ ਹੁਣ ਏਦਾਂ ਕਰ ਲਓ ਹੁਣ ਸੇਲਜ਼ ਟੈਕਸ ਅੱਧਾ ਪਰਸੈਂਟ ਇਧਰੋਂ ਕੱਟ ਕੇ ਇਧਰ ਨੂੰ ਹੋ ਗਿਆ ਪੌਣਾ ਪਰਸੈਂਟ ਇਧਰੋਂ ਆਪਾਂ ਸੈਂਟਰ ਦਾ ਕੱਟ ਕੇ ਚੌਥਾ ਹਿਸਾ ਇਧਰ ਨੂੰ ਹੋ ਗਿਆ ਅਖੀਰ ਤੇ There will be nothing. Why should we not be very clear and ਐਵੇਂ ਇਹਨਾਂ ਦੀਆਂ ਚਲਾਕੀਆਂ। ਅਸੀਂ ਇਹਨਾਂ ਨੂੰ ਗੱਲਾਂ ਵਿਚ ਜਿੱਤ ਨਹੀਂ ਸਕਦੇ argument ਸਾਥੋਂ ਨਹੀਂ ਇਹਨਾਂ ਨਾਲ ਜਿਤਿਆ ਜਾ ਸਕਦਾ। ਝੂਠ ਵਿਚ ਅਸੀਂ ਨਹੀਂ ਇਹਨਾਂ ਨੂੰ ਜਿੱਤ ਸਕਦੇ। ਧੋਖਾ ਦੇਣ ਵਿਚ ਨਹੀਂ ਇਹਨਾਂ ਨੂੰ ਜਿੱਤ ਸਕਦੇ।

ਪ੍ਰ:— ਜਿਹੜੀ ਵੱਧ ਅਧਿਕਾਰਾਂ ਵਾਲੀ ਗੱਲ ਹੈ ਜਾਂ total autonomy ਵਾਲੀ ਗੱਲੀ ਹੈ ਇਹ ਇਕੱਲੀ ਪੰਜਾਬ ਦੀ ਤਾਂ ਗੱਲ ਨਹੀਂ ਹੈ, ਇਹ ਤਾਂ ਬਹੁਤ ਸਾਰੇ ਸੂਬਿਆਂ ਦੀ ਗੱਲ ਹੈ ?

ਉ:— ਬਾਕੀ ਦਿਆਂ ਦੀ ਤਾਂ ਹੁਣ ਚੱਲੀ ਹੈ ਨਾ। ਬਾਕੀ ਦਿਆਂ ਦੀ ਹਾਲੇ ਹੁਣ ਚੱਲੀ ਹੈ ਸਾਡੀ ਗੱਲ ਤੋਂ ਬਾਦ ਪਹਿਲਾਂ ਨਹੀਂ ਕਿਸੇ ਨੇ ਚਲਾਈ। ਸਾਡੀ ਵੱਲ ਵੇਖ ਕੇ ਹੁਣ ਲੱਗੇ ਆ ..

ਪ੍ਰ:— ਬੰਗਾਲ ਨੇ ਸਭ ਤੋਂ ਪਹਿਲਾਂ ਚਲਾਈ ...?

ਉ:— ਬੰਗਾਲ ਨੇ ਚਲਾਈ ਉਹ ਜੋਤੀ ਬਾਸੂ ਹਰਕਿਸ਼ਨ ਸਿੰਘ ਸੁਰਜੀਤ ਸਾਹਮਣੇ ਹੋਵੇ ਤਾਂ ਤੁਹਾਨੂੰ ਦੱਸਾਂ। ਇਹ ਮੇਰੇ ਕੋਲ ਆਇਆ। ਕਹਿਣ ਲੱਗਾ ਡਾਕਟਰ ਥੋੜਾ ਚਿਰ ਚੁੱਪ ਕਰ ਮੈਂ ਗੱਲ ਕਰਾਉਣ ਲੱਗਾਂ ਜੋਤੀ ਬਾਸੂ ਤੋਂ ਮੈਂ ਰੇਜ਼ੂਲਿਊਸ਼ਨ ਮੂਵ ਕਰਾਉਣ ਲੱਗਾਂ ਕਾਨਫਰੰਸ ਚੰਡੀਗੜ੍ਹ ਹੋਵੇਗੀ। ਤੂੰ ਕੰਮ ਹੀ ਹੋਇਆ ਲੈਣਾਂ। ਮੈਂ ਕਿਹਾ ਸੁਰਜੀਤ ਮੈਂ ਤਾਂ ਕੰਮ ਹੀ ਹੋਇਆ ਲੈਣਾਂ। ਮੈਂ ਐਵੇਂ ਬੋਲੀ ਜਾਵਾਂ ਮੈਨੂੰ ਕਿਹੜਾ ਸੁਦਾ ਹੋਇਆ। ਮੁਰਾਰ ਜੀ ਡਿਸਾਈ ਨੇ ਇਕ ਘੂਰੀ ਮਾਰੀ ਇਹ ਉਥੋਂ ਵੀ ਮੁਕਰ ਗਿਆ। ਉਹੀ ਕਮਿਊਨਿਸਟ ਸੀ. ਪੀ. ਐਮ. ਚੂੰ ਕਿ ਹੁਣ ਅਕਾਲੀਆਂ ਨੂੰ ਕਹਿ ਦਿੱਤੀ ਹੈ ਜੇ ਤਾਂ ਵਿਸਟ ਬੰਗਾਲ ਦਾ ਉਹ ਆਖੇ ਪਾਰਟੀ ਕਮਿਊਨਿਸਟ ਪਾਰਟੀ। ਉਹ ਰੇਜ਼ੂਲੇਸ਼ਨ ਮੂਵ ਕਰੇ। ਉਹਨੇ communicate ਕੀਤਾ ਸਾਰੇ ਐਮ. ਪੀਜ਼ ਨੂੰ ਸਾਰਿਆਂ ਨੂੰ। ਫਿਰ ਤਾਂ ਉਹ ਠੀਕ ਹੈਜਦੋਂ **ਹੁਣ ਸਿੱਖਾਂ ਨੇ ਆਖਿਆ ਅਕਾਲੀ ਦਲ ਦਾ ਰੇਜ਼ੂਲੇਸ਼ਨ ਤਾਂ ਵੱਧ ਅਧਿਕਾਰ ਹੀ ਹੈ ਨਾ, ਖਾਲਿਸਤਾਨ ਤਾਂ ਮੈਂ ਹੀ ਕਹਿਨਾਂ।**

**ਪ੍ਰ:— ਤੁਸੀਂ ਅਕਾਲੀ ਦਲ ਦੀ ਜਿਹੜੀ** demand ਹੈ ਉਸ ਨਾਲ ਸਹਿਮਤ ਹੋ ?

ਉ:— ਮੈਂ ਸਹਿਮਤ ਨਹੀਂ। ਉਹ ਤਾਂ ਮੇਰੀ ਡੀਮਾਂਡ ਦੇ ਵਿਚ ਆ ਜਾਂਦੀ ਹੈ। ਉਹ ਅੱਠ ਆਨੇ ਮੰਗਦੇ ਆ ਮੈਂ ਸੋਲਾਂ ਆਨੇ ਮੰਗਦਾਂ। ਜੇ ਅੱਠ ਆਨੇ ਮਿਲ ਜਾਣ ਤਾਂ ਮੈਨੂੰ ਕੀ ਇਤਰਾਜ ਹੈ।

ਪ੍ਰ:— ਜੇਕਰ ਸੋਲਾਂ ਦੀ ਥਾਂ ਬਾਰਾਂ ਆਨੇ ਮਿਲ ਜਾਣ ਫਿਰ ਵੀ ਕੋਈ ਹਰਜ ਨਹੀਂ ?

ਉ:— ਮੈਂ ਤਾਂ ਇਹੀ ਅਕਾਲੀ ਲੀਡਰਾਂ ਨੂੰ ਸਮਝਾਇਆ। ਇਥੇ ਆਏ ਸੀ ਉਦੋਂ ਸਲਾਹ ਵੀ ਕੀਤੀ ਸੀ। ਮੈਂ ਕਿਹਾ ਜੇ ਮੈਂ ਅਠਾਰਾਂ ਆਨੇ ਮੰਗਦਾਂ ਮੇਰੇ pressure ਨਾਲ ਤੁਸੀਂ ਜਿੰਨਾਂ ਲੈ ਹੁੰਦਾ ਐ ਲੈ ਲਓ। ਮੈਂ ਕੋਈ ਤੋਪਾਂ ਨਹੀਂ ਫੜੀਆਂ I am not a violent man.

ਪ੍ਰ:— ਅੱਗੇ ਉਹਨਾਂ ਲਿਖਿਆ ਹੈ "ਮੈਨੂੰ ਇਸ ਗੱਲ ਦਾ ਖੇਦ ਹੈ ਕਿ 1947 ਤੋਂ ਪਹਿਲਾਂ ਜੋ ਸਿੱਖ ਕੌਮ ਨਾਲ ਵਾਅਦੇ ਕੀਤੇ ਸਨ" ਉਹ ਕਿਹੜੇ ਵਾਅਦਿਆਂ ਦੀ ਗੱਲ ਕਰਦੇ ਨੇ ?

ਉ:— ਇਹ ਵਾਅਦੇ ਕੀਤੇ ਸੀ ਕਿ In the northern part of India a land will be created, Sikh homeland ...

ਪ੍ਰ:— ਇਹ ਹਿੰਦੂਆਂ ਨੇ ਕੀਤੇ ਸਨ ?

ਉ:— ਇਹ ਜਵਾਹਰ ਲਾਲ ਨਹਿਰੂ ਨੇ ਮਹਾਤਮਾਂ ਗਾਂਧੀ ਨੇ ਤੇ ਉਸ ਵੇਲੇ ਜਿੰਨੇ ਵੀ ਸਾਰੇ ਲੀਡਰ ਆਜ਼ਾਦੀ ਦੇ ਵਿਚ involved ਸੀ।

ਪ੍ਰ:— ਹਿੰਦੂ ਲੀਡਰ ?

ਉ:— 1929 ਦਾ ਰੇਜ਼ੂਲੇਸ਼ਨ ਹੈ ਕਾਂਗਰਸ ਦਾ। ਜਦ ਬਾਬੇ ਖੜਕ ਸਿੰਘ ਨੇ ਮਿਲਣ ਤੋਂ ਨਾਂਹ ਕਰ ਦਿਤੀ ਗਾਂਧੀ ਨੂੰ ਜਾਹ ਜਾਹ ਤੁਹਾਡੇ ਵਰਗੇ ... ਉਸ ਵੇਲੇ ਉਹ ਬਕਾਇਦਾ brought it in the resolution that in the northern part of India a land will be created where Sikhs will have the opportunity to enjoy the fruits of freedom. ਇਹ words ਸਨ। ਉਹੀ ਗੋਲ ਮੋਲ ਗੱਲ ਨਾ ਜੇਕਰ ਅਸੀਂ ਸਿੱਧੇ ਉਹਨਾਂ ਨੂੰ ਕਹਿੰਦੇ ਬਈ ਸਾਨੂੰ ਨਹੀਂ ਪਤਾ ਵਰਡਾਂ ਦਾ ਇਹ ਅੰਗਰੇਜ਼ਾਂ ਦੇ ਵਰਡ ਨੇ ਜਿਹੜੇ ਆ ਨਾ ਇਹ ਅੰਗਰੇਜ਼ੀ ਦੇ ਜਿਹਨੂੰ ਜਿਵੇਂ ਜੀ ਕਰਦਾ ਮੋੜ ਲਵੋ ਜਿਥੇ ਜੀ ਕਰਦਾ stress ਕਰ ਲਓ। ਸਿੱਧੇ ਕਹਿੰਦੇ ਅਸੀਂ ਆਜ਼ਾਦ ਕੌਮ ਸੀ। ਸਾਥੋਂ ਅੰਗਰੇਜ਼ ਨੇ ਰਾਜ ਲਿਆ। ਅਸੀਂ ਹੈਗੇ ਤੀਜੀ ਕੌਮ ਜੇਕਰ ਤੁਸੀਂ ਸਾਡੇ ਨਾਲ ਲਿਖ ਕੇ ਵਾਅਦਾ ਕਰ ਲਓ ਕਿ ਆਹ ਹੋਏਗਾ ... ਪਰ ਅਸੀਂ ਉਦੋਂ ਮੂਰਖਤਾਈ ਇਹ ਕਰ ਲਈ ਮਹਾਤਮਾਂ ਗਾਂਧੀ ਆ ਗਿਆ ਸੀਸ ਗੰਜ ਗੁਰਦੁਆਰੇ। ਉਸ ਆਖਿਆ ਮੈਂ ਮਹਾਰਾਜ ਦੀ ਹਜ਼ੂਰੀ ਵਿਚ ਕਸਮ ਖਾ ਕੇ ਕਹਿਨਾਂ। ਮਕਸੂਦਨ ਸਿੰਘ ਉਸ ਵੇਲੇ ਬੈਠਾ ਸੀ ਮਕਸੂਦਨ ਸਿੰਘ ਨੇ ਆਖਿਆ ਸਿੱਖ ਕਹਿੰਦੇ ਆ ਮਹਾਤਮਾਂ ਜੀ ਮੁੜ ਕੇ ਅਸੀਂ ਤਾਂ minorty ਵਿਚ ਰਹਿ ਜਾਣਾਂ ਤੇ ਜੇ ਸਾਡੇ ਨਾਲ ਹਿੰਦੂ ਮੁਕਰ ਗਏ ਤਾਂ ਅਸੀਂ ਕੀ ਕਰਾਂਗੇ। ਕਹਿੰਦਾ ਭਾਈ ਸਿੱਖੋ ਮੈਂ ਕਾਂਗਰਸ ਕੋ ਇਸਕਾ ਰੇਜ਼ੂਲੇਸ਼ ਪਾਸ ਕਰ ਦੀਆ ਹੈ ਔਰ ਮੈਂ ਆਪ ਕੋ ਯੇਹ ਬਚਨ ਦੇਣੇ ਆਇਆ ਹੂੰ ਪ੍ਰਮਾਤਮਾ ਕੀ ਹਜ਼ੂਰੀ ਮੇਂ। ਇਸਕੇ ਬਾਅਦ ਵੀ ਅਗਰ ਕਾਂਗਰਸ ਮੁਕਰ ਜਾਏ ਤਾਂ ਤੋ ਆਪਕੋ ਹੱਕ ਹੋਗਾ ਹਥਿਆਰ ਉਠਾਨੇ ਕਾ ਔਰ ਉਸ ਕਾਂਗਰਸ ਕੋ ਨਾਸ਼ ਕਰ ਦੇਨੇ ਕਾ ਲੋਕ ਏਨੇ 'ਚ ਜੈਕਾਰੇ ਬਲਾਉਣ ਲੱਗ ਪਏ "ਬੋਲੇ ਸੋ ਨਿਹਾਲ" ਕਿਸੇ ਨੇ ਇਹ ਨਹੀਂ ... Sikh emotional ਨੇ ਨਾ ਵਿਚਾਰੇ ਕਿਸੇ ਨੇ ਇਹ ਨਹੀਂ ਸੋਚਿਆ ਕਿ ਭਾਈ ਇਹ ਰੇਜ਼ੂਲੇਸ਼ਨ ਪਾਸ ਕਰਕੇ ਉਸਤੋਂ ਬਾਅਦ ਇਹਨਾਂ ਨੂੰ ਆਪਣੀ representation ਦੇਣੀ ਚਾਹੀਦੀ ਸੀ। ਉਹ ਤਾਂ ਹੁਣ if ਦੀਆਂ ਗੱਲਾਂ ਨੇ These are the things of the past. **ਜੇ ਇਹਨਾਂ ਵਿਚਾਰਿਆਂ ਨੂੰ political conciousness ਹੁੰਦੀ ਜਿਹੜੀ ਹੁਣ ਵੀ ਹੈ ਨਹੀਂ। ਹੁਣ ਵੀ ਜਿਹੜੀਆਂ ਗੱਲਾਂ ਮਾਰਦੇ ਆ ਡਰ ਦੀਆਂ ਤੇ ਕਮਲੀਆਂ ਮਾਰਦੇ ਆ। ਹੁਣ ਵੀ ਸਿੱਧਾ ਡਟ ਕੇ ਕਹੋ। ਕੀ ਕਹਿ ਲੈਣਗੇ ਸਾਨੂੰ ? ਖਾ ਲੈਣਗੇ। ਮਾਰ ਦੇਣ। ਉਦਾਂ ਵੀ ਤਾਂ ਮਰੀ ਜਾਂਦੇ ਹਨ। ਇਹ ਕਹੋ ਕਿ ਬਈ ਸਾਡਾ ਹੱਕ ਆਜ਼ਾਦੀ ਦਾ ਅਸੀਂ ਆਜ਼ਾਦੀ ਲੈਣੀ ਹੁਣ ਏਦੂ ਘੱਟ ਆਉ ਸਾਡੇ ਨਾਲ ਸੌਦਾ ਕਰੋ ਕੀ ਸਾਨੂੰ ਪੁੱਗਦਾ।**

(ਚਲਦਾ)

## ਟਿਪਣੀ

ਜਗਜੀਤ ਸਿੰਘ ਖਾਲਸੇ ਦੀ ਪ੍ਰੀਭਾਸ਼ਾ ਕਰਦਿਆਂ ਖਾਲਸੇ ਨੂੰ ਇਕ ਸੱਚਾ ਸੁੱਚਾ ਈਮਾਨਦਾਰ ਆਦਮੀ ਜਿਸ ਵਿਚ ਮੁਸਲਮਾਨ, ਹਿੰਦੂ ਅਤੇ ਸਿੱਖ ਸਭ ਆ ਜਾਂਦੇ ਹਨ, ਦੱਸਦਾ ਹੈ। ਉਸਦੀ ਇਹ ਪ੍ਰੀਭਾਸ਼ਾ ਸਿੱਖ ਜਗਤ ਵਿਚ ਸਮਝੀ ਜਾਂਦੀ ਖਾਲਸੇ ਦੀ ਪ੍ਰੀਭਾਸ਼ਾ ਦੇ ਅਨੁਕੂਲ ਨਹੀਂ ਹੈ।

ਮੈਂ ਹਾਲ ਹੀ ਵਿਚ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਹਰਿਭਜਨ ਸਿੰਘ ਨਾਲ, ਜੋ ਕਿ ਵੈਨਕੂਵਰ ਆਏ ਹੋਏ ਹਨ, ਨਾਲ ਇੰਟਰਵਿਊ ਕੀਤੀ। ਉਹਨਾਂ ਤੋਂ ਖਾਲਸੇ ਦੀ ਪ੍ਰੀਭਾਸ਼ਾ ਬਾਰੇ ਪੁਛਿਆ। ਉਹਨਾਂ ਦੱਸਿਆ ਕਿ "ਖਾਲਸਾ" ਉਹ ਸਿੱਖ ਹੈ ਜੋ ਡਿਸਪਲਿਨ ਜਾਣੀ ਪੂਰੀ ਰਹਿਤ ਮਰਿਆਦਾ ਵਿਚ ਰਹਿੰਦਾ ਹੈ।

"ਪ੍ਰਸ਼ਨ— ਕੀ ਰਵਾਇਤ ਜਾਂ ਅਸਲੀਅਤ ਵਿਚ ਈਸਾਈ, ਮੁਸਲਮਾਨ ਜਾਂ ਹਿੰਦੂ "ਖਾਲਸਾ" ਹੋ ਸਕਦਾ ਹੈ ?

ਉ:— At the same time (ਇਕੋ ਸਮੇਂ) ਹੋ ਨਹੀਂ ਸਕਦਾ। ਇਕੋ ਸਮੇਂ ਕਹੇ ਕਿ ਮੁਹੰਮਦ ਮੇਰਾ ਰਸੂਲ ਹੈ ਹੋਰ ਕੋਈ ਨਹੀਂ ਉਹਦੇ ਰਾਹੀਂ ਮੈਂ ਖੁਦਾ ਪ੍ਰਾਪਤ ਕਰਨਾ ਹੈ। ਇਹ ਸਿੱਖ ਧਰਮ ਦੇ ਮੁਤਜ਼ਾਦ ਹੈ (ਵਿਰੁਧ ਹੈ)"

ਪ੍ਰਿੰਸੀਪਲ ਸਾਹਿਬ ਨੇ ਖਾਲਸੇ ਦੀ ਪ੍ਰੀਭਾਸ਼ਾ ਨੂੰ ਵਧੇਰੇ ਸਪੱਸ਼ਟ ਕਰਨ ਲਈ ਅੱਗੋਂ ਜਾ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ ਉਚਾਰਿਆ

"ਜਾਗਤ ਜੋਤ ਜਪੈ ਨਿਸ ਬਾਸੁਰ, ਏਕ ਬਿਨਾਂ ਮਨ ਨੈਕ ਨਾ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ, ਗੋਰ ਮੜ੍ਹੀ ਮਤ ਭੂਲ ਨਾ ਮਾਨੈ॥
ਤੀਰਥ ਦਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ, ਤਬ ਖਾਲਸਾ ਤਾਹਿ ਨਖਾਲਸ ਜਾਨੈ॥"

ਪਰ ਜਗਜੀਤ ਸਿੰਘ ਜ਼ੋਰ ਦਿੰਦਾ ਹੈ "ਸਿੱਖਾਂ ਦੀ ਹੋਂਦ, ਉਹਨਾਂ ਦੀ ਸਭਿਅਤਾ, ਉਹਨਾਂ ਦੀ ਕਲਚਰ ਦੀ protection ਬਾਰੇ।"

ਦਿਲਚਸਪ ਗੱਲ ਇਹ ਹੈ ਕਿ ਜਗਜੀਤ ਸਿੰਘ ਹੋਰਾਂ ਦੀ "ਖਾਲਸੇ" ਦੀ ਪ੍ਰੀਭਾਸ਼ਾ (ਇਕ ਸੱਚਾ ਸੁੱਚਾ ਈਮਾਨਦਾਰ ਆਦਮੀ, ਜਿਸ ਵਿਚ ਮੁਸਲਮਾਨ, ਹਿੰਦੂ ਅਤੇ ਸਿੱਖ ਸਭ ਆ ਜਾਂਦੇ ਹਨ) ਪੜ੍ਹਕੇ ਮੇਰਾ ਦਿਲ ਕਰਦਾ ਹੈ ਕਿ ਉਹਨਾਂ ਨੂੰ ਸੁਝਾਅ ਦਿਆਂ ਕਿ ਉਹ ਭਾਰਤ ਦਾ ਨਾਉਂ "ਖਾਲਿਸਤਾਨ" ਵਿਚ ਬਦਲਣ ਲਈ ਘੋਲ ਆਰੰਭ ਦੇਣ। ਕਿਉਂਕਿ ਭਾਰਤ ਵਿਚ ਹਿੰਦੂ ਮੁਸਲਮਾਨ ਅਤੇ ਸਿੱਖ ਸਭ ਹਨ। ਬਹੁਤੇ ਉਹਨਾਂ ਵਿਚੋਂ ਸੱਚੇ ਸੁੱਚੇ ਅਤੇ ਈਮਾਨਦਾਰ ਵੀ ਹਨ। ਬਾਕੀ ਦਿਆਂ ਨੂੰ ਸੱਚੇ ਸੁੱਚੇ ਈਮਾਨਦਾਰ ਬਣਾਉਣ ਦਾ ਬੋਝ ਜਗਜੀਤ ਸਿੰਘ ਵਰਗੇ ਲੋਕ ਹਿਤੈਸ਼ੀ ਵਿਅਕਤੀਆਂ ਨੂੰ ਆਪਣੇ ਮੋਢਿਆਂ ਤੇ ਚੁੱਕ ਲੈਣਾ ਚਾਹੀਦਾ ਹੈ। ਅਸੀਂ ਨਿਰਸੰਦੇਹ ਉਸਦਾ ਸਾਥ ਦਿਆਂਗੇ। ਜਗਜੀਤ ਸਿੰਘ ਦਾ ਤਾਂ ਇਹ ਵਿਸ਼ਵਾਸ਼ ਹੈ ਕਿ ਜੇਕਰ ਹਿੰਦੂ ਨੂੰ ਦਸ ਆਨੇ ਦੀ ਥਾਂ ਸੋਲਾਂ ਆਨੇ (ਸਿੱਖ ਸਿਧਾਂਤ ਦੇ ਰੂਪ ਵਿਚ) ਦਿਤੇ ਜਾਣ, ਹਿੰਦੂ ਨਿਰਸੰਕੋਚ ਮਨਜ਼ੂਰ ਕਰੇਗਾ। ਕੀ ਜਗਜੀਤ ਸਿੰਘ ਦਾ ਖਾਲਿਸਤਾਨ ਇਸ ਤਰ੍ਹਾਂ ਬਦਲਿਆ ਹੋਇਆ ਭਾਰਤ ਨਹੀਂ ਬਣ ਸਕਦਾ।

ਬਾਬਾ ਨਾਨਕ ਜਗਤ ਗੁਰੂ ਸੀ ਉਹਨਾਂ ਕੇਵਲ ਪੰਜਾਬ ਦਾ ਸੁਧਾਰ ਹੀ ਨਹੀਂ ਕੀਤਾ। ਨੌਵੇਂ ਪਾਤਸ਼ਾਹ ਨੂੰ ਹਿੰਦ ਦੀ ਚਾਦਰ ਸਮਝਿਆ ਜਾਂਦਾ ਹੈ। ਸਿੱਖਾਂ ਦੇ ਤਾਂ ਦੋ ਤਖਤ ਵੀ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਪੰਜਾਬ ਤੋਂ ਬਾਹਰ ਹਨ। ਪੰਜਾਬ ਦੀ ਵੰਡ ਹੋਈ, ਪੰਜਾਬ ਦੇ ਉਹ ਕਿਹੜੇ ਲੀਡਰ ਸਨ ਜਿਨ੍ਹਾਂ ਨੇ ਉਸ ਵੰਡ ਦਾ ਵਿਰੋਧ ਕੀਤਾ ? ਸਿੱਖ ਸੰਗਤਾਂ ਨੂੰ ਉਹਨਾਂ ਦੇ ਗੁਰਧਾਮਾਂ, ਤਖਤਾਂ ਤੋਂ ਵਿਛੋੜਿਆ ਗਿਆ !

"ਸਾਡਾ ਹੱਕ ਆਜ਼ਾਦੀ" ਅਤੇ "ਅਸੀਂ ਆਜ਼ਾਦੀ ਲੈਣੀ" ਦੇ ਗੀਤ ਗਾਉਣ ਵਾਲਾ ਜਗਜੀਤ ਸਿੰਘ ਇਸ ਤੋਂ ਘੱਟ ਸੌਦੇਬਾਜ਼ੀ ਲਈ ਤਿਆਰ ਹੈ। ਕੀ ਇਤਿਹਾਸ ਇਸ ਗੱਲ ਦੀ ਗਵਾਹੀ ਨਹੀਂ ਭਰਦਾ ਕਿ ਅਜਿਹੀਆਂ ਸੌਦੇਬਾਜ਼ੀਆਂ ਨੇ ਹੀ ਪੰਜਾਬ ਦਾ ਭੱਠਾ ਬਿਠਾਇਆ ਹੈ ?

**ਸੋਧ** — ਕੈਨੇਡਾ ਦਰਪਣ ਦੇ Vol 2, NO 9 , May 1 1983 ਦੇ ਅੰਕ ਸਫਾ ਪੰਦਰਾਂ ਤੇ ਟਿਪਣੀ ਦੇ ਸਿਰਲੇਖ ਹੇਠ ਛਪੇ ਉਪਰੋਕਤ ਇੰਟਰਵਿਊ ਦੇ ਸਬੰਧ ਵਿਚ ਹੇਠ ਲਿਖੀ ਸੋਧ ਕਰਨ ਲਈ ਬੇਨਤੀ ਹੈ। "ਮੁਗਲਾਂ ਦਾ ਰਾਜ ਭਾਰਤ ਵਿਚ, ਬਾਬਰ ਦਾ ਹੱਲਾ ਪਾਣੀਪਤ ਦੀ ਲੜਾਈ 1526 ਤੋਂ ਲੈ ਕੇ ਬਹਾਦਰ ਸ਼ਾਹ ਦੂਜੇ ਤੱਕ 1857 ਤੱਕ ਰਿਹਾ। ਸਥਾਪਤ ਰਾਜ ਮੁਸਲਮਾਨਾਂ ਦਾ ਗਿਆਰਵੀਂ ਸਦੀ ਤੋਂ ਲੈ ਕੇ 1857 ਤੱਕ

# ਗਿਆਨੀ ਹਰਿੰਦਰ ਸਿੰਘ ਮਾਂਗਟ ਨੂੰ ਮਾਰਸ਼ਲਾਂ ਨੇ ਯੂ. ਪੀ. ਕੌਂਸਲ 'ਚ ਬਾਹਰ ਕੱਢਿਆ

4 ਅਪਰੈਲ ਨੂੰ ਪੰਜਾਬ ਵਿਚ ਪੁਲਸ ਦੀਆਂ ਗੋਲੀਆਂ ਨਾਲ ਮਾਰੇ ਜਾਣ ਵਾਲੇ ਵਿਅਕਤੀਆਂ ਸਬੰਧੀ ਜਦ ਗਿਆਨੀ ਹਰਿੰਦਰ ਸਿੰਘ ਮਾਂਗਟ ਐਮ. ਐਲ. ਸੀ. ਨੇ ਯੂ. ਪੀ. ਕੌਂਸਲ ਵਿਚ ਪੰਜਾਬ ਵਿਚ ਹੋਏ ਅਤਿਆਚਾਰ ਵਿਰੁਧ ਨਿਖੇਧੀ ਦਾ ਮਤਾ ਰੱਖਿਆ ਤਾਂ ਉਹਨਾਂ ਨੂੰ ਮਾਰਸ਼ਲਾਂ ਰਾਹੀਂ ਕੌਂਸਲ ਵਿਚੋਂ ਬਾਹਰ ਕੱਢ ਦਿਤਾ ਗਿਆ। ਗਿਆਨੀ ਹਰਿੰਦਰ ਸਿੰਘ ਮਾਂਗਟ ਯੂ. ਪੀ. ਵਿਚ ਸਿੱਖ ਪ੍ਰਤੀਨਿਧ ਬੋਰਡ ਦੇ ਪ੍ਰਧਾਨ ਤੇ ਅਕਾਲੀ ਲੀਡਰ ਹਨ।

ਗਿਆਨੀ ਹਰਿੰਦਰ ਸਿੰਘ ਮਾਂਗਟ ਹੋਰਾਂ ਯੂ. ਪੀ. ਕੌਂਸਲ ਵਿਚ ਹੋਏ ਵਰਤਾਅ ਬਾਰੇ ਸੰਤ ਲੌਂਗੋਵਾਲ ਹੋਰਾਂ ਨੂੰ ਜਾਣੂ ਕਰਵਾਇਆ।


NATIONAL LIFE
ASSURANCE COMPANY
OF CANADA
501 - 1155 West Pender Street
Vancouver, B.C. V6E 2P7
Bus: 685-7231 Res: 321-6360



The National Life is pleased to announce that DARSHAN GILL has qualifed for a trip to attend a Life Insurance seminar in Toronto from May 29 to June 1, 1983. The Seminar is in recognition for outstanding leadership and sales performance with the National Life.

J.S. Sidhu
Sales Manager


(ਪੰਨਾ 1 ਦੀ ਬਾਕੀ)

'ਭਾਰਤੀ ਜਿਹੜੇ ਬਦੇਸ਼ੀ ਨਾਗਰਿਕ ਬਣ ਗਏ ਹਨ ਰਿਜ਼ਰਵ ਬੈਂਕ ਆਫ ਇੰਡੀਆ ਦੀ ਆਮ ਜਾਂ ਵਿਸ਼ੇਸ਼ ਆਗਿਆ ਤੋਂ ਬਿਨਾਂ ਭਾਰਤ ਵਿਚ ਸਥਿਤ ਅਚੱਲ ਜਾਇਦਾਦ ਭੂਮੀ ਅਤੇ ਇਮਾਰਤਾਂ ਇਕਵਾਇਰ ਨਹੀਂ ਕਰ ਸਕਦੇ। ਮਾਲਕ ਨਹੀਂ ਬਣ ਸਕਦੇ, ਕਿਸੇ ਦੂਸਰੇ ਦੇ ਨਾਂ ਨਹੀਂ ਚੜ੍ਹਾ ਸਕਦੇ ਜਾਂ ਵਿਕਰੀ, ਮੋਰਗੇਜ, ਲੀਜ, ਗਿਫਟ, ਸੈਟਲਮੈਂਟ ਰਾਹੀਂ ਵੇਚ ਨਹੀਂ ਸਕਦੇ।'

ਸ਼ਾਇਦ ਤੁਸੀਂ ਸੁਚੇਤ ਹੋ ਕਿ ਬਹੁਤ ਸਾਰੇ ਭਾਰਤੀ ਜਿਹੜੇ ਬਦੇਸ਼ ਗਏ ਹੋਏ ਹਨ। ਗਰੀਬੀ ਕਾਰਨ ਬਦੇਸ਼ ਗਏ ਹਨ। ਉਹ ਇੰਗਲੈਂਡ ਕੈਨੇਡਾ ਵਿਚ ਅਤੇ ਦੂਸਰੀਆਂ ਥਾਵਾਂ ਤੇ ਫੈਕਟਰੀਆਂ ਵਿਚ ਮਜ਼ਦੂਰ ਲੱਗੇ ਹੋਏ ਹਨ ਅਤੇ ਆਪਣੀ ਸਖਤ ਮਿਹਨਤ ਰਾਹੀਂ ਧਨ ਕਮਾਉਂਦੇ ਹਨ ਅਤੇ ਬਦੇਸ਼ੀ ਮੁਦਰਾ ਸਾਡੇ ਦੇਸ਼ ਨੂੰ ਭੇਜਦੇ ਹਨ।

ਉਨ੍ਹਾਂ ਨੂੰ ਬਰਤਾਨਵੀ ਨਾਗਰਿਕਤਾ ਪ੍ਰਾਪਤ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ ਕਿਉਂਕਿ ਨਸਲੀ ਵਿਤਕਰੇ ਵਾਲਾ ਕਾਨੂੰਨ ਹੈ ਜਿਸ ਬਾਂਰੇ ਪਾਰਲੀਮੈਂਟ ਵਿਚ ਕਈ ਵਾਰ ਬਹਿਸ ਹੋਈ ਹੈ। ਇਸ ਕਰਕੇ ਕਿਉਂਕਿ ਉਨ੍ਹਾਂ ਦੀਆਂ ਨੌਕਰੀਆਂ ਸੁਰਖਿਅਤ ਨਹੀਂ ਹਨ। ਉਨ੍ਹਾਂ ਨੂੰ ਨਾਗਰਿਕਤਾ ਲੈਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਉਨ੍ਹਾਂ ਦੀ ਗਿਣਤੀ ਇਕ ਨਹੀਂ ਉਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਹੈ। ਹੁਣ ਇਸ ਐਫ. ਈ. ਆਰ. ਏ ਨੋਟਿਸ ਰਾਹੀਂ ਤੁਸੀਂ ਉਨ੍ਹਾਂ ਨੂੰ ਤੱਥ ਪੁੱਛ ਰਹੇ ਹੋ। ਜਾਂਚ ਅਤੇ ਭਰਿਸ਼ਟਾਚਾਰ ਨਾਲ ਨਾਲ ਹੀ ਜਾ ਰਿਹਾ ਹੈ। ਪੁਲਸੀਆ ਉਥੇ ਜਾਂਦਾ ਹੈ। ਟੈਕਸ ਅਧਿਕਾਰੀ ਉਥੇ ਜਾਂਦੇ ਹਨ। ਉਨ੍ਹਾਂ ਦੇ ਮਾਪਿਆਂ ਨੂੰ ਤੰਗ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਏਨੀ ਤੰਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿ ਕੈਨੇਡਾ ਵਿਚ ਉਨ੍ਹਾਂ ਇਕ ਮੀਟਿੰਗ ਕੀਤੀ ਅਤੇ ਉਨ੍ਹਾਂ ਕਿਹਾ ਕਿ ਉਹ ਕੁਝ ਵੀ ਨਹੀਂ ਦੇਣਗੇ। ਏਥੋਂ ਤਕ ਕਿ ਉਹਨਾਂ ਦੀ ਜੱਦੀ ਜਾਇਦਾਦ ਬਾਰੇ ਵੀ ਉਨ੍ਹਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਕਿਸੇ ਦਾ ਭਰਾ ਉਥੇ ਹੈ। ਕਿਸੇ ਦਾ ਪੁੱਤਰ ਉਥੇ ਹੈ। ਪੰਜਾਬ ਵਿਚ ਹਰ ਘਰੋਂ ਕੋਈ ਨਾ ਕੋਈ ਬਾਹਰ ਗਿਆ ਹੋਇਆ ਹੈ ਅਤੇ ਉਨ੍ਹਾਂ ਦੇ ਨੇੜਲੇ ਰਿਸ਼ਤੇਦਾਰ ਉਥੇ ਹਨ। ਉਨ੍ਹਾਂ ਨੂੰ ਇਸ ਕਾਨੂੰਨ ਰਾਹੀਂ ਤੰਗ ਕੀਤਾ ਜਾ ਰਿਹਾ ਹੈ। ਮੈਂ ਪ੍ਰਧਾਨ ਮੰਤਰੀ ਨੂੰ ਇਕ ਖਤ ਲਿਖਿਆ ਹੈ ਕਿ ਮੈਂ ਵਿੱਤ ਮੰਤਰੀ ਨੂੰ ਇਕ ਖਤ ਲਿਖਿਆ ਹੈ। ਕੋਈ ਉਤਰ ਨਹੀਂ ਆਇਆ ਲੋਕ ਇਸ ਗੱਲ ਤੋਂ ਭੜਕੇ ਹੋਏ ਹਨ ਅਤੇ ਦੁਖੀ ਹਨ ਕਿਉਂਕਿ ਉਨ੍ਹਾਂ ਨੂੰ ਅਜਿਹੇ ਸੁਆਲ ਪੁੱਛੇ ਜਾ ਰਹੇ ਹਨ ਕਿ ਉਨ੍ਹਾਂ ਭੂਮੀ ਕਿਵੇਂ ਪ੍ਰਾਪਤ ਕੀਤੀ, ਉਨ੍ਹਾਂ ਨੂੰ ਭੂਮੀ ਦਾ ਕਿਵੇਂ ਵਿਰਸਾ ਮਿਲਿਆ। ਅਜਿਹਾ ਕੀਤਾ ਜਾ ਰਿਹਾ ਹੈ। ਇਹ ਵੀ ਇਕ ਤੱਥ ਹੈ ਜਿਸ ਨੂੰ ਨੋਟ ਕੀਤਾ ਜਾਣਾ ਚਾਹੀਦਾ ਹੈ। ਅਜਿਹੀਆਂ ਗੱਲਾਂ ਹੋ ਰਹੀਆਂ ਹਨ ਉਹ ਬਹੁਤ ਸਾਰੀ ਬਦੇਸ਼ੀ ਮੁਦਰਾ ਭੇਜ ਰਹੇ ਹਨ। ਬਦੇਸ਼ੀ ਮੁਦਰਾ ਜਿਹੜੀ ਅਸੀਂ ਉਹਨਾਂ ਕੋਲੋਂ ਹਰੇਕ ਸਾਲ ਪ੍ਰਾਪਤ ਕਰੇ ਰਹੇ ਹਾਂ, ਕਰੋੜਾਂ ਰੁਪਏ ਦੇ ਬਰਾਬਰ ਹੈ। ਨਹੀਂ ਤਾਂ ਤੁਹਾਡਾ ਘਾਟਾ ਬਹੁਤ ਜ਼ਿਆਦਾ ਹੋ ਜਾਵੇਗਾ। ਜੇ ਤੁਸੀਂ ਉਹਨਾਂ ਲਈ ਕੋਈ ਗੱਲ ਨਹੀਂ ਕਰਦੇ।

---

ਹਮਕੋ ਮਰਹੂਮ ਕੇ ਸਾਇਓਂ ਕੇ ਸਿਵਾਂ ਕੁਛ ਨਾ ਮਿਲਾ,
ਰਾਹ ਮੇਂ ਮਸਲੇ ਸ਼ਜਰ ਯੂੰ ਤੋ ਖੜਾ ਥਾ ਵੋਹ ਭੀ।

ਕਹਾਣੀ

# ਨਵਾਂ ਨਸ਼ਾ ਨਵੀਂ ਲੋਰ

**ਲਖਬੀਰ ਸਿੰਘ ਗੱਖੜ, ਐਬਟਸਫੋਰਡ, ਬੀ. ਸੀ.**

ਕੀ ਹਾਲ ਐ ਮਿਸਰਜੀਤ ?

ਓ ਹੈਲੋ ਬੀਰੇ, ਠੀਕ ਹੈ ਤੂੰ ਸੁਣਾ ? ਮਿਸਰਜੀਤ ਨੇ ਜਵਾਬ ਦਿਤਾ।

'ਸੌਰੀ ਯਾਰ ਮੈਂ ਕੱਲ ਤੇ ਪਰਸੋਂ ਦੋ ਵਾਰੀ ਤੁਹਾਡੇ ਘਰ ਫ਼ੋਨ ਕੀਤਾ, ਕੋਈ ਚੁੱਕਦਾ ਹੀ ਨਹੀਂ ਸੀ। ਮੈਂ ਤੁਹਾਨੂੰ ਦੱਸਣਾ ਸੀ ਕਿ ਸਾਡੇ ਘਰ ਦੇ ਪਿਛਲੀ ਵੀਕ ਆ ਗਏ ਹਨ, ਅੰਕਲ ਹੋਰਾਂ ਨੂੰ ਦੱਸ ਦੇਵੀਂ।' ਬੀਰੇ ਨੇ ਕਿਹਾ।

'ਆਹ ਤਾਂ ਬਹੁਤ ਚੰਗਾ ਹੋਇਆ, ਬਹੁਤ ਚਿਰ ਹੋ ਗਿਆ ਸੀ ਲਮਕਦਿਆਂ ਨੂੰ। ਇਮੀਗਰੇਸ਼ਨ ਵਾਲੇ ਕਿਹੜਾ ਸੁਣਦੇ ਐ, ਉਹ ਵੀ ਲਗਦੀ ਲਾਉਂਦੇ ਐ। ਚੰਗੇ ਭਲੇ ਕੇਸ ਲਮਕਾਈ ਜਾਂਦੇ ਐ - ਜਿਹੜੇ ਉਮਰਾਂ ਘਟਾ ਵਧਾ ਕੇ ਬਣਾ ਲੈਂਦੇ ਐ - ਉਹ ਕਦੋਂ ਦੇ ਆਏ ਫਿਰਦੇ ਐ। ਮਿਸਰਜੀਤ ਨੇ ਇਕੋ ਸਾਹ ਹੀ ਕਹਿ ਦਿਤਾ।

'ਅੱਜ ਫੇਰ ਕਿਵੇਂ ਆਰਮੀ-ਨੇਵੀ 'ਚ ਗੇੜੇ ਮਾਰੇ ?' ਬੀਰਾ ਪੁੱਛ ਰਿਹਾ ਸੀ।

'ਬੱਸ ਐਂਵੇ ਹੀ ਆਹ ਰੇਣੀ ਸੂਟ ਤੇ ਗਮ ਸ਼ੂ ਜਿਹੇ ਲੈਣੇ ਸੀ। ਹੁਣ ਮੀਂਹ ਕਣੀ ਦੀ ਰੁੱਤ ਐ - ਕੰਮ ਕਾਰ ਨੂੰ ਗੁੱਡ ਰਹਿੰਦੇ ਐ, ਸੋਚਿਆ ਲੈਂਦਾ ਹੀ ਜਾਵਾਂ। ਮਿਸਰਜੀਤ ਨੇ ਹੱਥ ਵਿਚ ਫੜੇ ਮੀਂਹ ਵਾਲੇ ਕਪੜੇ ਤੇ ਬੂਟਾਂ ਵੱਲ ਇਸ਼ਾਰਾ ਕਰਦਿਆਂ ਕਿਹਾ।

ਓ. ਕੇ. ਫਿਰ ਅੰਕਲ ਹੋਰਾਂ ਨੂੰ ਦੱਸ ਦੇਈਂ, ਫਿਰ ਗੁੱਸੇ ਹੋਣਗੇ ਕਿ ਦੱਸਿਆ ਵੀ ਨਹੀਂ, ਬੀਰਾ ਏਨਾਂ ਕਹਿੰਦਾ ਮਿਸਰੇ ਹੋਰਾਂ ਨਾਲੋਂ ਅਲੱਗ ਹੋ ਗਿਆ।

ਮਿਸਰਜੀਤ ਨੇ ਦੋ ਤਿੰਨ ਵੱਡੇ ਵੱਡੇ ਆਰਮੀ-ਨੇਵੀ ਦੇ ਸਮਾਨ ਦੇ ਭਰੇ ਲਫਾਫੇ ਲਿਆ ਘਰਦਿਆਂ ਨੂੰ ਵਿਖਾਏ ਅਤੇ ਨਾਲ ਹੀ ਦੱਸਿਆ ਕਿ ਉਸ ਨੂੰ ਗੁਰਬੀਰ ਮਿਲਿਆ ਸੀ ਜੋ ਕਹਿੰਦਾ ਸੀ ਕਿ ਉਸਦੇ ਮਾਂ ਪਿਉ ਤੇ ਛੋਟੇ ਭੈਣ ਭਰਾ ਇੰਡੀਆ ਤੋਂ ਆ ਗਏ ਹਨ।

ਅੱਛਾ ! ਆਹ ਤਾਂ ਬਹੁਤ ਚੰਗਾ ਹੋਇਆ। ਲਿਆ ਖਾਂ ਉਹਨਾਂ ਦਾ ਫ਼ੂਨ ਕਰੀਏ। ਜ਼ਰਾ ਘੁੰਮਾਈ ਤਾਂ ਉਹਨਾਂ ਦਾ ਨੰਬਰ ਮਿਸਰਜੀਤ ? ਸੋਹਣ ਸਿੰਘ ਨੇ ਕਿਹਾ।

ਹੈਲੋ - ਕੌਣ ਹੈ ਭਾਈ ?

ਮੈਂ ਅਰਵਿੰਦਰ ਹਾਂ ਜੀ ! ਅੱਗੋਂ ਜਵਾਬ ਮਿਲਿਆ।

ਆਹ ਬੀਬਾ ਇਥੇ ਬੁਘੇਲ ਸਿਉਂ ਹੈ ?

ਹਾਂ ਜੀ ! ਜ਼ਰਾ ਇਕ ਮਿੰਟ ਠਹਿਰਿਓ ! ਗੁਰਬੀਰ ਦੀ ਵਾਈਫ ਨੇ ਕਿਹਾ। ਪ੍ਰੀਵਾਰਕ ਸੁਖ ਸਾਂਦ ਤੋਂ ਉਪਰੰਤ ਹੋਰ ਗੱਲਾਂ ਬਾਤਾਂ ਤੇ ਇੰਡੀਆ ਦੇ ਹਾਲਾਤਾਂ ਬਾਰੇ ਵਾਰਤਾਲਾਪ ਹੁੰਦੀ ਰਹੀ।

'ਹੋਰ ਅੱਜ ਕੱਲ ਜੀਅ ਲੱਗਾ ਹੈ ?' ਸੋਹਣ ਸਿੰਘ ਪੁੱਛ ਰਿਹਾ ਸੀ।

"ਜੀਅ ਜੁਅ ਕਾਹਦੇ ਭਰਾਵਾ ! ਦਸ ਦਿਨ ਹੋਗੇ ਆਇਐਂ ਨੂੰ - ਨਾ ਦਿਨ ਦਾ ਪਤਾ ਲੱਗਦੈ, ਨਾ ਰਾਤ ਦਾ। ਦਿਨ ਨੂੰ ਕਦੇ ਸੂਰਜ ਨਹੀਂ ਵੇਖਿਆ ਤੇ ਨਾ ਰਾਤ ਨੂੰ ਕਦੇ ਚੰਦ। ਹਾਲੇ ਤਕ ਸਿਰ ਹੀ ਚਕਰਾਈ ਜਾਂਦੈ, ਜਿਵੇਂ ਅਜੇ ਵੀ ਜਹਾਜ਼ 'ਚ ਹੀ ਬੈਠੇ ਹੋਈਏ। ਕੰਨਾਂ ਵਿਚ ਤਾਂ ਸੁਰਰ ਸੁਰਰ ਹੋਈ ਜਾਂਦੀ ਐ।"

ਬੁਘੇਲ ਸਿੰਘ ਆਪਣੇ ਅਕੇਵੇਂ ਤੇ ਥਕੇਵੇਂ ਬਾਰੇ ਕਹਿ ਰਿਹਾ ਸੀ।

"ਅੰਦਰ ਬੈਠਿਆਂ ਦਾ ਤਾਂ ਏਹੋ ਹਾਲ ਹੀ ਹੁੰਦਾ ਐ। ਰਤਾ ਬਾਹਰ ਤੁਰ ਫਿਰ ਆਇਆ ਕਰ। ਸੋਹਣ ਸਿੰਘ ਨੇ ਜ਼ਰਾ ਕੁ ਹਲੂਣਾ ਦਿਤਾ।

'ਬਾਹਰ ਕਿੱਥੇ ਜਾਵਾਂ ? ਬਾਹਰ ਤਾਂ ਪਰਿੰਦਾ ਵੀ ਨਜ਼ਰ ਨਹੀਂ ਆਉਂਦਾ ਐਵੇਂ ਬਾਹਰ ਨਿਕਲਕੇ ਕਿਸੇ ਹੋਰ ਗਲੀ ਪੈ ਗਿਆ ਤਾਂ ਘਰ ਨਹੀਂ ਲੱਭਣਾ। ਘਰ ਵੀ ਸਾਰੇ ਇਕੋ ਜਿਹੇ ਹੀ ਲੱਗਦੇ ਐ। ਬੁਘੇਲ ਸਿੰਘ ਨੇ ਖਿੜਕੀ ਵਿਚ ਦੀ ਬਾਹਰ ਦੇਖਦਿਆਂ ਗੱਲ ਕੀਤੀ।

'ਮੇਰਾ ਬਾਹਰ ਤੋਂ ਮਤਲਬ ਗਲੀਆਂ ਵਿਚ ਤੁਰਨ ਫਿਰਨ ਤੋਂ ਨਹੀਂ।' ਸੋਹਣ ਸਿੰਘ ਨੇ ਗੱਲ ਦਾ ਮੋੜ ਦਿਤਾ।

'ਹੋਰ ਫਿਰ ਕੀ ?' ਬੁਘੇਲ ਸਿੰਘ ਨੇ ਕਾਹਲੀ ਨਾਲ ਪੁਛਿਆ।

'ਬਾਹਰ ਫਾਰਮਾਂ ਵਿਚ ਥੋੜਾ ਬਹੁਤ ਕੰਮ ਚਲਦਾ ਰਹਿੰਦਾ ਹੈ। ਇਸ ਤਰ੍ਹਾਂ ਨਾਲੇ ਟਾਈਮ ਪਾਸ ਹੋ ਜਾਂਦੈ ਨਾਲੇ ਚਾਰ ਡਾਲਰ ਵੀ ਕਮਾ ਲਵੇਂਗਾ। ਵੈਸੇ ਤੁਸੀਂ ਤਿੰਨ ਚਾਰ ਮਹੀਨੇ ਪਛੜ ਹੀ ਗਏ, ਜੇ ਪਹਿਲਾਂ ਆ ਜਾਂਦੇ ਤਾਂ ਬੁਘੇਲ ਸਿਆਂ ਇਥੇ ਤਾਂ ਤੀਆਂ ਹੀ ਲੱਗੀਆਂ ਹੁੰਦੀਐਂ ਤੀਆਂ - ਮੋਗੇ ਵਾਲੀਆਂ ਤੀਆਂ। ਬੇਰੀ ਤੋੜਨ ਦੀ ਰੁੱਤ ਵੇਲੇ ਜਿਵੇਂ ਆਪਾਂ ਨਰਮੇ ਕਪਾਹਾਂ ਦੀ ਚੁਗਾਈ ਵੇਲੇ ਚੋਣੀਆਂ ਦੀ ਟਰਾਲੀ ਭਰਕੇ ਲੈ ਜਾਂਦੇ ਹਾਂ - ਉਵੇਂ ਇਥੇ ਟਰੱਕੀ ਤੇ ਟਰੱਕੀ ਪਈ ਘੂਕਦੀ ਐ, ਫਿਰ ਗਿੱਧਾ ਤੇ ਧਮੱਚੜ ਹੀ ਪਿਆ ਪੈਂਦੇ ਤਕਾਲਾਂ ਨੂੰ ਜਦੋਂ ਹਿਕ ਨਾਲ ਟੰਗੇ ਕਾਰਡ ਤੇ ਮੋਰੀਆਂ ਗਿਣਦੇ ਹਾਂ 'ਬਈ ਕਿੰਨੇ ਹੋਗੇ ਅੱਜ ?' ਜੇ ਕਿਸੇ ਹਮਾਤੜ ਦੇ ਦੋ ਫਲੈਟ ਲੋਕਾਂ ਨਾਲੋਂ ਜ਼ਿਆਦਾ ਵੀ ਹੋ ਜਾਣ ਤਾਂ ਘਰ ਤੱਕ ਹਿਕ ਨਾਲੋਂ ਕਾਰਡ ਹੀ ਨਹੀਂ ਲਾਹੁੰਦਾ, ਜਿਵੇਂ ਕਿਸੇ ਫੌਜੀ ਨੂੰ ਲੜਾਈ ਸਮੇਂ ਵੀਰ-ਚੱਕਰ ਮਿਲਿਆ ਹੋਵੇ।'

"ਹਾਲੇ ਕੀ ਵਿਗੜਿਐ ਡੁੱਲ੍ਹੇ ਬੇਰਾਂ ਦਾ ?' ਹੁਣ ਵੀ ਸਪਰੌਟ ਟੁਟਦੇ ਐ। ਤਾਂ ਹੀ ਕਹਿੰਦਾ ਹਾਂ 'ਤੁਰ ਫਿਰ ਆਇਆ ਕਰ।' ਆਹ ਅੱਜ ਹੀ ਮਿਸਰਜੀਤ ਨੇ ਮੀਂਹ ਵਾਲੇ ਕੱਪੜੇ, ਰਬੜ ਦੇ ਬੂਟ ਤੇ ਠੰਡ ਦੇ ਬਚਾਓ ਲਈ ਟੋਪਾ ਤੇ ਦਸਤਾਨੇ ਵਗੈਰਾ ਲਿਆ ਕੇ ਦਿੱਤੇ ਐ। ਉਹ ਤਾਂ ਬਥੇਰਾ ਨਾਂਹ ਨਾਂਹ ਕਰਦਾ ਸੀ, ਮੈਂ ਹੀ ਕਿਹਾ "ਕਿ ਚਾਰ ਦੀਵਾਰੀ 'ਚ ਰਹਿਕੇ ਤਾਂ ਦਮ ਜਿਹਾ ਘੁੱਟਦਾ ਰਹਿੰਦੈ। ਬਾਹਰ ਦੇ ਪੌਣ-ਪਾਣੀ ਨਾਲ ਤਬੀਅਤ ਕੁਝ ਠੀਕ ਰਹਿੰਦੀ ਐ, ਨਾਲੇ ਟੈਮ ਪਾਸ ਹੋ ਜਾਂਦੈ।" ਸੋਹਣ ਸਿੰਘ ਨੇ ਆਪਣੇ ਰੁਜ਼ਗਾਰ ਬਾਰੇ ਚਾਨਣਾ ਪਾਉਂਦਿਆਂ ਕਿਹਾ।

'ਆਹ ਕੀ ਕਿਹਾ ਸੀ ਅਖਰੋਟ ਟੁਟਦੇ ਐ ? ਇਹ ਕੀ ਹੁੰਦੇ ਐ ? ਕੀ ਕੰਮ ਆਉਂਦੇ ਐ ? ਕਿਵੇਂ ਤੋੜੀਦੇ ਐ ? ਬੁਘੇਲ ਸਿੰਘ ਬੜੇ ਉਤਾਵਲੇ ਪਣ ਨਾਲ ਸਵਾਲ ਕਰੀ ਜਾ ਰਿਹਾ ਸੀ।

'ਨਹੀਂ, ਅਖਰੋਟ ਨਹੀਂ, 'ਸਪਰੌਟ' ! ਇਹ ਹੁੰਦੇ ਅਖਰੋਟਾਂ ਵਰਗੇ ਹੀ ਐ ਪਰ ਹਰੇ ਰੰਗ ਦੇ ਹੁੰਦੇ ਐ, ਬੰਦ ਗੋਭੀ ਦੇ ਬੱਚੇ ਜਿਹੇ ! ਜੇ ਸਾਰਾ ਰੰਗ ਢੰਗ ਵੇਖਣਾ ਹੈ ਤਾਂ ਤੈਨੂੰ ਵਿਖਾ ਲਿਆਵਾਂਗੇ, ਗੁਰਬੀਰ ਨੂੰ ਪੁੱਛ ਲਵੀਂ। ਚੰਗਾ ਫਿਰ ਬੁਘੇਲ ਸਿਆਂ ਬਹਿਕੇ ਗੱਲਾਂਬਾਤਾਂ ਕਰਾਂਗੇ। ਓ. ਕੇ. ਬਾਏ !

ਸੋਹਣ ਸਿੰਘ ਨਾਲ ਟੈਲੀਫ਼ੋਨ ਤੇ ਹੋਈ ਵਾਰਤਾਲਾਪ ਬੁਘੇਲ ਸਿੰਘ ਨੇ ਗੁਰਬੀਰ ਨੂੰ ਸੁਣਾਈ।

'ਬਾਪੂ ਜੀ ! ਤੁਸੀਂ ਆਰਾਮ ਕਰੋ, ਅਸੀਂ ਜੋ ਸਾਰੇ ਜਾਣੇ ਕੰਮ ਕਰੀ ਜਾਂਦੇ ਹਾਂ। 'ਅੰਕਲ ਜੀ ਵੀ ਬੱਸ ਐਂਵੇਂ ਲਾਲਚ ਨੂੰ ਚੰਬੜੇ ਹੋਏ ਹਨ, ਜਿਹਨਾਂ ਨੇ ਤੁਹਾਨੂੰ ਉਕਸਾ ਦਿੱਤਾ ਹੈ।' ਗੁਰਬੀਰ ਨੇ ਵਾਜਬ ਜਿਹੇ ਜਵਾਬ ਵਿਚ ਕਿਹਾ।

ਪਰ ਇਸ ਵਾਜਬ ਜਿਹੇ ਜਵਾਬ ਦਾ ਅਸਰ ਬੁਘੇਲ ਸਿੰਘ ਦੇ ਮਨ ਤੇ ਉਲਟਾ ਹੀ ਹੋਇਆ।

"ਨਹੀਂ ਕਾਕਾ ਏਹਦੇ 'ਚ ਮਾੜਾ ਵੀ ਕੀ ਐ ? ਇਕ ਤੀਰ ਨਾਲ ਕਈ ਸ਼ਿਕਾਰ ਹੁੰਦੇ ਐ। ਨਾਲੇ ਸੋਹਣ ਸਿੰਘ ਕਿਹੜਾ ਮੈਥੋਂ ਛੋਟੀ ਉਮਰ ਦਾ ਹੈ, ਪੰਜ ਚਾਰ ਸਾਲ ਵੱਡਾ ਹੀ ਹੋਵੇਗਾ। ਜੇ ਕੋਈ ਉਹ ਕੰਮ ਕਰ ਸਕਦੈ ਤਾਂ ਮੈਨੂੰ ਕੀ ਹੋਇਐ ? ਬੁਘੇਲ ਸਿੰਘ ਨੇ ਫਿਰ ਫਰਮਾਇਸ਼ ਕੀਤੀ।

"ਇਉਂ ਤਾਂ ਮੋਤੀ ਦੇ ਡੈਡੀ ਜਾਂਦੇ ਹੀ ਐ ਫਾਰਮਾਂ 'ਚ ਕੰਮ ਕਰਨ। ਉਹ ਬਾਪੂ ਜੀ ਨਾਲੋਂ ਕਿੰਨੇ ਵੱਡੇ ਐ ?" ਕੋਲ ਬੈਠੀ ਅਰਵਿੰਦਰ ਨੇ ਗੱਲ 'ਚ ਗੱਲ ਕੀਤੀ।

'ਕਿਸੇ ਨੂੰ ਕੀ ਕਹਿਣੈ, ਆਪ ਸਾਰੇ ਉਹੀ ਕੰਮ ਕਰਨੇ ਹਨ ਜੋ ਲੋਕ ਕਰਦੇ ਹਨ। ਗੁਰਬੀਰ ਨੇ ਕਿਹਾ।

'ਕੋਈ ਨਾ ਕੁਝ ਨਹੀਂ ਹੁੰਦਾ, ਮੈਨੂੰ ਕੋਈ ਕੰਮ ਵਾਲੇ ਪੁਰਾਣੇ ਕਪੜੇ ਦਿਉ ਨਾਲੇ ਬੂਟ ਵਗੈਰਾ। ਤੁਸੀਂ ਤਾਂ ਇਉਂ ਕਰਦੇ ਓ ਜਿਵੇਂ ਮੈਂ ਪ੍ਰਾਹੁਣਾ ਆਇਆ ਹੁਨੈਂ।" ਬੁਘੇਲ ਸਿੰਘ ਨੇ ਆਪਣੇ ਆਪ ਨੂੰ ਭਾਰ ਸਮਝਦਿਆਂ ਤੇ ਜ਼ਿਦਾਈ ਜਿਹੀ ਕਰਦਿਆਂ ਕਿਹਾ, ਤੇ ਅਗਲੀ ਸਵੇਰ ਹੀ ਸੋਹਣ ਸਿੰਘ, ਬੁਘੇਲ ਸਿੰਘ ਤੇ ਉਹਨਾਂ ਦੇ ਸਾਥੀ ਕਾਮੇ ਇਕੱਠੇ ਕੰਮ ਦੇ ਨਾਲ ਨਾਲ ਆਪਣੀ ਸੱਥ ਜਮਾਈ ਬੈਠੇ ਸਨ।

ਦਿਹਾੜੀ ਦੇ ਵਿਚ ਵਿਚ ਸਾਰੇ ਹਮ-ਉਮਰੀਏ ਇੰਡੀਆ ਅਤੇ ਆਪੋ ਆਪਣੀ ਪਿਛਲੀ ਜ਼ਿੰਦਗੀ ਦੇ ਬੀਤੇ ਦਿਨਾਂ ਵਿਚ ਦੀ ਫਿਰ ਜਾਂਦੇ। ਇਸੇ ਤਰ੍ਹਾਂ ਹੌਲੀ ਹੌਲੀ ਇਕ ਦੂਜੇ ਨਾਲ ਰਚ ਮਿਚ ਗਏ ਤੇ ਆਪੋ ਆਪਣੀਆਂ ਘਰੇਲੂ ਕਹਾਣੀਆਂ ਵੀ ਸਾਂਝੀਆਂ ਕਰਨ ਲੱਗ ਪਏ।

ਬਘੇਲ ਸਿੰਘ ਨੂੰ ਵੀ ਹੁਣ ਜਦੋਂ ਉਹ ਘਰ ਜਾਕੇ ਆਪਣੀ ਹਿੱਕ ਨਾਲ ਟੰਗਿਆ ਤਗ਼ਮਾ(ਪੰਚ ਕਾਰਡ) ਦੇਖਦਾ ਤਾਂ ਕੰਮ ਦਾ ਚਸਕਾ ਜਿਹਾ ਪੈ ਚੁੱਕਾ ਸੀ, ਭਾਵੇਂ ਉਸਦੀ ਆਪਣੀ ਸੇਹਤ ਤੇ ਘਰ ਦੇ ਇਜ਼ਾਜਤ ਨਹੀਂ ਸੀ ਦੇਂਦੇ। ਪਰ ਇਸ ਨਵੇਂ ਨਸ਼ੇ ਦੀ ਲੋਰ ਨੇ ਉਸ ਨੂੰ ਕੁਝ ਹੋਰ ਨਾ ਸੋਚਣ ਦਿਤਾ। ਇਸੇ ਤਰਾਂ ਕਈ ਦਿਨ ਕੰਮ ਚਲਦਾ ਰਿਹਾ। ਚਾਹ ਪੀਣ ਦੇ ਟਾਈਮ ਜਾਂ ਰੋਟੀ ਖਾਣ ਵੇਲੇ ਬੈਠੀ ਢਾਣੀ ਨੇ ਭਾਂਤ ਭਾਂਤ ਦੀਆਂ ਗੱਲਾਂ ਸੁਨਾਉਣੀਆਂ, ਟਿਚਕਰਾਂ, ਮਸ਼ਕਰੀਆਂ ਤੇ ਲਤੀਫੇ ਚਲਦੇ। ਈਸ਼ਰ ਸਿੰਘ ਨੇ ਕਹਿਣਾ ਕਿ ਜਦੋਂ ਸਾਲਾ ਇਕ ਦਾਣਾ ਬਾਲਟੀ ਚੋਂ ਬਾਹਰ ਡਿੱਗ ਪੈਂਦੇ ਤਾਂ ਇਉਂ ਲਗਦੈ ਜਿਵੇਂ 25 ਸੈਂਟ ਡਿੱਗ ਪਏ ਹੋਣ।

ਠੰਢ ਦੇ ਨਾਲ ਘਰੋਂ ਲਿਆਂਦੀਆਂ ਰੋਟੀਆਂ ਤੇ ਸਬਜ਼ੀ 'ਚ ਪਾਇਆ ਭੋਰਾ ਥੰਦਾ ਜੰਮ ਜਾਣਾ ਦੂਸਰਾ ਦੰਦ ਵੀ ਮੂੰਹ 'ਚ ਸੁੱਖ ਨਾਲ ਕੋਈ ਵੀ ਨਾ - ਜੇ ਹੋਣੇ ਤਾਂ ਦੋ ਚਾਰ - ਜਿਨ੍ਹਾਂ ਨਾਲ ਰੋਟੀ ਵੀ ਨਹੀਂ ਚੱਬ ਹੁੰਦੀ। ਕਈਆਂ ਇਸ ਮੁਸੀਬਤਾਂ ਦੇ ਮਾਰਿਆਂ ਘਰੋਂ ਡਬਲ ਰੋਟੀਆਂ ਦੇ ਪੀਸ ਹੀ ਲਿਆਉਣੇ ਤੇ ਚਾਹ ਨਾਲ ਖਾਕੇ ਗੁਜ਼ਾਰਾ ਕਰ ਲਿਆ ਕਰਨ। ਤੇ ਨਾਲ ਹੀ ਕਹਿ ਛੱਡਣਾ ਕਿ ਕਬਜ਼ ਤਾਂ ਹੁੰਦੀ ਹੀ ਹੈ ਪਰ ਖਾ ਤਾਂ ਸੌਖੀ ਤਰ੍ਹਾਂ ਲਈਦੀਆਂ ਹਨ। ਅਜਿਹੀ ਮਹਿਫਲ ਹਰ ਰੋਜ਼ ਹੁੰਦੀ ਰਹੀ।

ਇਹਨਾਂ ਦਿਨਾਂ ਦੇ ਦੌਰਾਨ ਹੀ ਸੋਹਣ ਸਿੰਘ ਦੇ ਸਰੀਰ ਵਿਚ ਖ਼ੂਨ ਦੀ ਘਾਟ ਕਾਰਨ ਤੇ ਸਰਦੀ ਦੇ ਵਿੰਨੇ ਹੱਡਾਂ ਦੀ ਮੁੱਠ ਲੈ ਦੋ ਚਾਰ ਦਿਨ ਹਸਪਤਾਲ ਵਿਚ ਰਹਿਣ ਤੋਂ ਬਾਅਦ ਇਸ ਢਾਣੀ ਤੇ ਦੁਨੀਆਂ ਨੂੰ ਛੱਡ ਕੇ ਚਲਾ ਗਿਆ।

ਕੁਝ ਦਿਨਾਂ ਬਾਅਦ ਕੰਮ ਦੀ ਔਖਿਆਈ ਕਾਰਨ ਤੇ ਖਾਣ ਪੀਣ ਦੀ ਦਿੱਕਤ ਨਾਲ ਬਘੇਲ ਸਿੰਘ ਵੀ ਕੁਝ ਤੰਗੀ ਜਿਹੀ ਮਹਿਸੂਸ ਕਰਨ ਲੱਗਾ। ਪਰ ਇਸ ਤੰਗੀ ਦੀ ਘੁੱਟ ਨੂੰ ਅੰਮ੍ਰਿਤ ਸਮਝ ਕੇ ਪੀਂਦਾ ਰਿਹਾ। ਇਕ ਦਿਨ ਸਪਰੌਟਾਂ ਦੇ ਡੰਡਿਆਂ ਦਾ ਕਲਾਵਾ ਭਰੀ ਗੋਡੇ ਗੋਡੇ ਚਿੱਕੜ ਵਿਚ ਵੀ ਖੁਭਦਾ ਤੇ ਡਿੱਗਣੋਂ ਬਚਦਾ ਬਚਦਾ ਮਸਾਂ ਹੀ ਆਪਣੇ ਟੇਬਲ ਤੇ ਪਹੁੰਚਿਆ। ਕਾਫੀ ਠੰਡ ਦੇ ਬਾਵਜੂਦ ਵੀ ਮੱਥੇ ਤੇ ਤਰੇਲੀ ਆ ਗਈ। ਇਹੀ ਸੋਚਕੇ ਕਿ ਇਕ ਕਲਾਵਾ ਹੋਰ ਲਿਆਵਾਂ ਤੇ ਫੇਰ ਬੱਸ ਅੱਜ ਦੀ ਦਿਹਾੜੀ ਪੈ ਜੂ, ਬਘੇਲ ਸਿੰਘ ਦੂਜਾ ਕਲਾਵਾ ਲੈਣ ਚਲਾ ਗਿਆ। ਜਦ ਨੀਵਾਂ ਹੋਕੇ ਸਪਰੌਟਾਂ ਦੇ ਡੰਡਿਆਂ ਨੂੰ ਹੱਥ ਪਾਇਆ ਤਾਂ ਡੰਡਿਆਂ ਨਾਲੋਂ ਝੜੇ ਹੋਏ ਸਪਰੌਟਾਂ ਦੇ ਦਾਣੇ ਉਸਨੂੰ 25-25 ਸੈਂਟ ਖਿਲਰੇ ਪਏ ਨਜ਼ਰ ਆਉਣ ਲੱਗੇ ਤਾਂ ਉਹ ਉਹਨਾਂ ਨੂੰ ਚੁਗਣ ਬੈਠ ਗਿਆ।

"ਆ ਜਾ ਹੁਣ, ਏਨੇ ਨੂੰ ਤਾਂ ਤੂੰ ਬਾਲਟੀ ਭਰ ਲੈਣੀ ਸੀ।" ਪੰਜਾਬ ਸਿੰਘ ਨੇ ਆਵਾਜ਼ ਦਿੱਤੀ।

"ਬਾਬੇ ਨੂੰ ਫਾਰਮਰਾਂ ਦਾ ਖਿਆਲ ਹੈ।" ਕੋਲੋਂ ਲੰਘ ਰਹੇ ਖੇਤ ਵਾਲੇ ਮੁੰਡੇ ਨੇ ਕਿਹਾ। ਪਰ ਬੁਘੇਲ ਸਿੰਘ ਧਰਤੀ 'ਚ ਨਿਗ੍ਹਾ ਗੱਡੀ ਆਪਣੀਆਂ ਸੋਚਾਂ ਵਿਚ ਹੀ ਲੀਨ ਸੀ। ਉਸਦੀ ਸੋਚ ਸੀ ਕਿ ਇੰਡੀ ਉਮਰ ਦੇ ਬੰਦੇ ਨੂੰ ਖੇਤਾਂ ਵਿਚ ਕੰਮ ਕਰਦੇ ਨੂੰ ਕੋਈ ਉਂਗਲਾਂ ਨਾ ਕਰੇ, ਕੋਈ ਤਾਹਨੇ ਨਾ ਕਸੇ। ਇਸ ਬਾਰੇ ਉਹ ਇਕ ਧਿਆਨ ਲੈ ਕੇ ਉਠਿਆ ਜਿਸ ਨਾਲ ਉਸਦੇ ਆਪਣੀ ਮਰਜ਼ੀ ਨਾਲ ਖੇਤਾਂ ਵਿਚ ਆਉਣ ਤੇ ਪਰਦਾ ਪੈ ਸਕੇ। ਉਸ ਨੇ ਆਪਣੇ ਸਾਰੇ ਲੋਭ ਲਾਲਚ ਭੁੱਲਕੇ ਇਕ ਹੀ ਚੀਜ਼ ਦਿਮਾਗ ਵਿਚੋਂ ਉਭਰ ਕੇ ਸਾਹਮਣੇ ਲਿਆਂਦੀ ਕਿ "ਮੋਤੀ ਦੇ ਡੈਡੀ ਵੀ ਫਾਰਮਾਂ 'ਚ ਕੰਮ ਕਰਨ ਜਾਂਦੇ ਹੀ ਐ, ਉਹ ਮੇਰੇ ਨਾਲੋਂ ਕਿੰਨੇ ਵੱਡੇ ਐ।" ਇਕ ਸਰਸਰੀ ਤੇ ਸਹਿਜ ਸੁਭਾਅ ਹੀ ਕਹੀ ਅਰਵਿੰਦਰ ਦੀ ਗੱਲ ਨੂੰ ਉਲਟਾ ਕੇ ਉਸ ਦੀ ਹੋਰ ਰੂਪ ਰੇਖਾ ਬਣਾ ਕੇ ਤੇ ਹੋਰ ਮਤਲਬ ਕੱਢਕੇ ਬੁਘੇਲ ਸਿੰਘ ਨੇ ਆਪਣੀਆਂ ਹੱਡ-ਬੀਤੀਆਂ ਵਿਚ ਜਮਾਂ ਕਰ ਲਈ ਤੇ ਇਕ ਦਿਨ ਆਪਣੀ ਢਾਣੀ ਵਿਚ ਢੇਰੀ ਕਰ ਦਿਤੀ। ਉਂਝ ਇਹ ਢਾਣੀ ਹੈ ਇਕੋ ਸ਼੍ਰੇਣੀ ਦੀ ਹੀ।

ਇਹ ਕਹੀ ਗੱਲ ਪੰਜਾਬ ਸਿੰਘ ਨੂੰ ਕੁਝ ਖਰਵੀ ਜਿਹੀ ਲੱਗੀ ਅਤੇ ਨਾ ਹੀ ਭਰੋਸੇਯੋਗ। ਉਸ ਨੇ ਬੁਘੇਲ ਸਿੰਘ ਦੇ ਚੇਹਰੇ ਨੂੰ ਪੜ੍ਹਦਿਆਂ ਮਹਿਸੂਸ ਕੀਤਾ ਅਤੇ ਕਹੀ ਗੱਲ ਨੂੰ ਫਿਰ ਆਪਣੇ ਮਨ ਵਿਚ ਵਿਚਾਰਿਆ। "ਕੋਈ ਨਾ ਹੁਣ ਤਾਂ ਪੰਜ ਸੱਤ ਦਿਨ ਹੋਰ ਐ, ਫਿਰ ਬੇਰੀ ਵੱਢਣ ਦਾ ਕੰਮ ਸ਼ੁਰੂ ਹੋ ਜਾਣੈ।" ਪੰਜਾਬ ਸਿੰਘ ਨੇ ਬੁਘੇਲ ਸਿੰਘ ਦੇ ਮਨ ਨੂੰ ਹੋਰ ਘੋਖਣਾ ਚਾਹਿਆ। 'ਦਫਾ ਕਰ ਯਾਰ ਇਹੋ ਜਿਹੇ ਕੰਮਾਂ ਨੂੰ।' ਬੁਘੇਲ ਸਿੰਘ ਨੇ ਗੱਲ ਬਦਲਣੀ ਚਾਹੀ।

"ਕਿਉਂ ਕੀ ਹੋ ਗਿਆ ? ਬੇਰੀ ਕੱਟਣ 'ਚ ਵੀ ਪੈਸੇ ਚੰਗੇ ਬਣ ਜਾਂਦੇ ਐ ਪੰਜਾਬ ਸਿੰਘ ਨੇ ਕਿਹਾ।

'ਕੋਈ ਨਾ, ਫੇਰ ਵੇਖੀ ਜਾਊ, ਪਹਿਲਾਂ ਆਹ ਤਾਂ ਮੁਕਾ ਲਈਏ। ਬੁਘੇਲ ਸਿੰਘ ਦਾ ਸੰਖੇਪ ਜਿਹਾ ਉਤਰ ਸੀ, ਪਰ ਜਦੋਂ ਉਸ ਨੇ ਸੁਣਿਆ ਕਿ "ਬੇਰੀ ਕੱਟਣ 'ਚ ਵੀ ਪੈਸੇ ਚੰਗੇ ਬਣ ਜਾਂਦੇ ਐ।" ਉਸਦੇ ਸਰੀਰ ਵਿਚ ਜਿਵੇਂ ਫੁਰਤੀ ਆ ਗਈ ਹੋਵੇ, ਉਸਦਾ ਮਨ ਕੀਤਾ ਕਿ ਕਦੋਂ ਬੇਰੀ ਮਿਲੇ ਕਦੋਂ ਕੱਟਾਂ ਤੇ ਕਦੋਂ .....। ਉਸ ਨੇ ਮੌਕਾ ਜਿਹਾ ਤਾੜ ਕੇ ਪੰਜਾਬ ਸਿੰਘ ਤੋਂ ਪੁੱਛ ਹੀ ਲਿਆ "ਉਂ ਤਾਂ ਪੰਜਾਬ ਸਿਆਂ ਆਹ ਹੱਡਾਂ ਦਾ ਕੰਮ ਤਾਂ ਹੈ ਨੀ, ਪਰ ਬੇਰੀ ਬੂਰੀ ਦਾ ਕਿਵੇਂ — ਕਿਥੋਂ — ਕਦੋਂ — ਕੋਈ ਬਣ ਸਕਦੈ ਸਬੱਬ — ਕਿਉਂਕਿ ਘਰੇ ਵੀ ਐਵੇਂ ਘਰ ਦਿਆਂ ਦੀਆਂ ਅੱਖਾਂ ਹੀ ਚੂੰਬਲਦੇ ਹਾਂ - ਸਾਰੇ ਐਂ ਵੇਂਹਦੇ ਐ ਜਿਵੇਂ ਮੁਸਲਮਾਨ ਸੂਰ ਵੱਲ ਵੇਂਹਦੈ। ਬੁਘੇਲ ਸਿੰਘ ਨੇ ਆਪਣੀ ਲਾਲਚ ਭਰੀ ਗੱਲ ਤੇ ਪੂਰਾ ਪਰਦਾ ਪਾਉਂਦਿਆਂ ਕਿਹਾ। 'ਕੋਈ ਨਾ ਫਿਰ, ਦੱਸ ਪੁੱਛ ਕਰ ਲਵਾਂਗੇ ਕਿਸੇ ਨੂੰ।' ਪੰਜਾਬ ਸਿੰਘ ਨੇ ਕਿਹਾ। ਛੇਤੀ ਹਿੰਮਤ ਕਰੀਂ, ਘਰੇ ਤਾਂ ਦੋ ਦਿਨ ਨਹੀਂ ਟਿਕਣ ਦੇਣਾ ਕਿਸੇ ਨੇ। ਬੁਘੇਲ ਸਿੰਘ ਉਤਾਵਲੇ ਪਣ ਨਾਲ ਕਹਿ ਗਿਆ।

ਪੰਜਾਬ ਸਿੰਘ ਉਪਰ ਕਹੀਆਂ ਗੱਲਾਂ ਸੁਣ ਮੁੱਛਖਿੜੀਏਂ ਹੱਸਦਾ ਰਿਹਾ ਤੇ ਬੁਘੇਲ ਸਿੰਘ ਵੱਲ ਟੇਢੀ ਨਜ਼ਰ ਨਾਲ ਤਕਦਾ ਰਿਹਾ ਅਤੇ ਫਿਰ ਪੰਜਾਬ ਸਿੰਘ ਦੇ ਸਾਹਮਣੇ ਬੁਘੇਲ ਸਿੰਘ ਦੇ ਮੂੰਹੋਂ ਕਹੀ ਗਈ 'ਬਹੂ' ਦੀ ਗੱਲ ਆ ਗਈ ਤੇ ਉਹ ਕਹਿਣੋਂ ਰਹਿ ਨਾ ਸਕਿਆ।

"ਇਹ ਤਾਂ ਐਂਵੇ ਕਹਿਣ ਦੀਆਂ ਗੱਲਾਂ ਹਨ ਬੁਘੇਲ ਸਿਆਂ ਕਿ ਘਰੋਂ ਨੂੰਹ ਪੁੱਤ ਧੱਕ ਕੇ ਕੰਮ ਕਰਨ ਨੂੰ ਭੇਜਦੇ ਹਨ। ਮੈਂ ਪਹਿਲਾਂ ਵੀ ਤੇਰੇ ਮੂੰਹੋਂ ਸੁਣਿਆ ਸੀ। ਇਹ ਤਾਂ ਆਪਾਂ ਨੂੰ ਹੀ ਤਮਾਂ ਖਾਈ ਜਾਂਦੀ ਐ ਜਦੋਂ ਇਕ ਨੂੰ ਸੱਤਾਂ ਅੱਠਾਂ ਨਾਲ ਜ਼ਰਬਾਂ ਦੇ ਲੈਂਦੇ ਆਂ। ਇਹ 'ਮਾਇਆ ਮਨੋਂ ਨਾ ਵਿਸਰੇ' ਗੁਰਬਾਣੀ 'ਚ ਵੀ ਲਿਖਿਆ ਹੈ। ਇਹ ਪੰਜਾਂ ਤੱਤਾਂ ਚੋਂ ਲੋਭ ਤੇ ਹੰਕਾਰ ਹੀ ਬੰਦੇ ਦੀ ਪੇਸ਼ ਨਹੀਂ ਜਾਣ ਦਿੰਦੇ।' ਪੰਜਾਬ ਸਿੰਘ ਆਪਣੇ ਦਿਲ ਦੀ ਗੱਲ ਨਿਖਾਰ ਕੇ ਕਰ ਰਿਹਾ ਸੀ।

'ਨਹੀਂ-ਨਹੀਂ - ਐਸੀ ਤਾਂ ਕੋਈ ਗੱਲ ਨਹੀਂ। ਬੁਘੇਲ ਸਿੰਘ ਨੇ ਛਿੱਥਾ ਜਿਹਾ ਪੈਂਦਿਆਂ ਕਿਹਾ। "ਉਂ ਤਾਂ ਇੰਡੀਆ ਨਾਲੋਂ ਸੌਖੇ ਹੀ ਹਾਂ। ਪੰਜ ਚਾਰ ਘੰਟੇ ਸੌ ਵੀ ਜ਼ਿਆਦਾ ਲਈਦੈ - ਖੁਰਾਕ ਵੀ ਚੰਗੀ ਐ ਨਾਲੇ ਥੱਕੇ ਟੁੱਟਿਆਂ ਦੇ ਹੱਡ ਜੁੜ ਜਾਂਦੇ ਐ ਜਦੋਂ ਦੋ ਕੁ ਗਰੇਜ਼ੀ ਦੇ ਹਾੜੇ ਲਾ ਲਈਦੇ ਐ। ਫਿਰ ਬਾਹਰੋਂ ਕੰਮ ਕਰਕੇ ਆਕੇ ਕੇਹੜਾ ਪਸ਼ੂ ਮਾਲ ਅੰਦਰ ਕਰਨਾ ਹੁੰਦੈ ਤੇ ਬਾਲਣ ਪੱਠੇ ਦਾ ਇਤਜ਼ਾਮ ਕਰਨਾ ਹੁੰਦੈ, ਅਜਿਹੀਆਂ ਗੱਲਾਂ ਦਾ ਫਿਕਰ ਤਾਂ ਨਹੀਂ।

"ਤੇ ਫਿਰ ਰੌਲਾ ਕਿਹੜੀ ਗੱਲ ਦਾ ਐ ? ਕਿਉਂ ਐਵੇਂ ਪਾਣੀ 'ਚ ਮਧਾਣੀ ਪਾਈ ਬੈਠੈਂ, ਨਾਲੇ ਆਹ ਉਮਰ ਕੇਹੜਾ ਕੰਮ ਕਰਨ ਦੀ ਐ, ਸੁੱਖ ਨਾਲ ਸਾਰਾ ਪ੍ਰੀਵਾਰ ਤੇਰਾ ਇੱਥੇ ਐ। ਬਥੇਰਾ ਜ਼ਿੰਦਗੀ 'ਚ ਕੰਮ ਕਰ ਲਿਐ, ਰੱਜ ਤਾਂ ਬੰਦੇ ਨੂੰ ਆਉਂਦਾ ਹੀ ਨਹੀਂ, ਇਹ ਵੇਲਾ ਤਾਂ ਬਹਿ ਕੇ ਨਾਮ ਜਪਣ ਦਾ ਤੇ ਪੁੱਤਾਂ ਧੀਆਂ ਤੋਂ ਸੇਵਾ ਕਰਵਾਉਣ ਦਾ ਵੇਲਾ ਹੈ।" ਪੰਜਾਬ ਸਿੰਘ ਸੁਭਾਵਕ ਹੀ ਕਹਿ ਰਿਹਾ ਸੀ।

ਆਪਣੀ ਕੋਈ ਪੇਸ਼ ਨਾ ਚਲਦੀ ਵੇਖ ਬੁਘੇਲ ਸਿੰਘ ਲੋਹਾ ਲਾਖਾ ਹੋ ਰਿਹਾ ਸੀ।

"ਤੈਨੂੰ ਨਹੀਂ ਪਤਾ ਸਰਦਾਰਾ ! ਢਕੀ ਹੀ ਰਿਝਣ ਦੇ, ਆਪਣੀ ਸਿਆਣਪ ਆਪਣੇ ਕੋਲ ਹੀ ਰੱਖ। ਬੁਘੇਲ ਸਿੰਘ ਭੱਠੀ ਦੇ ਦਾਣੇ ਵਾਂਗੂੰ ਬੁੜਕ ਕੇ ਪਿਆ।" ਘਰੋਂ ਆ ਜਾਂਦੇ ਐ ਕੱਢੇ ਵੱਢੇ ਤੇ ਬਾਹਰ ਆ ਕੇ ਲੱਗ ਜਾਂਦੇ ਐ ਲੈਕਚਰ ਦੇਣ, ਮੈਂ ਜਾਣਦੈਂ ਤੈਨੂੰ ਵੀ ਤੂੰ ਕਿਵੇਂ ਫਿਰਦੈਂ ਇੱਥੇ।" ਅਜਿਹਾ ਕੁਝ ਮੂੰਹ 'ਚ ਬੁੜ ਬੁੜਾਉਂਦਾ ਉਹ ਆਪਣੀ ਟਿੰਡ ਫਾਹੁੜੀ ਚੱਕ ਵੀਹ ਕੁ ਗਜ਼ ਪਾਸੇ ਜਾ ਕੇ ਕੰਮ ਕਰਨ ਲੱਗ ਪਿਆ।





PATEL CONSTRUCTION
5088 VICTORIA DRIVE
VANCOUVER, B.C.
PH. 876-4580
Direct Pager 667-9887

For New & Old Houses
Renovation—Sun Decks—
Kitchens—Anything You want to Build

ਨਵੇਂ ਘਰ ਬਣਾਉਣ ਲਈ, ਪੁਰਾਣੇ ਘਰਾਂ ਨੂੰ ਨਵਿਆਂ ਵਿਚ ਬਦਲਣ ਲਈ, ਪੁਰਾਣੇ ਘਰਾਂ ਦੀ ਮੁਰੰਮਤ ਲਈ ਸਨਡੈੱਕ - ਕਿਚਨ ਆਦਿ ਬਣਾਉਣ ਲਈ ਹਮੇਸ਼ਾ ਯਾਦ ਰੱਖੋ

# ਬਿਰਹਾ ਦੇ ਸੁਲਤਾਨ 'ਸ਼ਿਵ ਕੁਮਾਰ ਬਟਾਲਵੀ' ਦੀ ਦਸਵੀਂ ਬਰਸੀ ਤੇ ਅਸੀਂ ਉਸਨੂੰ ਸ਼ਰਧਾਂਜਲੀ ਭੇਂਟ ਕਰਦੇ ਹਾਂ

(ਮਈ 1 ਦੀ ਬਾਕੀ — ਲੜੀ ਜੋੜਨ ਲਈ)

ਮਨਜੀਤ 'ਮੀਤ'

ਪੰਜਾਬੀ ਸਾਹਿਤ ਨੂੰ ਰੰਜੋ-ਅਲਮ ਦੇ ਸ਼ਾਇਰ ਦੀ ਮੁੱਦਤ ਤੋਂ ਲੋੜ ਸੀ ਬਿਰਹਾ ਵਿਚ ਸੁਲਗਦੇ ਸ਼ਿਵ ਕੁਮਾਰ ਬਟਾਲਵੀ ਨੇ ਉਹ ਥਾਂ ਪੂਰੀ ਕਰ ਦਿੱਤੀ ਸ਼ਿਵ ਦੇ ਲੰਬੇ ਲੰਬੇ ਹੌਕਿਆਂ ਨੇ ਗਮ ਦੀ ਚੱਕੀ ਨੂੰ ਤੇਰ੍ਹਾਂ ਵਰ੍ਹੇ ਪੀੜਾਂ ਦੇ ਪਰਾਗੇ ਦਿੱਤੇ। ਗਮ ਦੀ ਚੱਕੀ ਨੇ ਇਹਨਾਂ ਵਰ੍ਹਿਆਂ ਵਿਚ ਜੋ ਪੀੜਾਂ ਦੇ ਪਰਾਗੇ ਪੀਸੇ ਉਹ ਉਸਦੀਆਂ ਅੱਠਾਂ ਕਿਤਾਬਾਂ ਵਿਚ ਭਰੇ ਪਏ ਹਨ -

1. ਪੀੜਾਂ ਦਾ ਪਰਾਗਾ
2. ਲਾਜਵੰਤੀ
3. ਆਟੇ ਦੀਆਂ ਚਿੜੀਆਂ
4. ਮੈਨੂੰ ਵਿਦਾ ਕਰੋ
5. ਲੂਣਾ
6. ਮੈਂ ਤੇ ਮੈਂ
7. ਆਰਤੀ
8. ਅਲਵਿਦਾ

ਇਹ ਅੱਠ ਕਿਤਾਬਾਂ ਹੀ ਸ਼ਾਇਰ ਦੀਆਂ ਮੂਲ ਰਚਨਾਵਾਂ ਹਨ। ਕੁਝ ਕੁ ਹੋਰ ਕਿਤਾਬਾਂ ਜਿਵੇਂ 'ਬਿਰਹਾ ਤੂੰ ਸੁਲਤਾਨ', 'ਦਰਦਮੰਦਾਂ ਦੀਆਂ ਆਹੀਂ', 'ਬਿਰਹੜਾ' ਤੇ 'ਸੋਗ' ਉਪਰ ਲਿਖੀਆਂ ਪੁਸਤਕਾਂ ਵਿਚੋਂ ਹੀ ਲਈਆਂ ਗਈਆਂ ਕਵਿਤਾਵਾਂ ਦੇ ਸੰਗ੍ਰਹਿ ਹਨ।

1963 ਵਿਚ ਭਾਸ਼ਾ ਵਿਭਾਗ ਨੇ ਕਾਵਿ ਸੰਗ੍ਰਹਿ 'ਆਟੇ ਦੀਆਂ ਚਿੜੀਆਂ' ਨੂੰ ਪਹਿਲਾ ਇਨਾਮ ਦੇਕੇ ਸ਼ਿਵ ਦਾ ਨਾਂ ਪੰਜਾਬੀ ਕਾਵਿ ਜਗਤ ਵਿਚ ਉਚਾ ਕੀਤਾ। ਕਿਹਾ ਜਾਂਦਾ ਹੈ ਇਸਤੋਂ ਬਾਅਦ ਸ਼ਿਵ ਨੇ ਦੋ ਵਰ੍ਹੇ ਆਪਣੇ ਦਿਲ ਦਾ ਦੀਵਾ ਜਗਾ ਰਾਤਾਂ ਦੀਆਂ ਤਨਹਾਈਆਂ ਵਿਚ ਬੈਠ ਬੜੀ ਸਾਧਨਾ ਨਾਲ ਘੋਰ ਤਪੱਸਿਆ ਕੀਤੀ। ਆਪਣੇ ਮਹਾਨ ਸ਼ਾਹਕਾਰ 'ਲੂਣਾ' ਦੀ ਖਲਨਾਇਕਾ ਲੂਣਾ ਨੂੰ ਮਨ ਦੀਆਂ ਬੇਹਾਥ ਗਹਿਰਾਈਆਂ ਤਕ ਜਾਕੇ ਉਲੀਕਿਆ। ਲੂਣਾ ਦੇ ਇਕ ਇਕ ਹੌਕੇ ਦਾ ਮੁਲ ਇਕ ਇਕ ਸ਼ੇਅਰ ਨਾਲ ਚੁਕਾਇਆ। ਇਕ ਇਕ ਹੰਝੂ ਨੂੰ ਆਪਣੇ ਲਹੂ ਦੀ ਇਕ ਇਕ ਬੂੰਦ ਨਾਲ ਤੋਲਿਆ ਤੇ ਸਦੀਆਂ ਦੀ ਕਲੰਕਿਤ ਲੂਣਾ ਨੂੰ ਗੰਗਾ ਵਾਂਗ ਪਵਿਤਰ ਕਰਕੇ ਸਦਾ ਲਈ ਅਮਰ ਕਰ ਦਿਤਾ। ਪੈਸੇ ਵਲੋਂ ਪਤਲੀ ਹਾਲਤ ਦਾ ਮਾਰਿਆ ਪਰੇਸ਼ਾਨੀ ਦੀ ਹਾਲਤ ਵਿਚ ਸ਼ਿਵ ਛਪੀ ਹੋਈ 'ਲੂਣਾ' ਨੂੰ ਗਿਰਵੀ ਰੱਖਣ ਤੁਰ ਪਿਆ। ਇਸੇ ਸਮੇਂ ਕੁਝ ਮਿਤਰਾਂ ਦੀ ਮੇਹਰਬਾਨੀ ਸਦਕਾ ਸ਼ਿਵ ਨੂੰ ਸਟੇਟ ਬੈਂਕ ਵਿਚ ਨੌਕਰੀ ਮਿਲ ਗਈ। 1967 ਵਿਚ ਉਸਦੀ ਰਚਨਾ 'ਲੂਣਾ' ਨੂੰ ਸਾਹਿਤ ਅਕਾਦਮੀ ਵਲੋਂ ਸਾਲ ਦੀ ਸਰਬੋਤਮ ਪੁਸਤਕ ਹੋਣ ਦਾ 5000/- ਰੁਪਏ ਇਨਾਮ ਮਿਲਿਆ। ਲੂਣਾ ਦੇ ਦੁਖੀ ਦਿਲ ਦੀ ਗਲ ਕਰਦਾ ਸ਼ਿਵ ਲਿਖਦਾ ਹੈ

ਧਰਮੀ ਬਾਬਲ ਪਾਪ ਕਮਾਇਆ
ਲੜ ਲਾਇਆ ਮੇਰੇ ਫੁੱਲ ਕਮਲਾਇਆ
ਜਿਸਦਾ ਇਛਰਾਂ ਰੂਪ ਹੰਢਾਇਆ
ਮੈਂ ਪੂਰਨ ਦੀ ਮਾਂ ਪੂਰਨ ਦੇ ਹਾਣ ਦੀ
ਪਿਤਾ ਜੇ ਧੀ ਦਾ ਰੂਪ ਹੰਢਾਵੇ
ਤਾਂ ਲੋਕਾਂ ਨੂੰ ਲਾਜ ਨਾ ਆਵੇ
ਜੇ ਲੂਣਾ ਪੂਰਨ ਨੂੰ ਚਾਹਵੇ
ਚ੍ਰਿਤਰਹੀਣ ਕਹੇ ਕਿਉਂ ਜੀਭ ਜਹਾਨ ਦੀ ?
ਚ੍ਰਿਤਰਹੀਣ ਤਾਂ ਕੋਈ ਆਖੇ
ਜੇਕਰ ਲੂਣਾ ਵੇਚੇ ਹਾਸੇ
ਪਰ ਜੇ ਹਾਣ ਨਾ ਲੱਭਣ ਮਾਪੇ
ਹਾਣ ਲੱਭਣ ਵਿਚ ਗੱਲ ਕੀ ਹੈ ਅਪਮਾਨ ਦੀ

ਔਰਤ ਦੇ ਦੁਖਾਂਤ ਦੀ ਗੱਲ ਕਰਦਿਆਂ ਸ਼ਿਵ ਬੜੇ ਪ੍ਰਭਾਵਸ਼ਾਲੀ ਸ਼ਬਦਾਂ 'ਚ ਲਿਖਦਾ ਹੈ।

ਧੀਆਂ ਤਾਂ ਸਮਿਆਂ ਦੇ ਨਕਸ਼ਾਂ ਦੀ ਬਾਬਲਾ
ਡਾਰ ਕੋਈ ਉਡਦੀ ਜਾਂਦੀ।
ਬੀਤੜੇ ਯੁੱਗ ਨੂੰ ਚੁੰਝਾਂ 'ਚ ਭਰਕੇ
ਅਗਲੇ ਯੁੱਗ ਲੈ ਜਾਂਦੀ।
ਪਿਛਲੇ ਯੁੱਗ ਦੇ ਮਰੇ ਮੁਹਾਂਦਰੇ

ਕੁੱਖਾਂ 'ਚ ਸਾਂਭ ਲਿਆਉਂਦੀ।
ਅਗਲੇ ਨੂੰ ਨਕਸ਼ਾਂ ਦੀ ਚੋਗ ਚੁਗਾਂਦੀ
ਖੁਦ ਭੁੱਖੀ ਮਰ ਜਾਂਦੀ।

ਮਨੁੱਖਤਾ ਇਨਸਾਨ ਦਾ ਅਸਲੀ ਰੂਪ ਧਰਮ ਹੈ। ਪਰ ਅੱਜ ਕੁਲ ਦੁਨੀਆਂ ਵਿਚ ਧਰਮਾਂ ਦੇ ਨਾਂ ਦਾ ਸਹਾਰਾ ਲੈ ਕੇ ਕਤਲੇਆਮ ਤੇ ਤਸ਼ੱਦਦ ਕੀਤਾ ਜਾਂਦਾ ਹੈ। ਮਨੁਖਤਾ ਨੂੰ ਕੋਹਿਆ ਜਾ ਰਿਹਾ ਹੈ। ਧਰਮ ਵਾਰੇ ਸੰਕੇਤ ਕਰਦਾ ਹੈ।

ਧਰਮ ਜੋ ਸਾਨੂੰ ਇਹ ਕਹਿੰਦੇ ਨੇ
ਮੰਦਰਾਂ ਦੇ ਵਿਚ ਸੰਖ ਵਜਾਵੋ।
ਪਰ ਜੇ ਮਾਨਵ ਮਰਦਾ ਹੋਵੇ
ਮਰਦੇ ਮੂੰਹ ਵਿਚ ਬੂੰਦ ਨਾ ਪਾਵੋ।
ਇਕ ਦੂਜੇ ਦੇ ਲਹੂਆਂ ਦੇ ਵਿਚ
ਆਪਣੇ ਆਪਣੇ ਹੱਥ ਡੁਬਾਵੋ।

ਧਰਮ ਅਮੀਰ ਤੇ ਵਿਹਲੜਾਂ ਦੇ ਹੱਥ ਵਿਚ ਅਜਿਹਾ ਹਥਿਆਰ ਹੈ ਜੋ ਗੋਰਿਆਂ ਤੇ ਕਾਲਿਆਂ ਨੂੰ ਇਕ ਦੂਜੇ ਕੋਲੋਂ ਇਕ ਦੂਜੇ ਨੂੰ ਮਰਵਾ ਰਿਹਾ ਹੈ। ਸ਼ਿਵ ਕਹਿੰਦਾ ਹੈ -

ਹੱਦਾਂ ਬੰਨੇ ਬੰਨ੍ਹ ਕੇ ਵੀ ਗੋਰਿਆਂ ਤੇ ਕਾਲਿਆਂ ਨੇ
ਹੱਥੋਂ ਰੱਸਾ ਛੱਡਿਆ ਨਹੀਂ ਮਜ਼੍ਹਬਾਂ ਦੇ ਫੰਦੇ ਦਾ।

ਧਰਮ ਅਸਲ ਵਿਚ ਕਿਸ ਸ਼ੈਅ ਦਾ ਨਾਂ ਹੈ ਤਾਂ ਉਸਦਾ ਵਿਚਾਰ ਹੈ :-

ਧਰਮ ਤਾਂ ਮੇਰੇ ਮਿਤਰ ਉਹ ਹੈ
ਜੋ ਨਾ ਲਹੂ ਦਾ ਰੰਗ ਪਛਾਣੇ
ਜੋ ਸਭਨਾਂ ਨੂੰ ਇਕ ਕਰ ਜਾਣੇ
ਮਾਨਵ ਦੀ ਪੀੜਾਂ ਨੂੰ ਸਮਝੇ
ਮਾਨਵ ਦੀ ਪੀੜਾਂ ਨੂੰ ਜਾਣੇ

ਸਮਾਜ ਵਿਚ ਆਰਥਿਕ ਨਾ ਬਰਾਬਰੀ ਰੂਹਾਂ ਦੇ ਮੇਲ ਵਿਚ ਅੜਚਣ ਬਣ ਬਹਿੰਦੀ ਹੈ। ਸ਼ਿਵ ਦੀ 'ਸ਼ੀਸੋ' ਨਾਂ ਦੀ ਇਕ ਕਵਿਤਾ ਵਿਚ ਆਰਥਿਕ ਪੱਖੋਂ ਤੰਗ ਪਿਉ ਦੀ ਧੀ ਸ਼ੀਸੋ ਇਕ ਜਵਾਨੀ ਹੰਢਾ ਚੁਕੇ ਅਮੀਰ ਬੁਢੇ ਦੇ ਘਰ ਸਾਹ ਤੋੜ ਦਿੰਦੀ ਹੈ। ਸ਼ਿਵ ਸ਼ੀਸੋ ਦੇ ਦਰਦ ਵਿਚ ਕੁਰਲਾਉਂਦਾ ਹੈ :

ਸ਼ਾਲਾ ਬਾਝ ਮਰੀਵਣ ਮਾਪੇ
ਢਿੱਡੋਂ ਭੁੱਖੇ ਭਾਣੇ
ਉਸ ਘਰ ਜੰਮੇ ਨਾ ਕਾਈ ਸ਼ੀਸੋ
ਜਿਸ ਘਰ ਹੋਣ ਨਾ ਦਾਣੇ।

ਇਹ ਆਰਥਿਕ ਨਾ ਬਰਾਬਰੀ ਅਮੀਰਾਂ ਦੇ ਹੱਥ ਵਿਚ ਤਲਵਾਰ ਦਾ ਕੰਮ ਕਰਦੀ ਹੈ ਜੋ ਗਰੀਬਾਂ ਦੇ ਅਰਮਾਨਾਂ ਕਤਲੇਆਮ ਕਰਦੀ ਹੈ। ਗਰੀਬ ਅਮੀਰਾਂ ਦੇ ਪੰਜੇ 'ਚ ਫਸਿਆ ਲੁੱਟਿਆ ਤੇ ਖੋਹਿਆ ਜਾ ਰਿਹਾ ਹੈ। ਸ਼ਿਵ ਗਰੀਬਾਂ ਤੇ ਗਰਬਤ ਦੇ ਮਾਰੇ ਕਿਸਾਨਾਂ ਦਾ ਹਮਕਦਮ ਹੋਕੇ ਚਲਦਾ ਹੈ।

ਭੁੱਖੇ ਭਾਣੇ ਸੌਣ ਜਿਥੇ ਖੇਤਾਂ ਦੇ ਰਾਣੇ
ਸੱਜਣਾਂ ਦੇ ਰੰਗ ਜਿਹੇ ਕਣਕਾਂ ਦੇ ਦਾਣੇ
ਜਿਥੇ ਦਮਾਂ ਵਾਲੇ ਲੈਂਦੇ ਨੇ ਲੁਕੋ
ਨੀ ਉਥੇ ਮੇਰਾ ਯਾਰ ਵਸਦਾ।

ਆਰਥਿਕ ਪੱਖੋਂ ਪਛੜੇ ਮਨੁੱਖ ਨੂੰ ਕਈ ਵਾਰ ਰੋਟੀ ਨਸੀਬ ਨਹੀਂ ਹੁੰਦੀ ਤੇ ਕਈ ਵਾਰ ਮਜ਼ਬੂਰਨ ਖੁਦਕਸ਼ੀ ਦਾ ਦਰਵਾਜ਼ਾ ਜਾ ਖਟਖਟਾਉਂਦਾ ਹੈ। ਰੋਟੀ ਲਈ ਇਹ ਕਮਮਕਸ਼ ਮਨੋ-ਰੋਗ ਬਣ ਜਾਂਦੀ ਹੈ।

ਅਜ ਫੇਰੇ ਕੀਹ ਕੋਈ ਅੜੀਏ ਮਨ ਦੇ ਮਣਕੇ
ਅਜ ਪ੍ਰਭਤਾ ਦੇ ਮਨ ਦੀ ਹੈ ਟੇਕ ਗੁਆਚੀ
ਅਜ ਰੋਟੀ ਹੈ ਬਸ ਜੱਗ ਦਾ ਇਸ਼ਟ ਮੁਨਾਰਾ
ਅਜ ਮਨੁੱਖਤਾ ਤੋਂ ਮਹਿੰਗੀ ਚੁਪਾਤੀ।

ਸ਼ਾਇਰ ਨੂੰ ਆਪਣੀ ਮੁਹੱਬਤ ਅਸਫਲ ਰਹਿਣ ਦਾ ਦੁਖ ਹੈ। ਇਹ ਦੁਖ ਦਾ ਕਾਰਨ ਸਮਾਜ ਵਿਚਲੇ ਗਰੀਬ ਅਮੀਰ ਵਰਗ ਵਿਚ ਇਹ ਕੋਹੜਿਆ ਹੋਇਆ ਆਰਥਕ ਪਾੜਾ ਹੈ ਉਹ ਦਿਲੋਂ ਦੁਖੀ ਹੋਇਆ ਆਪਣੇ ਮਹਿਬੂਬ ਨੂੰ ਤਾਹਨੇ ਦੇਂਦਾ ਹੈ।

ਕਾਰੂੰਆਂ ਦੀਏ ਜਾਦੀਏ
ਤੂੰ ਖੂਬ ਦਿਤੀ ਹੈ ਸਜ਼ਾ
ਮੇਰੀ ਗੁਰਬਤ ਨੂੰ ਤੇਰੀ ਦੌਲਤ
ਤੇ ਕੋਈ ਰੋਸ ਨਹੀਂ
ਜਾ ਰਿਹਾ ਪਰਲੋਕ ਮੇਰੀ
ਅਲਵਿਦਾ ਮੇਰੀ ਅਲਵਿਦਾ।

ਸ਼ਿਵ ਦੀ ਕਵਿਤਾ ਵਿਚ ਸਮਾਜਕ ਪੱਖ ਵੀ ਬਹੁਤ ਕਮਾਲ ਦੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਗਲਤ, ਢਾਊ, ਰੂੜ੍ਹੀ ਵਾਦੀ ਤੇ ਘਸੀਆਂ ਪਿਟੀਆਂ ਸਮਾਜਕ ਕੀਮਤਾਂ ਨੂੰ ਸ਼ਿਵ ਲੀਰ ਲੀਰ ਕਰ ਦੇਣਾ ਚਾਹੁੰਦਾ ਹੈ। ਸਾਡੇ ਸਮਾਜ ਵਿਚ ਔਰਤ ਦਾ ਕੀ ਸਥਾਨ ਹੈ ? ਜ਼ਾਗੀਰਦਾਰੀ ਤੇ ਰਜਵਾੜਾਸ਼ਾਹੀ ਅਜ ਵੀ ਮੌਜੂਦ ਹੈ ਜਿਥੇ ਔਰਤ ਨੂੰ ਪਰ ਕੱਟੇ ਪੰਛੀ ਵਾਂਗ ਰੱਖਿਆ ਜਾਂਦਾ ਹੈ ਇਸਤਰੀ ਨੂੰ ਸਮਾਜ ਵਿਚ ਸਹੀ ਥਾਂ ਦਿਵਾਉਣ ਲਈ ਸ਼ਿਵ ਔਰਤ ਦੇ ਹੱਕਾਂ ਲਈ ਜੂਝਦਾ ਹੈ ਤੇ ਸਮਾਜਕ ਕੋਹੜ ਦਾ ਵਰਨਣ ਇਹਨਾਂ ਪੰਗਤੀਆਂ ਵਿਚ ਕਰਦਾ ਹੈ।

ਔਰਤ ਤਾਂ ਉਹ ਪੰਛੀ ਹੈ
ਜਿਸਨੂੰ ਸੋਨੇ ਦੇ ਪਿੰਜਰ ਵਿਚ
ਮੁਠ ਸਾਰੀ ਬਸ ਕੰਡਣੀ ਪਾ ਕੇ
ਟੰਗ ਦਿਤਾ ਹੈ ਜਾਦਾ - ਉਹਲੇ ਕੰਧੀਆਂ
ਪਰ ਇਹ ਫਿਰ ਵੀ ਭੋਲਾ ਪੰਛੀ
ਖਾ ਕੰਡਲੀ ਦੇ ਇਕ ਦੋ ਦਾਣੇ
ਚੁੰਝ ਭਰ ਪੀਕੇ ਠੰਡਾ ਪਾਣੀ
ਰਵ੍ਹੇ ਦੁਆਵਾਂ ਦੇਂਦਾ - ਉਮਰੋਂ ਲੰਬੀਆਂ।

ਸ਼ਿਵ ਨੇ ਭਾਰਤ ਦੇ ਚੀਨ ਲੜਾਈ ਤੋਂ ਪ੍ਰਭਾਵਿਤ ਹੋ ਕੇ ਜੰਗ ਵਿਰੁਧ ਨਜ਼ਮਾਂ ਲਿਖੀਆਂ। ਦੁਨੀਆਂ ਦੇ ਸਾਰੇ ਚਿਤਰਕਾਰਾਂ, ਸਾਹਿਤਕਾਰਾਂ ਤੇ ਕਲਾਕਾਰਾਂ ਨੂੰ ਸੱਦਾ ਦਿਤਾ ਕਿ ਸਾਰੇ ਰਲਕੇ ਅਮਨ ਦੀ ਚੁਭੀ ਅੱਖ ਤੇ ਫੂਕ ਮਾਰਨ ਤੇ ਮਨੁਖਤਾ ਦਾ ਭਲਾ ਕਰਨ ਲਈ ਬੀੜਾ ਉਠਾਉਣ। ਬਾਰੂਦ ਦੇ ਜਖੀਰੇ ਰੱਖਣ ਵਾਲਿਆਂ ਨੂੰ ਲਾਹਨਤ ਵੀ ਦਿਤੀ।

ਸੁਣਿਉ ਵੇ ਹੁਨਰਾਂ ਵਾਲਿਉ
ਹੈ ਅੱਖ ਚੁਭੀ ਅਮਨ ਦੀ
ਆਇਉ ਵੇ ਫੂਕਾਂ ਮਾਰਿਉ
ਹਾੜਾ ਜੇ ਕੌਮਾਂ ਵਾਲਿਉ
ਉਹ ਐਟਮਾਂ ਦੇ ਤਾਜਰੋ
ਬਾਰੂਦ ਦੇ ਵਣਜਾਰਿਉ

ਮੌਤ ਜ਼ਿੰਦਗੀ ਦਾ ਆਖਰੀ ਪੜਾਅ ਹੈ ਤੇ ਕਬਰ ਇਨਸਾਨ ਦੀ ਆਖਰੀ ਅਰਾਮਗਾਹ ਹੈ। ਉਮਰ ਦੇ ਮਾਰੂਥਲਾਂ ਵਿਚ ਭਟਕਦਾ ਇਨਸਾਨ ਅਖੀਰ ਕਬਰ ਵਿਚ ਜਾ ਕੇ ਕੁਝ ਸੰਕੂਨ ਪ੍ਰਾਪਤ ਕਰਦਾ ਹੈ। ਜਿਸ ਤਰ੍ਹਾਂ ਬੱਚਾ ਹਮੇਸ਼ਾਂ ਮਾਂ ਵੱਲ ਨੂੰ ਔਹਲਦਾ ਹੈ ਖਾਸ ਕਰ ਰਾਤ ਸਮੇਂ, ਉਸੇ ਤ੍ਰਾਂ ਜ਼ਿੰਦਗੀ 'ਚ ਇਕ ਅਜੇਹੀ ਮੰਜ਼ਿਲ ਵੀ ਆਉਂਦੀ ਹੈ ਜਦੋਂ ਇਨਸਾਨ ਨੂੰ ਕਬਰ ਮਾਂ ਵਰਗੀ ਲੱਗਦੀ ਹੈ ਉਹ ਕਬਰ ਦੀ ਬੁਕਲ ਵਿਚ ਜਾਕੇ ਲੁਕਣਾ ਚਾਹੁੰਦਾ ਹੈ। ਮਨੁੱਖ ਦਾ ਸਰੀਰ ਮਿੱਟੀ ਦਾ ਪੁਤਲਾ ਹੈ ਤੇ ਇਹ ਮਿੱਟੀ ਵਿਚ ਸਮਾਕੇ ਹੀ ਸਦੀਵੀ ਚੈਨ ਪਾਉਂਦਾ ਹੈ। ਸ਼ਿਵ ਮਾਂ ਵਰਗੀ ਕਬਰ ਵਲ ਨੂੰ ਔਹਲਦਾ ਹੈ ਤਾਂ ਕਹਿੰਦਾ ਹੈ

ਸਿਖਰ ਦੁਪਿਹਰ ਸਿਰ ਤੇ ਮੇਰਾ ਢਲ ਚਲਿਆ ਪ੍ਰਛਾਵਾਂ।
ਕਬਰਾਂ ਉਡੀਕਦੀਆਂ ਮੈਨੂੰ ਜਿਉਂ ਪੁੱਤਰਾਂ ਦੀਆਂ ਮਾਵਾਂ।

1965 ਵਿਚ ਫਿਲਮ 'ਸੌਕਣ ਮੇਲੇ ਦੀ' ਵਧੀਆ ਗੀਤੀ ਲਿਖਣ ਕਾਰਨ ਸਨਮਾਨਿਆ ਗਿਆ। ਪਰ ਇਸ ਤੋਂ ਪਿਛੋਂ ਸ਼ਿਵ ਨੇ ਸਨਮਾਨੇ ਜਾਣ ਦੇ ਬਾਵਜੂਦ ਵੀ ਕਿਸੇ ਫਿਲਮ ਦੇ ਗੀਤ ਲਿਖਣ ਤੋਂ ਇਨਕਾਰ ਕਰ ਦਿਤਾ।

ਪਿੰਡ ਮੰਗਿਆਲ ਵਿਚ ਲੱਗਦੇ ਸਾਲਾਨਾ ਮੇਲੇ ਤੇ ਮੁਸ਼ਾਇਰਾ ਲਗਦਾ ਤਾਂ ਸ਼ਿਵ ਹਰ ਵਾਰ ਇਸ ਮੁਸ਼ਾਇਰੇ 'ਚ ਆਪਣੀਆਂ ਨਜ਼ਮਾਂ ਪੜ੍ਹਦਾ ਤੇ ਦਰਦ ਭਰੀ ਆਵਾਜ਼ ਨਾਲ ਉਹ ਲੋਕਾਂ ਦਾ ਦਿਲ ਜਿਤ ਲੈਂਦਾ। 1967 ਵਿਚ ਮੰਗਿਆਲ ਪਿੰਡ ਦੇ ਬ੍ਰਹਾਮਣ ਘਰਾਣੇ ਵਿਚ ਅਰੁਣਾ ਨਾਂ ਦੀ ਕੁੜੀ ਨਾਲ ਸ਼ਾਦੀ ਕਰ ਲਈ। ਅਰੁਣਾ ਨੇ ਆਪਣੀ ਕੁਖੋਂ ਇਕ ਪੁੱਤਰ ਤੇ ਇਕ ਧੀ ਨੂੰ ਜਨਮ ਦਿਤਾ। ਸ਼ਿਵ ਨੇ ਜ਼ਿੰਦਗੀ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ ਪਰ ਇਸ ਸ਼ਾਦੀ ਤੋਂ ਬਾਅਦ ਵੀ ਮਨ ਦੀ ਸ਼ਾਤੀ ਨਸੀਬ ਨਾ ਹੋਈ ਉਹ ਹਮੇਸ਼ਾਂ ਵਾਂਗ ਗਮ ਵਿਚ ਤੜਫਦਾ ਤੇ ਬਿਰਹਾ ਵਿਚ ਸੁਲਗਦਾ ਰਿਹਾ।

ਕਿਸੇ ਦੋਸਤ ਦੇ ਨਿੱਜੀ ਸੱਦੇ ਤੇ ਸ਼ਿਵ 18 ਮਈ 1972 ਨੂੰ ਇੰਗਲੈਂਡ ਚਲਾ ਗਿਆ। ਸ਼ਿਵ ਦੀ ਕਵਿਤਾ ਦੇ ਪ੍ਰੇਮੀਆਂ ਨੇ ਉਸਦਾ ਨਿਘਾ ਸੁਆਗਤ ਕੀਤਾ। ਇੰਗਲੈਂਡ ਦੇ ਕਈ ਸ਼ਹਿਰਾਂ ਵਿਚ ਹੋਏ ਕਵੀ ਦਰਬਾਰਾਂ ਵਿਚ ਉਸਨੇ ਹਿੱਸਾ ਲਿਆ ਤੇ ਅਹਪਣੇ ਦਰਦੀਲੇ ਗੀਤਾਂ ਤੇ ਵੈਰਾਗ ਭਰੀ ਆਵਾਜ਼ ਨਾਲ ਲੋਕਾਂ ਦਾ ਮਨ ਜਿਤਿਆ। ਮਹਿਫਲਾਂ ਵਿਚ ਸ਼ਰਾਬ ਦੇ ਦੌਰ ਚਲਦੇ ਰਹਿੰਦੇ। ਸ਼ਰਾਬ ਸ਼ਿਵ ਨੇ ਪਾਣੀ ਵਾਂਗ ਪੀਤੀ ਤੇ ਜਿਗਰ ਦਾ ਰੋਗੀ ਹੋਕੇ ਰਹਿ ਗਿਆ। ਇਸੇ ਹਾਲਤ ਵਿਚ ਉਹ 7 ਸਤੰਬਰ 1972 ਨੂੰ ਦੇਸ਼ ਵਾਪਸ ਆ ਗਿਆ। ਇੰਗਲੈਂਡ ਵਿਚ ਉਹਦੇ ਦੋਸਤਾਂ ਨੇ ਸ਼ਿਵ ਦੀ ਕਵਿਤਾ ਵਿਚ ਆਏ ਮੋੜ ਦਾ ਜ਼ਿਕਰ ਕੀਤਾ ਤਾਂ ਉਸ ਕਿਹਾ

"ਠੀਕ ਐ ਯਾਰੋ ਪਹਿਲੀਆਂ ਨਜ਼ਮਾਂ ਕੇਵਲ ਨਿਜੀ ਪੀੜਾਂ ਦੀਆਂ ਲਖਾਇਕ ਸਨ। ਪਰ ਮੈਂ ਉਦੋਂ ਗਲਤ ਰਾਹ ਤੇ ਤੁਰ ਰਿਹਾ ਸੀ। ਅਜੇ ਨਿਆਣਾ ਸਾਂ ਯਾਰ ਉਦੋਂ। ਪਰ ਹੁਣ ਮੈਂ ਬਹੁਤ ਅੱਗੇ ਆ ਗਿਆ ਹਾਂ। (ਰੂਪਵਤੀ)

'ਆਰਤੀ' ਨਾਂ ਦੀ ਕਵਿਤਾ ਉਸਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਸੰਬੋਧਿਤ ਕਰਕੇ ਲਿਖੀ ਜਿਸ ਵਿਚ ਉਸਨੇ ਇਕਬਾਲ ਕੀਤਾ ਕਿ ਮੇਰੇ ਗੀਤ ਬੁਜ਼ਦਿਲ ਹਨ ਮੈਂ ਕਿਵੇਂ ਇਹਨਾਂ ਨੂੰ ਤੇਰੀ ਭੇਟਾ ਕਰਾਂ। ਮੈਨੂੰ ਸ਼ਕਤੀ ਦੇਹ ਕਿ ਮੈਂ ਸੱਚ ਦੀ ਤਲਵਾਰ ਲੈ ਕੇ ਚਲਾਂ ਤੇ ਆਪਣੇ ਗੀਤਾਂ ਦੇ ਮੱਥੇ ਲਹੂ ਦਾ ਟਿਕਾ ਲਾਵਾਂ ਤੇ ਦੇਸ਼ ਲਈ ਕੁਝ ਕਰਕੇ ਮਰ ਸਕਾਂ। ਆਰਤੀ ਦੀਆਂ ਕੁਝ ਲਾਈਨਾਂ

ਮੈਂ ਤੇਰੀ ਉਸਤਤੀ ਦਾ ਗੀਤ
ਚਾਹੁੰਦਾ ਹਾਂ ਕਿ ਉਹ ਹੋਵੇ
ਜਿਹਦੇ ਹੱਥ ਸੱਚ ਦੀ ਤਲਵਾਰ
ਤੇ ਨੈਣਾਂ 'ਚ ਰੋਹ ਹੋਵੇ
ਜਿਹਦੇ ਵਿਚ ਵਤਨ ਦੀ ਮਿੱਟੀ ਲਈ
ਅੰਤਾਂ ਦਾ ਮੋਹ ਹੋਵੇ
ਜਿਹਦੇ ਵਿਚ ਲਹੂ ਤੇਰੇ ਦੀ
ਰਲੀ ਲਾਲੀ ਤੇ ਲੋਅ ਹੋਵੇ
ਕਿਸੇ ਗੀਤ ਨੂੰ ਟਿਕਾ ਕਿਵੇਂ ਲਾਵਾਂ
ਮੈਂ ਬੁਜ਼ਦਿਲ ਗੀਤ ਲੈ ਕੇ
ਕਿਸ ਤਰਾਂ ਤੇਰੇ ਦੁਆਰ ਤੇ ਆਵਾਂ

(ਬਾਕੀ ਪੰਨਾ 19 ਤੇ)

TICKETS TO ANYWHERE
GABA TRAVELS
ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।
MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
6612, MAIN ST.
VANCOUVER, B. C.
PHONE: 324-3336

SONI & SONS
JEWELLERS
ORIENTAL GOLD AND SILVER JEWELLERY
REPAIRS
SPECIALIST IN EAST INDIAN JEWELLERY
NANUBHAI
Bus. 324-1012
Res. 327-0783
6538 MAIN STREET
(Entrance at back door)
VANCOUVER,B.C.

### ਵੋਟ ਲਈ ਸੰਪਤੀ, ਭਾਸ਼ਾ, ਇਲਾਕੇ ਦੀਆਂ ਸ਼ਰਤਾਂ

# "ਦੇਸ਼ ਹਿੰਦੁਸਤਾਨ" ਤੇ ਪੰਜਾਬ ਦੋਹਾਂ ਲਈ ਖਤਰਨਾਕ

*– ਵਿਸ਼ੇਸ਼ ਪੱਤਰ ਪਰੇਰਕ ਵਲੋਂ –*

ਅਕਾਲੀ ਲੀਡਰਾਂ ਦਾ ਇਕ ਹਿਸਾ ਵਾਰ ਵਾਰ ਮੰਗ ਉਠਾ ਰਿਹਾ ਹੈ ਕਿ ਜਿਨ੍ਹਾਂ ਗੈਰ-ਪੰਜਾਬੀਆਂ ਦੀ ਪੰਜਾਬ ਵਿਚ ਜਾਇਦਾਦ ਨਹੀਂ ਉਹਨਾਂ ਨੂੰ ਵੋਟ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਇਹ ਬਿਆਨਬਾਜ਼ੀ ਸ੍ਰੀ ਟੌਹੜਾ ਦੇ ਦਸ ਦਸੰਬਰ ਇੰਡੀਅਨ ਐਕਸਪਰੈਸ ਵਿਚ ਛਪੇ ਬਿਆਨ ਨਾਲ ਸ਼ੁਰੂ ਹੋਈ ਜਿਸ 'ਚ ਉਹਨਾਂ ਨੇ ਮੰਗ ਕੀਤੀ "ਵੋਟ ਦਾ ਅਧਿਕਾਰ ਕੇਵਲ ਜਾਇਦਾਦ ਮਾਲਕਾਂ ਨੂੰ ਮਿਲੇ" ਉਹਨਾਂ ਨੇ ਬਾਅਦ ਨੂੰ ਇਸ ਵਿਚ ਵਾਧਾ ਕਰ ਦਿਤਾ ਕਿ ਵੋਟ ਦਾ ਅਧਿਕਾਰ ਗੈਰ ਪੰਜਾਬੀਆਂ ਵਿਚੋਂ ਕੇਵਲ ਉਹਨਾਂ ਨੂੰ ਮਿਲੇ ਜਿਹੜੇ ਜਾਇਦਾਦ ਦੇ ਮਾਲਕ ਹਣ।

ਸ੍ਰੀ ਟੌਹੜਾ ਪਿਛੋਂ ਸ੍ਰੀ ਸੁਖਜਿੰਦਰ ਸਿੰਘ ਨੇ ਟੌਹੜਾ ਜੀ ਦੀ ਇਸ ਮੰਗ ਦੀ ਹਮਾਇਤ ਕੀਤੀ। ਸ੍ਰੀ ਸੁਖਜਿੰਦਰ ਸਿੰਘ ਨੇ ਦੋ ਵਰ੍ਹੇ ਪਹਿਲਾਂ ਵੀ ਇਹੋ ਮੰਗ ਕੀਤੀ ਸੀ ਪਰ ਉਹਨਾਂ ਨੂੰ ਉਸ ਸਮੇਂ ਦਲ ਵਿਚੋਂ ਵੀ ਹਮਾਇਤ ਨਹੀਂ ਸੀ ਮਿਲੀ। ਹੁਣ ਸ੍ਰੀ ਟੌਹੜਾ ਵਲੋਂ ਇਹੋ ਮੰਗ ਚੁਕੇ ਜਾਣ ਨਾਲ ਕਈ ਹੋਰ ਅਕਾਲੀ ਆਗੂ ਵੀ ਅਜਿਹੇ ਹੀ ਬਿਆਨ ਦੇ ਰਹੇ ਹਨ। ਤਾਜ਼ਾ ਦਿਨਾਂ ਵਿਚ ਸਿਵਰਗੀ ਸ੍ਰੀ ਤਾਰਾ ਸਿੰਘ ਦੀ ਸਪੁਤਰੀ ਸ੍ਰੀਮਤੀ ਰਾਜਿੰਦਰ ਕੌਰ ਨੇ ਇਹੋ ਮੰਗ ਕਰਦੇ ਕਈ ਬਿਆਨ ਦਿਤੇ ਹਨ ਤੇ ਉਹ ਸ੍ਰੀ ਟੌਹੜਾ ਤੋਂ ਵੀ ਅਗੇ ਲੰਘ ਗਏ ਹਨ। ਉਹਨਾਂ ਨੇ ਗੈਰ-ਪੰਜਾਬੀਆਂ ਉਤੇ ਸੰਪਤੀ ਦੀ ਸ਼ਰਤ ਤੋਂ ਇਲਾਵਾ ਪੰਜਾਬੀਆਂ ਲਈ ਵੋਟ ਦੇ ਅਧਿਕਾਰ ਲਈ ਕਈ ਹੋਰ ਸ਼ਰਤਾਂ ਲਗਾਉਣ ਦੇ ਬਿਆਨ ਦਿਤੇ ਹਨ ਤੇ ਇਹ ਵੀ ਮੰਗ ਕੀਤੀ ਹੈ ਕਿ ਜਿਨ੍ਹਾਂ ਪੰਜਾਬੀਆਂ ਨੇ ਆਪਣੀ ਮਾਤ ਭਾਸ਼ਾ ਪੰਜਾਬੀ ਨਹੀਂ ਲਿਖਵਾਈ ਉਹਨਾਂ ਨੂੰ ਵੋਟ ਦਾ ਹੱਕ ਨਾ ਦਿਤਾ ਜਾਵੇ।

ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਨੇ ਸ੍ਰੀ ਟੌਹੜਾ ਦੇ ਬਿਆਨ ਪਿਛੋਂ ਆਪਣੇ ਆਪ ਨੂੰ ਉਹਨਾਂ ਦੀ ਮੰਗ ਨਾਲੋਂ ਇਤਨਾ ਕੁ ਨਿਖੇੜਿਆ ਕਿ ਸ੍ਰੀ ਟੌਹੜਾ ਦੀ ਮੰਗ ਉਹਨਾਂ ਦੀ ਨਿਜੀ ਮੰਗ ਹੈ। ਪਰ ਉਹਨਾਂ ਨੇ ਆਪਣੀ ਅਤੇ ਅਕਾਲੀ ਦਲ ਦੀ ਸਥਿਤੀ ਪੂਰੀ ਤਰ੍ਹਾਂ ਸਪਸ਼ਟ ਨਾ ਕੀਤੀ।

### "ਸਮਾਂ ਬਦਲ ਗਿਆ ਹੈ"

ਸ੍ਰੀ ਟੌਹੜਾ ਤੇ ਉਹਨਾਂ ਜਿਹੇ ਵਿਚਾਰਾਂ ਵਾਲੇ ਹੋਰ ਅਕਾਲੀ ਆਗੂਆਂ ਵਲੋਂ ਜੋ ਬਿਆਨ ਦਿਤੇ ਜਾ ਰਹੇ ਹਨ ਅਤੇ ਮੰਗਾਂ ਉਠਾਈਆਂ ਜਾ ਰਹੀਆਂ ਹਨ, ਇਹੋ ਨਹੀਂ ਕਿ ਇਹ ਗੈਰ ਜਮਹੂਰੀ ਅਤੇ ਗੈਰ-ਸੰਵਿਧਾਨਕ ਹਨ ਸਗੋਂ ਸਿਖ ਧਰਮ ਦੀਆਂ ਬੁਨਿਆਦੀ ਸਿਖਿਆਵਾਂ ਦੇ ਵੀ ਉਲਟ ਹਨ। ਜਦੋਂ ਸ੍ਰੀ ਟੌਹੜਾ ਤੋਂ ਇਹ ਸੁਆਲ ਕੀਤਾ ਗਿਆ ਤਾਂ ਉਹਨਾਂ ਕਿਹਾ ਕਿ "ਸਮਾਂ ਬਦਲ ਗਿਆ ਹੈ।"

ਸ੍ਰੀ ਟੌਹੜਾ ਇਹੋ ਨਹੀਂ ਕਿ ਅਕਾਲੀ ਦਲ ਦੇ ਇਕ ਆਗੂ ਹਨ ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੀ ਪ੍ਰਧਾਨ ਹਨ ਜਿਸ ਪਦਵੀ ਕਾਰਨ ਕਈ ਅਕਾਲੀ ਉਹਨਾਂ ਨੂੰ "ਸਿਖਾਂ ਦਾ ਪੋਪ" ਕਹਿਣ ਵਿਚ ਮਾਣ ਮਹਿਸੂਸ ਕਰਦੇ ਹਨ। ਇਸ ਪਦਵੀ ਉਤੇ ਹੁੰਦਿਆਂ ਉਹਨਾਂ ਦੇ ਸਿਰ ਸਿਖ ਧਰਮ ਦੀਆਂ ਸਿਖਿਆਵਾਂ ਦਾ ਪਰਚਾਰ ਕਰਨ ਦੀ ਵੀ ਵੱਡੀ ਜ਼ਿਮੇਵਾਰੀ ਹੈ। ਉਹਨਾਂ ਦਾ ਇਹ ਕਹਿਣਾ ਕਿ "ਸਮਾਂ ਬਦਲ ਗਿਆ ਹੈ" ਭਾਰਾ ਮਹੱਤਵ ਰਖਦਾ ਹੈ। ਚੰਗਾ ਹੋਵੇ ਕਿ ਉਹ ਆਪਣੇ ਇਸ ਕਥਨ ਦੀ ਪੂਰੀ ਵਿਆਖਿਆ ਕਰਨ ਕਿ ਸਮਾਂ ਕਿਵੇਂ ਬਦਲ ਗਿਆ ਹੈ ਅਤੇ ਸਿਖ ਧਰਮ ਦੀਆਂ ਸਿਖਿਆਵਾਂ ਦੇ ਪਰਸੰਗ ਵਿਚ ਇਸ ਦਾ ਕੀ ਅਰਥ ਹੈ? ਪਰ ਸ੍ਰੀ ਟੌਹੜਾ ਨੇ ਪਿਛਲੇ ਸਾਰੇ ਮਹੀਨੇ ਵਿਚ ਇਸ ਗਲ ਦੀ ਵਿਆਖਿਆ ਕਰਨ ਦੀ ਲੋੜ ਮਹਿਸੂਸ ਨਹੀਂ ਕੀਤੀ ਕਿਉਂਕਿ ਉਹ ਆਪ ਸਮਝਦੇ ਹਨ ਕਿ ਉਹਨਾਂ ਦੀ "ਸਮੇਂ ਬਦਲ ਗਏ" ਦੀ ਦਲੀਲ ਕਾਟ ਨਹੀਂ ਕਰਨ ਲਗੀ ਅਤੇ ਉਹ ਧਾਰਮਕ ਪਖੋਂ ਇਸਦੇ ਅਰਥਾਂ ਦੀ ਵਿਆਖਿਆ ਕਰਨ ਦੀ ਹਿੰਮਤ ਵੀ ਨਹੀਂ ਕਰ ਸਕਦੇ। ਉਹਨਾਂ ਨੂੰ ਆਪ ਇਹ ਪਾਲਾ ਖਾ ਰਿਹਾ ਹੈ ਕਿ ਜੇ ਇਹ ਮਾਮਲਾ ਵਿਸਥਾਰ ਵਿਚ ਖੋਲ੍ਹ ਕੇ ਅਵਾਮ ਵਿਚ ਵਿਚਾਰਿਆ ਜਾਂਦਾ ਹੈ ਤਾਂ ਇਹ ਗਲ ਉਘੜ ਕੇ ਸਾਹਮਣੇ ਆ ਜਾਵੇਗੀ ਕਿ ਰਾਜ ਸੱਤਾ ਦੀ ਹਵਸ ਅਤੇ ਸਿਆਸੀ ਗਰਜ਼ਾਂ ਕਾਰਨ ਅਕਾਲੀ ਆਗੂ ਸਿਖ ਧਾਰਮਿਕ ਸਿਖਿਆਵਾਂ ਤੋਂ ਵੀ ਪਰ੍ਹਾਂ ਜਾਣ ਲਗੇ ਹਨ।

### ਵਡਿਆ ਸਿਉ ਕਿਆ ਰੀਸ

ਸਿਖ ਧਰਮ ਦੀਆਂ ਸਿਖਿਆਵਾਂ, ਦਸਾਂ ਗੁਰੂ ਸਾਹਿਬਾਨ ਦੇ ਇਤਿਹਾਸ ਅਤੇ ਘਾਲਨਾਵਾਂ ਨੂੰ ਜਾਣਦਾ ਹਰ ਵਿਅਕਤੀ ਜਾਣਦਾ ਹੈ ਕਿ ਗੁਰੂ ਸਾਹਿਬਾਨ ਨੇ ਸੰਪਤੀ ਵਾਨਾਂ, ਉਹਨਾਂ ਦੇ ਜਬਰ ਜ਼ੁਲਮ ਅਤੇ ਲੁਟ-ਖਸੁਟ ਦੇ ਖਿਲਾਫ ਨਿਰੰਤਰ ਘੋਲ ਕੀਤਾ। ਗੁਰੂ ਨਾਨਕ ਦੇਵ ਨੇ ਸੰਪਤੀ (ਜਾਇਦਾਦ) ਬਾਰੇ ਕਿਹਾ "ਪਾਪਾਂ ਬਾਝਹੁ ਹੋਏ ਨਾਹੀ"। ਉਹਨਾਂ ਨੇ ਇਹ ਸਿਖਿਆ ਦੂਰ ਦੂਰ ਤਕ ਫੈਲਾਉਣ ਲਈ ਆਪਣ ਸਹਿਯੋਗੀ ਭਾਈ ਬਾਲਾ ਤੇ ਮਰਦਾਨਾ ਜਾਇਦਾਦਾਂ ਵਾਲੀਆਂ ਜਮਾਤਾਂ ਵਿਚੋਂ ਨਹੀਂ ਚੁਣੇ। ਉਹਨਾਂ ਨੇ ਸੰਪਤੀ ਹੀਨਾਂ ਦੀ ਕੋਧਰੇ ਦੀ ਰੋਟੀ ਵਿਚ ਸੁਚੀ ਕਿਰਤ ਕਮਾਈ ਦਾ ਦੁਧ ਅਤੇ ਸੰਪਤੀਵਾਨਾਂ ਦੇ ਪਕਵਾਨਾਂ ਵਿਚ ਲੁਟ-ਖਸੁਟ ਦਾ ਖੂਨ ਵੇਖਿਆ ਅਤੇ ਲੋਕਾਂ ਨੂੰ ਵਿਖਾਇਆ। ਉਸ ਸਮੇਂ ਵੀ ਰਾਜ ਭਾਗ ਉਤੇ ਧਨਵਾਨ, ਸੰਪਤੀਵਾਨ ਜਮਾਤਾਂ ਹੀ ਕਾਬਜ਼ ਸਨ, ਜਿਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਨੇ "ਰਾਜੇ ਸ਼ੀਂਹ ਮੁਕਦਮ ਕੁੱਤੇ" ਕਹਿ ਤ੍ਰਿਸਕਾਰਿਆ ਅਤੇ ਆਪਣੇ ਆਪ ਨੂੰ ਸੰਪਤੀ ਹੀਨਾਂ ਨਾਲ, ਮਿਹਨਤਕਸ਼ਾਂ ਨਾਲ ਜੋੜਿਆ ਕਿਹਾ :

ਨੀਚਾਂ ਅੰਦਰ ਨੀਚ ਜਾਤਿ
ਨੀਚੀ ਹੂੰ ਅਤਿ ਨੀਚੁ
ਨਾਨਕ ਤਿਨ ਕੈ ਸੰਗਿ ਸਾਥ
ਵਡਿਆਂ ਸਿਉਂ ਕਿਆ ਰੀਸ
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰ ਤੇਰੀ ਬਖਸ਼ੀਸ਼

ਸ੍ਰੀ ਗੁਰੂ ਗੋਬਿੰਦ ਸਿੰਘ ਇਸ ਸਿਖਿਆ ਅਤੇ ਜਦੋਜਹਿਦ ਨੂੰ ਹੋਰ ਅਗਾਂਹ ਲੈ ਗਏ। ਉਹਨਾਂ ਨੇ "ਰਾਜੇ ਸ਼ੀਂਹ ਮੁਕਦਮ ਕੁਤਿਆਂ" ਵਿਰੁਧ ਹਥਿਆਰਬੰਦ ਲੜਾਈ ਲੜੀ। ਲਾਮਿਸਾਲ ਕੁਰਬਾਨੀਆਂ ਕਰ ਇਹਨਾਂ ਹੀ ਮਿਹਨਤਕਸ਼ ਨੀਚਾਂ ਤੇ ਸੰਪਤੀਹੀਨਾਂ ਲਈ ਜੂਝਣ ਤੇ ਕੁਰਬਾਨੀਆਂ ਕਰਨ ਦਾ ਰਾਹ ਵਿਖਾਇਆ। ਕਈ ਰਾਜੇ ਉਹਨਾਂ ਦੀ ਮਦਦ ਕਰਨ ਲਈ ਤਿਆਰ ਸਨ ਪਰ ਨਾਲ ਕਹਿੰਦੇ ਸਨ ਕਿ ਉਹ ਮਿਹਨਤਕਸ਼ ਹੇਠਲੀਆਂ ਜ਼ਾਤਾਂ ਦਾ ਸਾਥ ਛੱਡ ਦੇਣ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਉਹਨਾਂ ਨੂੰ ਉਤਰ ਦਿਤਾ ਕਿ ਜਿੱਤ ਇਨ੍ਹਾਂ ਨਾਲ ਹੀ ਹੋਣੀ ਹੈ।

ਅਤੇ ਜ਼ਫਰਨਾਮੇ ਵਿਚ ਔਰੰਗਜ਼ੇਬ ਨੂੰ ਉਹਨਾਂ ਨੇ ਵੰਗਾਰਿਆ ਕਿ ਤੂੰ ਕੁਰਾਨ ਦਾ ਕੀ ਪੈਰੋਕਾਰ ਹੈ ਤੇਰੇ ਰਾਜ ਵਿਚ ਤਾਂ ਗਰੀਬ ਮਿਹਨਤਕਸ਼ਾਂ ਉਤੇ ਜ਼ੁਲਮ ਹੋ ਰਹੇ ਹਨ।

ਉਪਰਲੇ ਤੋਂ ਪਰਤੱਖ ਹੈ ਕਿ ਸਿਖ ਗੁਰੂ ਸਾਹਿਬਾਨ ਸੰਪਤੀਵਾਨ ਹਾਕਮਾਂ ਅਤੇ ਸੰਪਤੀਹੀਨ ਮਿਹਨਤਕਸ਼ਾਂ ਦਾ ਕੀ ਮੁਲਾਂਕਣ ਕਰਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਆਪਣੇ ਪੰਜ ਪਿਆਰੇ ਵੀ ਸੰਪਤੀਵਾਨਾਂ ਵਿਚੋਂ ਨਹੀਂ ਸਗੋਂ ਸੰਪਤੀਹੀਨ ਮਿਹਨਤਕਸ਼ਾਂ ਵਿਚੋਂ ਚੁਣੇ। ਪਰ ਹੁਣ ਦੇ ਅਕਾਲੀ ਆਗੂ ਧਰਮ, ਇਲਾਕੇ, ਭਾਸ਼ਾ ਦੇ ਨਾਂਅ ਹੇਠ ਇਹਨਾਂ ਹੀ ਮਿਹਨਤਕਸ਼ਾਂ ਤੋਂ ਵੋਟ ਦਾ ਹੱਕ ਖੋਹਣ ਦੀਆਂ ਗੱਲਾਂ ਕਰਦੇ ਹਨ, ਭਾਵ ਸੰਪਤੀਵਾਨਾਂ ਲਈ ਰਾਜ ਭਾਗ ਹਮੇਸ਼ਾਂ ਹਮੇਸ਼ਾਂ ਲਈ ਸੁਰਖਿਅਤ ਕਰਨਾ ਚਾਹੁੰਦੇ ਹਨ।

### ਹਿੰਦੂ ਫਿਰਕੂਆਂ ਨੂੰ ਮਸਾਲਾ

ਗੁਰੂਆਂ ਦੀ ਸਿਖਿਆ ਕਦੇ ਵੀ ਕਿਸੇ ਇਲਾਕੇ ਤਕ ਜਾਂ ਭਾਸ਼ਾ ਤਕ ਸੀਮਤ ਨਹੀਂ ਅਤੇ ਨਾ ਹੀ ਧਰਮ ਫਿਰਕੇ ਤਕ। ਗੁਰੂ ਸਾਹਿਬਾਨ ਨੇ ਆਪਣੇ ਕਾਰਜ ਦਾ ਘੇਰਾ ਕਦੇ ਵੀ ਸੀਮਤ ਨਹੀਂ ਕੀਤਾ ਸਗੋਂ "ਦੇਸ਼ ਹਿੰਦੁਸਤਾਨ" ਦਾ ਸੰਕਲਪ ਦਿਤਾ ਜਿਸਨੂੰ ਹੁਣ ਅਕਾਲੀ ਆਗੂ ਸਿਆਸੀ ਗਰਜ਼ਾਂ ਕਾਰਨ ਸੌੜਾ ਕਰ ਰਹੇ ਹਨ, ਕਦੇ "ਦੇਸ ਪੰਜਾਬ" ਦੇ ਨਾਅਰੇ ਮਾਰਦੇ ਹਨ ਤੇ ਕਦੇ ਕੁਝ ਹੋਰ।

ਅਤੇ ਸ੍ਰੀਮਤੀ ਰਾਜਿੰਦਰ ਕੌਰ ਨੇ ਭਾਸ਼ਾ ਦੇ ਨਾਂਅ ਤੇ ਵੋਟ ਦਾ ਅਧਿਕਾਰ ਖੋਹਣ ਦੀ ਗੱਲ ਕਰਕੇ ਤਾਂ ਸਪਸ਼ਟ ਰੂਪ ਵਿਚ ਅਧੇ ਪੰਜਾਬੀਆਂ ਨੂੰ ਹੀ ਵੋਟ ਦੇ ਹੱਕ ਤੋਂ ਵਾਂਝੇ ਕਰਨ ਦਾ ਨਾਅਰਾ ਮਾਰਿਆ ਹੈ। ਅਜਿਹੇ ਨਾਅਰੇ ਨਾ ਪੰਜਾਬ ਵਿਚ ਰਖੀਏ ਤਾਂ ਪ੍ਰਤੱਖ ਹੋ ਜਾਂਦਾ ਹੈ ਕਿ ਅਕਾਲੀ ਦਲ ਦੇ ਆਗੂਆਂ ਦੇ ਇਕ ਹਿਸੇ ਸਾਹਮਣੇ ਨਿਸ਼ਾਨਾ ਇਹ ਨਹੀਂ ਕਿ "ਦੀਨ" "ਨੀਚੁ" ਮਿਹਨਤਕਸ਼ਾਂ ਨੂੰ ਜੋੜਕੇ ਇਹਨਾਂ "ਚਿੜੀਆਂ" ਤੋਂ "ਬਾਜ਼ ਤੁੜਾਏ" (ਲੋਟੂ ਹੁਕਮਰਾਨ ਜਮਾਤਾਂ) ਜਾਣ, ਸਗੋਂ ਉਹ ਇਹਨਾਂ ਮਿਹਨਕਸ਼ਾਂ ਨੂੰ ਵੱਖ ਵੱਖ ਫੁਟਪਾਊ ਨਾਅਰਿਆਂ ਹੇਠ ਵੰਡ ਰਹੇ ਹਨ ਅਤੇ ਜਾਬਰ ਧਨਵਾਨ ਜਮਾਤਾਂ ਨੂੰ ਖੁਲ ਖਡਣ ਦਾ ਮੌਕਾ ਦੇ ਰਹੇ ਹਨ।

### ਚਿੜੀਆਂ ਵਿਚ ਪਾੜਾ

ਧਾਰਮਕ ਪੱਖ ਤੋਂ ਇਲਾਵਾ ਵੇਖੀਏ ਤਾਂ ਵੀ ਸ੍ਰੀ ਟੌਹੜਾ ਤੇ ਸ੍ਰੀਮਤੀ ਰਾਜਿੰਦਰ ਕੌਰ ਦੀ ਮੰਗ ਜਮਹੂਰੀਅਤ-ਵਿਰੋਧੀ ਅਤੇ ਅਜੋਕੇ ਸਮੇਂ ਦੇ ਪ੍ਰਚਲਤ ਰੁਝਾਨਾਂ ਦੇ ਉਲਟ ਹੈ।

ਵੋਟ ਦਾ ਅਧਿਕਾਰ ਕਿਸੇ ਦਾ ਮਿਹਨਤਕਸ਼ਾਂ ਉਤੇ ਉਪਕਾਰ ਨਹੀਂ ਸਗੋਂ ਲੰਬੇ ਘੋਲਾਂ ਰਾਹੀਂ, ਭਾਰੀ ਕੁਰਬਾਨੀਆਂ ਦੇ ਕੇ ਹਾਸਲ ਕੀਤਾ ਅਧਿਕਾਰ ਹੈ। ਅੰਗਰੇਜ਼ ਸਾਮਰਾਜੀਆਂ ਨੇ ਪਹਿਲਾਂ ਵੋਟ ਦੇ ਅਧਿਕਾਰ ਉਤੇ ਅਜਿਹੀਆਂ ਪਾਬੰਦੀਆਂ ਲਗਾਈਆਂ ਸਨ ਜਿਨ੍ਹਾਂ ਨਾਲ ਵੋਟ ਦਾ ਦਾ ਅਧਿਕਾਰ ਕੁਝ ਸੰਪਤੀਵਾਨਾਂ ਤਕ ਸੀਮਤ ਰਹਿ ਜਾਂਦਾ ਸੀ, ਮਾਲੀਏ ਦੀ ਖਾਸ ਹੱਦ ਸੀ, ਜਿਸਤੋਂ ਉਤਲੇ ਲੋਕ ਵੋਟ ਪਾ ਸਕਦੇ ਸਨ, ਤਾਲੀਮ ਦੀ ਹੱਦ ਸੀ ਤੇ ਉਸ ਸਮੇਂ ਤਾਲੀਮ ਵੀ ਧਨਵਾਨ ਹੀ ਹਾਸਲ ਕਰ ਸਕਦੇ ਸਨ ਤੇ ਅੱਜ ਵੀ ਇਹ ਸਥਿਤੀ ਕਾਇਮ ਹੈ ਕਿ ਅਧੇ ਤੋਂ ਵਧ "ਦੇਸ ਹਿੰਦੁਸਤਾਨ" ਗਰੀਬੀ ਕਾਰਨ ਤਾਲੀਮ ਤੋਂ ਵਿਰਵਾ ਹੀ ਰਹਿੰਦਾ ਹੈ। ਅਜਿਹੀਆਂ ਸ਼ਰਤਾਂ ਗੁਰੂ ਸਾਹਿਬਾਨ ਦੇ ਪਿਆਰੇ "ਨੀਚੁ" ਤੇ "ਦੀਨ" ਲੋਕਾਂ ਉਤੇ ਪਾਬੰਦੀਆਂ ਸਨ। ਇਨ੍ਹਾਂ ਵਿਰੁਧ ਜ਼ੋਰਦਾਰ ਆਵਾਜ਼ ਉਠੀ ਤੇ ਆਜ਼ਾਦੀ ਘੋਲ ਦੀ ਇਕ ਮੁਖ ਮੰਗ ਸੀ ਸਭ ਨੂੰ ਬਿਨਾਂ ਕਿਸੇ ਵਿਤਕਰੇ ਦੇ ਵੋਟ ਦਾ ਅਧਿਕਾਰ ਦੇਣ। ਇਸ ਤਰ੍ਹਾਂ ਇਹ ਵੋਟ ਦਾ ਅਧਿਕਾਰ ਮਿਲਿਆ ਅਤੇ ਅੰਗਰੇਜ਼ਾਂ ਦੀਆਂ ਲਗਾਈਆਂ ਫਿਰਕੂ ਅਤੇ ਸੰਪਤੀ ਦੀਆਂ ਮਨਹੂਸ ਸ਼ਰਤਾਂ ਖਤਮ ਹੋਈਆਂ। ਹੁਣ ਇਹ ਘੋਲ ਹੋਰ ਅਗੇ ਵਧ ਰਿਹਾ ਹੈ। ਨੌਜੁਆਨਾਂ ਦੀਆਂ ਕਈ ਜਥੇਬੰਦੀਆਂ ਵੋਟ ਲਈ ਉਮਰ ਦੀ ਹੱਦ 21 ਸਾਲ ਤੋਂ ਘਟਾਕੇ 18 ਸਾਲ ਕਰਨ ਦੀ ਮੰਗਕਰ ਰਹੀਆਂ ਹਨ। ਕੇਰਲ ਦੀ ਪਿਛਲੀ ਖਬੇ-ਪਖੀ ਜਮਹੂਰੀ ਸਰਕਾਰ ਨੇ ਇਹ ਮੰਗ ਪਰਵਾਨ ਕਰਨ ਵਿਚ ਪਹਿਲ ਕੀਤੀ ਤੇ ਉਥੇ ਪੰਚਾਇਤਾਂ ਅਤੇ ਮਿਉਂਸਪੈਲਟੀਆਂ ਦੀਆਂ ਚੋਣਾਂ 18 ਸਾਲ ਤੋਂ ਵਧ ਉਮਰ ਦੇ ਸਭ ਲੋਕਾਂ ਨੂੰ ਵੋਟ ਦਾ ਹੱਕ ਦੇ ਕੇ ਕਰਵਾਈਆਂ ਗਈਆਂ। ਫੇਰ ਇਕ ਦੋ ਰਾਜਾਂ ਨੇ ਇਹ ਮੰਗ ਪਰਵਾਨ ਕਰ ਲਈ। ਇਹ ਰੁਝਾਨ ਤੇ ਮੰਗ ਭਾਰਤ ਤਕ ਸੀਮਤ ਨਹੀਂ ਸਗੋਂ ਸੰਸਾਰ ਭਰ ਵਿਚ ਵੱਧ ਰਿਹਾ ਹੈ। ਪਰ ਸ੍ਰੀ ਟੌਹੜਾ ਤੇ ਉਹਨਾਂ ਨਾਲ ਸਹਿਮਤ ਕੁਝ ਹੋਰ ਅਕਾਲੀ ਆਗੂ ਪੁਠਾ ਗੇੜਾ ਦੇਣ ਦਾ ਜਤਨ ਕਰ ਰਹੇ ਹਨ।

ਫਿਰਕੂ ਤੇ ਇਲਾਕਾਪ੍ਰਸਤ ਵਿਚਾਰਾਂ ਵਾਲੇ ਇਕਲੇ ਪੰਜਾਬ ਵਿਚ ਹੀ ਨਹੀਂ। ਰ. ਸ. ਸ. ਭਾਜਪਾ ਇਹਨਾਂ ਦਾ ਦੂਜਾ ਰੂਪ ਹੈ ਜੋ ਸਾਰੇ ਦੇਸ ਵਿਚ ਫਿਰਕੂ, ਫਿਰਕਾਪ੍ਰਸਤ ਮੰਗਾਂ ਤੇ ਅੰਦੋਲਨਾਂ ਨੂੰ ਹਵਾ ਦਿੰਦਾ ਹੈ ਤੇ ਇਹਨਾਂ ਨੂੰ ਖੂਨਖਾਰ ਝੜਪਾਂ ਤਕ ਲਿਜਾਂਦਾ ਹੈ। ਇਹਨਾਂ ਨੂੰ ਭਾਰਤ ਵਿਚਲੇ ਤੇ ਬਾਹਰਲੇ ਪਿਛਾਖੜੀ ਭਾਰਤ ਵਿਰੋਧੀਆਂ ਦੀ ਹਮਾਇਤ ਤੇ ਮਦਦ ਪ੍ਰਾਪਤ ਹੈ। ਜੇ ਪੰਜਾਬ ਵਿੱਚ ਅਜਿਹੀ ਮੰਗ ਲਈ ਘੋਲ ਵਧਦਾ ਹੈ ਤਾਂ ਇਸਦਾ ਪ੍ਰਤੀਕਰਮ ਸਾਰੇ "ਦੇਸ ਹਿੰਦੁਸਤਾਨ" ਵਿਚ ਹੋਵੇਗਾ। ਪੰਜਾਬ ਤੋਂ ਬਾਹਰ ਵਸਦੇ ਲਖਾਂ ਪੰਜਾਬੀਆਂ ਤੋਂ ਵੋਟ ਦਾ ਹੱਕ ਖੋਹਣ ਦੀ ਮੰਗ ਉਠ ਸਕਦੀ ਹੈ। ਰ.ਸ.ਸ.ਭਾਜਪਾ ਦੀ ਹਮਾਇਤ ਨਾਲ ਆਸਾਮ ਵਿਚ ਪਹਿਲਾਂ ਹੀ ਬਦੇਸ਼ੀਆਂ ਦੇ ਨਾਂਅ ਹੇਠ ਸਭ ਗੈਰ-ਪੰਜਾਬੀਆਂ ਨੂੰ ਵੋਟ ਦੇ ਹੱਕ ਤੋਂ ਮਹਿਰੂਮ ਕਰਨ ਲਈ ਖੂਨ ਖਰਾਬਾ ਕੀਤਾ ਜਾ ਰਿਹਾ ਹੈ। ਇਸ ਘੋਲ ਦਾ ਖੱਬੇ-ਪੱਖੀ ਜਮਹੂਰੀ ਸ਼ਕਤੀਆਂ ਵਿਰੋਧ ਕਰ ਰਹੀਆਂ ਹਨ। ਇਹ ਗੱਲ ਵੀ ਪ੍ਰਤੱਖ ਹੈ ਕਿ ਅਜਿਹੇ ਘੋਲਾਂ ਦਾ ਲਾਭ ਲੁਟੂ ਧੰਨੀ-ਸੇਠਾਂ ਮਲਕ ਭਾਗੋਆਂ ਨੂੰ ਪੁਜ ਰਿਹਾ ਹੈ।

### ਭੁਲੇਖੇ ਪਾਉਣ ਦੇ ਜਤਨ

ਸ੍ਰੀ ਟੌਹੜਾ ਅਤੇ ਉਹਨਾਂ ਦੇ ਜੋਟੀਦਾਰ ਭਾਸ਼ਾ, ਧਰਮ, ਇਲਾਕੇ ਤੇ

## ਗੁਰੂਆਂ ਦੀ ਸਿਖਿਆ ਤੋਂ ਮੂੰਹ ਨਾ ਫੇਰੋ

ਦੇ ਹੀ ਹਿਤਾਂ ਵਿਚ ਹਨ ਤੇ ਨਾ ਹੀ ਪੰਜਾਬੀਆਂ ਦੇ ਹਿਤਾਂ ਵਿਚ ਹਨ। ਇਹ ਨਾਅਰੇ ਸਮੁਚੇ ਪੰਜਾਬ, ਪੰਜਾਬੀ ਲੋਕਾਂ ਅਤੇ ਖੁਦ ਪੰਜਾਬੀ ਭਾਸ਼ਾ ਲਈ ਤਬਾਹਕੁਨ ਹੋ ਸਕਦੇ ਹਨ। ਅਜਿਹੇ ਨਾਅਰੇ ਮਾਰਕੇ ਅਕਾਲੀ ਆਗੂ ਦੂਜੇ ਪਾਸੇ ਦੇ ਫਿਰਕੂ ਤੁਅਸਬੀਆਂ ਤੇ ਅੱਤਵਾਦੀਆਂ ਜਿਵੇਂ ਰਾਸ਼ਟਰੀ ਸਵੈਮ ਸੇਵਕ ਸੰਘ, ਹਿੰਦੂ ਵਿਸ਼ਵ ਪ੍ਰੀਸ਼ਦ ਅਤੇ ਭਾਰਤੀ ਜਨਤਾ ਪਾਰਟੀ ਅਦਿ ਲਈ ਹੀ ਮੈਦਾਨ ਪਧਰਾ ਕਰ ਰਹੇ ਹਨ ਕਿ ਉਹ "ਦੇਸ ਹਿੰਦੁਸਤਾਨ" ਵਿਚ ਆਪਣਾ ਦੇਸ ਧਰੋਹੀ, ਕੌਮ-ਧਰੋਹੀ ਪਰਚਾਰ ਤਿਖਾ ਕਰ ਸਕਣ ਤੇ "ਦੇਸ ਹਿੰਦੁਸਤਾਨ" ਦੀ ਸੁਖ ਸ਼ਾਂਤੀ, ਅਮਨ ਚੈਨ ਨੂੰ ਲਾਂਬੂ ਲਗਾ ਸਕਣ ਅਤੇ ਭਾਈ ਲਾਲੋਆਂ ਦੇ ਮਲਕ ਭਾਗੋਆਂ ਦੇ ਖਿਲਾਫ ਘੋਲ ਨੂੰ, "ਦੇਸ ਹਿੰਦੁਸਤਾਨ" ਦੀ ਤਰੱਕੀ ਅਤੇ ਖੁਸ਼ਹਾਲੀ ਦੇ ਕਾਰਜ ਨੂੰ ਤਬਾਹ ਕਰ ਸਕਣ।

ਅੱਜ ਇਕ ਪਾਸੇ ਦੇਸ ਹਿੰਦੁਸਤਾਨ ਦੇ ਭਾਈ ਲਾਲ ਹਨ—ਮਜ਼ਦੂਰ ਕਿਸਾਨ, ਖੇਤ ਮਜ਼ਦੂਰ ਤੇ ਹੋਰ ਮਿਹਨਤਕਸ਼ ਅਤੇ ਦੂਜੇ ਪਾਸੇ ਆਧੁਨਿਕ ਮਲਕ ਭਾਗੋ ਹਨ —ਅਜਾਰੇਦਾਰ, ਵਡੇ ਵਪਾਰੀ, ਸੂਦ ਖੋਰ ਧੰਨੀ ਸੇਠ। ਮਗਰਲੇ ਸਰਮਾਏਦਾਰੀ ਵਿਕਾਸ ਮਾਰਗ ਦੇ ਸੰਕਟ ਦਾ ਭਾਰ ਪਹਿਲਿਆਂ ਉਤੇ ਪਾਉਣ ਲਈ ਹਰ ਢੰਗ ਵਰਤ ਰਹੇ ਹਨ, ਬੁਰਜੂਆ ਪਰਚਾਰ ਸਾਧਨਾਂ ਦੀ ਵਰਤੋਂ, ਪਾੜੂ ਸ਼ਕਤੀਆਂ ਦੀ ਵਰਤੋਂ, ਰਾਜ ਭਾਗ ਦੀ ਮਸ਼ੀਨਰੀ ਦੀ ਵਰਤੋਂ ਅਤੇ ਸੰਪਤੀਵਾਨਾਂ ਦੇ ਰਾਜ ਭਾਗ ਉਤੇ ਕਬਜ਼ੇ ਰਾਹੀਂ ਭਾਈ ਲਾਲੋਆਂ ਨੂੰ ਕੁਚਲਣ ਲਈ ਨਿਤ ਨਵੇਂ ਜਾਬਰ ਕਾਨੂੰਨ ਘੜਣਾ ਤੇ ਵਰਤਣਾ। ਮਿਹਨਤਕਸ਼ ਸਭ ਜਬਰ ਜ਼ੁਲਮ ਦੇ ਬਾਵਜੂਦ ਝੁਕਣ ਨੂੰ ਤਿਆਰ ਨਹੀਂ। ਲੋੜ ਇਸ ਗਲ ਦੀ ਹੈ ਕਿ ਅਕਾਲੀ ਲੀਡਰ ਉਹ ਆਗੂ ਬਨਣ "ਜੋ ਲੜੈ ਦੀਨ ਕੇ ਹੇਤੁ" ਪਰ ਹੋ ਉਲਟ ਰਿਹਾ ਹੈ ਅਤੇ ਭਾਸ਼ਾ, ਇਲਾਕੇ ਅਤੇ ਸੰਪਤੀ ਦੇ ਨਾਂਅ ਹੇਠ "ਦੀਨ" ਕੀ ਵੋਟ ਖੋਹਣ ਦੀਆਂ ਤਿਆਰੀਆਂ ਹੋ ਰਹੀਆਂ ਹਨ, ਤੇ ਉਹ ਵੀ "ਸਿੱਖਾਂ ਦੇ ਪੋਪ" ਵਲੋਂ।

ਸ੍ਰੀ ਟੌਹੜਾ ਤੋਂ ਲੈ ਕੇ ਸ੍ਰੀਮਤੀ ਰਾਜਿੰਦਰ ਕੌਰ ਦੇ ਬਿਆਨਾਂ ਨੂੰ ਧਿਆਨ ਸੰਪਤੀ ਦੇ ਨਾਂਅ ਉਤੇ ਫਿਰਕੂ ਮੰਗਾਂ ਉਠਾ ਕੇ ਮਿਹਣਤਕਸ਼ ਆਵਾਮ ਦੁਸ਼ਮਨ, ਫੁਟਪਾਊ ਤੇ ਪਾੜੂ ਸ਼ਕਤੀਆਂ ਦੇ ਲਈ ਹੀ ਸਹਾਈ ਹੋ ਰਹੇ ਹਨ।

ਇਹ ਮੰਗਾਂ ਨਾ ਧਾਰਮਕ ਪਖੋਂ ਵਾਜਬ ਹਨ ਅਤੇ ਨਾ ਹੀ ਜਮਹੂਰੀ ਅਤੇ ਸੰਵਿਧਾਨਕ ਪਖੋਂ। ਸਗੋਂ ਇਹ ਸਾਡੇ ਦੇਸ ਅਤੇ ਪਰਾਂਤ ਦੋਹਾਂ ਦੇ ਹਿਤਾਂ ਲਈ ਬੇਹਦ ਖਤਰਨਾਕ ਹਨ ਅਤੇ ਮਿਹਣਤਕਸ਼ ਆਵਾਮ ਦੇ ਜਮਹੂਰੀ ਘੋਲ, ਉਨਾਂ ਦੇ ਰੋਟੀ ਰੋਜ਼ੀ ਤੇ ਚੰਗੇਰੇ ਜੀਵਨ ਦੇ ਘੋਲ ਲਈ ਵੀ ਖਤਰਨਾਕ ਹਨ। ਸ੍ਰੀ ਟੌਹੜਾ ਅਜਿਹੇ ਨਾਅਰੇ ਚੁਕਕੇ ਲੁਟੂ ਮਲਕ-ਭਾਗੋਆਂ ਦੀ ਹੀ ਸੇਵਾ ਕਰ ਰਹੇ ਹਨ।

ਇਹ ਭੁਲੇਖੇ ਪਾਉਣ ਦੇ ਵੀ ਜਤਨ ਕੀਤੇ ਜਾਂਦੇ ਹਨ ਜਿਵੇਂ ਕਿ ਪੰਜਾਬ ਵਿਚ ਬਹੁਤ ਵਡੀ, ਦਰਜਨਾਂ ਲਖਾਂ ਦੀ ਗਿਣਤੀ ਵਿਚ ਬਾਹਰਲੇ ਲੋਕ ਆ ਗਏ ਹਨ। ਇਹ ਗਲ ਤੱਥਾਂ ਉਤੇ ਆਧਾਰਤ ਨਹੀਂ। ਪੰਜਾਬ ਤੋਂ ਬਾਹਰ ਗਏ ਹੋਏ ਪੰਜਾਬੀਆਂ ਦੀ ਗਿਣਤੀ ਦੇ ਮੁਕਾਬਲੇ ਉਤੇ ਪੰਜਾਬ ਵਿਚਲੇ ਗੈਰ-ਪੰਜਾਬੀਆਂ ਦੀ ਗਿਣਤੀ ਤਾਂ ਦੋ ਢਾਈ ਫੀਸਦੀ ਵੀ ਨਹੀਂ ਬਣਦੀ। ਪੰਜਾਬ ਵਿਚ ਕੰਮ ਕਰਦੇ ਗੈਰ ਪੰਜਾਬੀਆਂ ਦੀ ਗਿਣਤੀ ਕੁਝ ਲਖ ਤੋਂ ਵਧ ਨਹੀਂ। ਪੰਜਾਬ ਦੀ ਸਨਅਤੀ ਮਜ਼ਦੂਰ ਜਮਾਤ ਦੀ ਕੁਲ ਗਿਣਤੀ ਦੋ ਲਖ ਦੇ ਕਰੀਬ ਹੈ। ਇਸ ਤੋਂ ਅੰਦਾਜ਼ਾ ਹੋ ਜਾਂਦਾ ਹੈ ਕਿ ਗੈਰ ਪੰਜਾਬੀ ਦੀ ਕੁਲ ਗਿਣਤੀ ਕਿਤਨੀਕੁ ਹੈ। ਪੌਣੇ ਦੋ ਕਰੋੜ ਦੇ ਪੰਜਾਬ ਵਿਚ ਇਹ ਮਾਮੂਲੀ ਜਿਹੇ ਗੈਰ ਪੰਜਾਬੀ ਆਟੇ ਚ ਲੂਣ ਦੇ ਬਰਾਬਰ ਬਣਦੇ ਹਨ।

ਅਤੇ ਇਹਨਾਂ ਮਿਹਣਤਕਸ਼ਾਂ ਦਾ ਪੰਜਾਬ ਦੀ ਸਨਅਤ ਉਸਾਰੀ ਤੇ ਖੇਤੀ ਵਿਚ ਜੋ ਨਿਸਚਤ ਯੋਗਦਾਨ ਹੈ ਉਸ ਨੂੰ ਵੀ ਅਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਜਿਵੇ ਪੰਜਾਬ ਤੋਂ ਬਾਹਰ ਵਸਦੇ ਪੰਜਾਬੀਆਂ ਦੇ ਰੋਲ ਨੂੰ ਅਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

———

ਆਪਣੀਆਂ ਪੁਸਤਕਾਂ ਏਸ਼ੀਆ ਬੁੱਕ ਕੰਪਨੀ ਤੋਂ ਖਰੀਦੋ

ਆਪਣੀਆਂ ਪੁਸਤਕਾਂ ਏਸ਼ੀਆ ਬੁੱਕ ਕੰਪਨੀ ਤੋਂ ਖਰੀਦੋ

# ਡਾ: ਜਗਜੀਤ ਬਰਾੜ ਵਲੋਂ 'ਇਆਪਾ' ਤੋਂ ਅਸਤੀਫ਼ਾ

(ਨੋਟ :-ਹੇਠਾਂ ਅਸੀਂ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ, ਕਵੀ ਤੇ ਕਹਾਣੀ ਲੇਖਕ ਡਾ: ਜਗਜੀਤ ਬਰਾੜ ਦਾ ਇਆਪਾ ਤੋਂ ਅਸਤੀਫ਼ਾ ਛਾਪ ਰਹੇ ਹਾਂ। ਯਾਦ ਰਹੇ ਕਿ ਇਹ 'ਸੰਸਥਾ' ਜਿਸ ਦਿਨ ਤੋਂ ਬਣੀ ਹੈ - ਵਾਦ-ਵਿਵਾਦ ਦੀ ਵਿਸ਼ਾ ਹੀ ਰਹੀ ਹੈ। ਪਤਾ ਲੱਗਾ ਹੈ ਕਿ ਵੈਨਕੂਵਰ ਦੇ ਇਕ ਦੋ ਹੋਰ 'ਹੋਣਹਾਰ' ਕਵੀ ਤੇ ਇਸ ਸੰਸਥਾ ਵਿਚ 'ਨਾ ਅੰਦਰ ਨਾ ਬਾਹਰ' 'ਸਥਾਪਤ' ਪੱਤਰਕਾਰ ਇਸ ਨੂੰ ਪੁਨਰ-ਸੁਰਜੀਤ ਕਰਨ ਲਈ ਹੰਭਲਾ ਮਾਰ ਰਹੇ ਹਨ।
ਪਿਛੇ ਜਿਹੇ ਪੰਜ ਚਾਰ ਬੰਦਿਆਂ ਦੇ 'ਮਹਾਨ ਸਮਾਗਮ' ਵਿਚ ਵੈਨਕੂਵਰ ਦੀ ਸਾਹਿਤ ਸਭਾ ਤੇ ਚਿੱਕੜ ਉਛਾਲਣ ਵਿਚ ਤੇ ਕੁਝ ਸਾਹਿਤਕਾਰਾਂ ਤੇ ਜ਼ਾਤੀ ਇਲਜ਼ਾਮਬਾਜ਼ੀ ਵਿਚ ਇਹੀ 'ਹੋਣਹਾਰ' ਕਵੀ ਤੇ 'ਸਥਾਪਤ' ਲੋਕ ਸ਼ਾਮਲ ਸਨ। ਡਾ: ਜਗਜੀਤ ਬਰਾੜ ਦਾ ਅਸਤੀਫ਼ਾ ਇਸ 'ਸੰਸਥਾ' ਵਿਚ ਡੂੰਘੇ ਸੰਕਟ ਨੂੰ ਹੀ ਮੂਰਤੀਮਾਨ ਕਰਦਾ ਜਾਪਦਾ ਹੈ)

ਮਾਰਚ 18, 1983

ਰਵਿੰਦਰ ਰਵੀ, ਪ੍ਰਧਾਨ
ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਪੰਜਾਬੀ
ਆਰਥਰਜ਼ ਐਂਡ ਆਰਟਿਸਟਸ
ਨੀਊ ਆਏਂਸ਼, ਬੀ. ਸੀ. ਕੈਨੇਡਾ
ਪਿਆਰੇ ਰਵਿੰਦਰ,

ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ 1983 ਲਈ ਇਆਪਾ ਦਾ ਸਾਹਿਤਕ ਇਨਾਮ ਕ. ਸ. ਦੁੱਗਲ ਨੂੰ ਦਿਤਾ ਗਿਆ ਹੈ। ਉਹ ਵਾਜਬੀ ਤੌਰ ਤੇ ਹੱਕਦਾਰ ਹੈ।

ਮੈਂ ਸੋਚਦਾ ਹਾਂ ਹੁਣ ਸਮਾਂ ਆ ਗਿਆ ਹੈ ਮੈਂ ਇਆਪਾ ਨਾਲੋਂ ਆਪਣੇ ਸਬੰਧ ਤੋੜ ਲਵਾਂ। ਇਸ ਲਈ ਮੈਂ ਇਆਪਾ ਦੀ ਮੀਤ-ਪ੍ਰਧਾਨਗੀ ਤੋਂ ਆਪਣਾ ਅਸਤੀਫ਼ਾ ਦੇ ਰਿਹਾ ਹਾਂ। ਇਸ ਨੂੰ ਹੁਣੇ ਤੋਂ ਲਾਗੂ ਸਮਝਿਆ ਜਾਵੇ। ਮੇਰਾ ਫ਼ੈਸਲਾ ਅਟੱਲ ਹੈ।

ਧੰਨਵਾਦ ਸਹਿਤ,

ਜਗਜੀਤ ਬਰਾੜ
ਮੀਤ-ਪ੍ਰਧਾਨ, ਇਆਪਾ

ਕਾਪੀ : ਡਾ: ਗੁਰਮੇਲ ਸਿੱਧੂ

# ਪ੍ਰਧਾਨ ਮੰਤਰੀ ਵਲੋਂ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸੰਭਾਵਨਾ ਰੱਦ — 'ਹੱਲ ਗਲਬਾਤ ਰਾਹੀਂ ਲੱਭਾਂਗੇ'—

ਲਖਨਊ— ਪ੍ਰਧਾਨ ਮੰਤਰੀ ਨੇ ਕਿਹਾ ਕਿ ਅਕਾਲੀ ਮਸਲੇ ਦਾ ਹੱਲ ਗਲਬਾਤ ਹੈ ਨਾ ਕਿ ਰਾਸ਼ਟਰਪਤੀ ਰਾਜ। ਪ੍ਰਧਾਨ ਮੰਤਰੀ ਨੇ ਲਖਨਊ ਹਵਾਈ ਅੱਡੇ ਤੇ ਪਤਰਕਾਰਾਂ ਨਾਲ ਗਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੀ ਹਾਲਤ ਠੀਕ ਨਿਬੜਨ ਨਾਲ ਰਾਸ਼ਟਰਪਤੀ ਰਾਜ ਅਸਲ ਹੱਲ ਨਹੀਂ ਸਗੋਂ ਗਲਬਾਤ ਰਾਹੀਂ ਹੀ ਇਹ ਔਕੜਾਂ ਦੂਰ ਕੀਤੀਆਂ ਜਾ ਸਕਦੀਆਂ ਹਨ

ਪ੍ਰਧਾਨ ਮੰਤਰੀ ਨੇ ਕਿਹਾ ਕਿ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਨੂੰ ਕੋਈ ਅਲਟੀਮੇਟਮ ਨਹੀਂ ਦਿਤਾ ਗਿਆ।

ਪ੍ਰਧਾਨ ਮੰਤਰੀ ਨੇ ਵਿਰੋਧੀ ਪਾਰਟੀਆਂ ਤੇ ਦੋਸ਼ ਲਾਇਆ ਕਿ 'ਇਹ ਲੋਕ ਪਹਿਲਾਂ ਹਾਲਾਤ ਨੂੰ ਭੜਕਾ ਦਿੰਦੇ ਹਨ ਜਦ ਹਾਲਾਤ ਕਾਬੂ ਤੋਂ ਬਾਹਰ ਹੋਣ ਲਗਦੇ ਹਨ ਫਿਰ ਸਰਕਾਰ ਵਿਰੁਧ ਚੀਕ ਚਿਹਾੜਾ ਸ਼ੁਰੂ ਕਰ ਦਿੰਦੇ ਹਨ

ਉਨ੍ਹਾਂ ਕਿਹਾ ਸਰਕਾਰ ਕਿਸੇ ਵੀ ਹਾਲਾਤ ਵਿਚ ਪੰਜਾਬ ਦੀ ਹਾਲਤ ਨੂੰ ਹੋਰ ਵੀ ਨਹੀਂ ਵਿਗੜਨ ਦੇਵੇਗੀ। ਜਿਹੜੇ ਲੋਕ ਹਾਲਤ ਖਰਾਬ ਕਰ ਰਹੇ ਹਨ ਉਨ੍ਹਾਂ ਵਿਰੁਧ ਸਖਤ ਕਦਮ ਚੁਕੇ ਜਾਣਗੇ।

## ਕਵਿਤਾ

### ਫਿਕਰ

**ਮੁਹਿੰਦਰ ਸੁਮਲ ਵੈਨਕੂਵਰ**

ਜਦੋਂ ਵੀ ਘਰ ਖਤ ਪਾਉਂਦਾ ਹਾਂ ਮੈਂ
ਇਹ ਲਫਜ਼ ਵਰ੍ਹਿਆਂ ਤੋਂ ਦੁਹਰਾਉਂਦਾ ਹਾਂ ਮੈਂ
ਫਿਕਰ ਨਾ ਕਰਿਓ ਸਭ ਠੀਕ ਹੈ
ਫਿਕਰ ਵੀ ਕਿਸ ਗੱਲ ਦਾ ?
ਫਿਕਰ ਤਾਂ ਉਸ ਧਰਤੀ ਤੇ ਨਾ ਹੋਵੇ
ਜਿੱਥੇ ਸੂਲਾਂ ਨਾ ਜੰਮਦੀਆਂ ਹੋਣ
ਪਿੰਜਰਿਆਂ ਦੇ ਦੇਸ਼ ਵਿਚ
ਚਿੜੀਆਂ ਨੂੰ ਫਿਕਰ ਕਰਨ ਦੀ ਕੀ ਲੋੜ
ਲੋਕ ਤਾਂ ਸਭ ਕਮਰਿਆਂ ਵਿਚ ਬੰਦ ਨੇ
ਕੌਣ ਆਇਆ ਕੌਣ ਚਲਾ ਗਿਆ
ਆਪੋ ਆਪਣੀ ਸੜ ਰਹੀ ਉਮਰ
ਦੇ ਸੇਕ ਨੂੰ ਮਹਿਸੂਸ ਕਰਦੇ ਹਨ
ਦੂਸਰੇ ਤੱਕ ਅੱਗ ਦਾ ਦਾਇਰਾ
ਜਾਣ ਨਹੀਂ ਦਿੰਦੇ
ਸਿਵਿਆਂ ਵਰਗੀ ਚੁੱਪ
ਹਰ ਫੈਕਟਰੀ ਵਿਚ ਵਰਤੀ ਹੈ
ਹਾਂ ਕੁੱਝ ਲੋਕ ਡੰਗਰਾਂ ਵਾਂਗ
ਬਾਹਰ ਸੜਕਾਂ ਤੇ ਘੁੰਮਦੇ ਹਨ
ਤੇ ਮੁੜ ਮੁੜਕੇ ਆਪਣੀਆਂ ਹੀ
ਪੈੜਾਂ ਮਿੱਧਦੇ ਹਨ
ਤੇ ਸੁਪਨਿਆਂ ਦੀ ਪੂੰਜੀ ਦਾ ਬੋਝ
ਚੁੱਕੀ ਫਿਰਦੇ ਹਨ।
ਹਾਂ ਜੇ ਕਿਸੇ ਨੂੰ ਫਿਕਰ ਹੈ ਤਾਂ ਦੇਸ
ਦੇ ਨੇਤਾਵਾਂ ਨੂੰ, ਕਿ ਕਿਸੇ ਦੀ
ਜਾਗ ਨਾ ਖੁਲ੍ਹ ਜਾਵੇ।

ਚਿੱਤ ਕਰਦੇ ਬੁੱਢੇ ਦਾ ਰਾਜ਼ੀ
ਉੱਤੇ ਲੈ ਕੇ ਲਾਲ ਡੋਰੀਆ

(ਪੰਨਾ 17 ਦੀ ਬਾਕੀ)

'ਸਫਰ' ਨਾਮੀ ਕਵਿਤਾ ਵਿਚ ਇਉਂ ਬਿਆਨ ਕਰਦਾ ਹੈ -

ਤੈਨੂੰ ਤੇਰੇ ਗੀਤ ਤੋਂ ਤਲਵਾਰ ਤਕਦਾ ਸਫਰ ਕਰਦੇ ਨੂੰ
ਪੂਰੇ ਦਸ ਜਨਮ ਲੱਗੇ ਸੀ
ਜਦੋਂ ਤੇਰੇ ਸਾਹਮਣੇ ਹੋਇਆ
ਮੈਂ ਤੇਰੇ ਸੂਰਜੀ ਚਿਹਰੇ ਦੀ ਧੁੱਪ ਵਿਚ
ਸ਼ਰਮਾ ਬੀ ਮੋਇਆ

ਸ਼ਿਵ ਨੇ ਜ਼ਿੰਦਗੀ ਦੇ ਆਖਰੀ ਪੜਾਅ ਵਿਚ ਨਿਕੀਆਂ ਨਿਕੀਆਂ ਪ੍ਰਭਾਵਸ਼ਾਲੀ ਕਵਿਤਾਵਾਂ ਲਿਖੀਆਂ। ਸੱਚ ਨੂੰ ਉਘਾੜਿਆ ਤੇ ਸੱਚ ਦਾ ਨਾਅਰਾ ਲਾਇਆ। ਨਿਜੀ ਪੀੜਾਂ ਪਰੁੱਚੀ ਕਵਿਤਾ ਚੋਂ ਨਿਕਲਕੇ ਉਹ ਧਰਤੀ ਦੀ ਗੱਲ ਕਰਨ ਲੱਗ ਪਿਆ ਜੋ ਅਮੀਰਾਂ ਦੀ ਹੋ ਬੈਠੀ ਹੈ। ਮਜ਼ਦੂਰ ਦੀ ਹਾਮੀ ਭਰਨ ਲੱਗ ਪਿਆ। ਮਹਿਲਾਂ ਨੂੰ ਫਟਕਾਰਨ ਤੇ ਝੁੱਗੀਆਂ ਨੂੰ ਸਲਾਹੁਣ ਲੱਗ ਪਿਆ। ਉਹਦੇ ਅੰਦਰ ਇਨਕਲਾਬੀ ਚਿਣਗ ਛੁੱਟ ਪਈ ਸੀ। 'ਲੁੱਚੀ ਧਰਤੀ' ਨਾਂ ਦੀ ਇਕ ਕਵਿਤਾ ਵਿਚ ਸ਼ਿਵ ਲਿਖਦਾ ਹੈ -

ਅੰਬਰ ਦਾ ਜਦ ਕੰਬਲ ਲੈ ਕੇ
ਧਰਤੀ ਕੋਲ ਸੀ ਸੁੱਤੀ।
ਮੈਨੂੰ ਧਰਤੀ ਲੁੱਚੀ ਜਾਪੀ
ਮੈਨੂੰ ਜਾਪੀ ਕੁੱਤੀ।
ਸਦਾ ਦੀ ਰਾਜ-ਘਰਾਂ ਸੰਗ ਸੁੱਤੀ
ਰਾਜ-ਘਰਾਂ ਸੰਗ ਉਠੀ
ਝੁਗੀਆਂ ਸੰਗ ਜਦੋਂ ਵੀ ਬੋਲੀ
ਬੋਲੀ ਸਦਾ ਹੀ ਰੁੱਖੀ।

ਇੰਗਲੈਂਡ ਤੋਂ ਪਰਤਣ ਤੋਂ ਬਾਅਦ ਦਿਨ-ਬ-ਦਿਨ ਜਿਗਰ ਦੀ ਬੀਮਾਰੀ ਸ਼ਿਵ ਨੂੰ ਚਰਦੀ ਜਾ ਰਹੀ ਸੀ। ਬੀਮਾਰੀ ਦੇ ਨਿਮਾਣੇ ਚਿੰਨ੍ਹ ਉਹਦੇ ਚੇਹਰੇ ਤੋਂ ਸਾਫ ਦਿਖਾਈ ਦੇਣ ਲੱਗ ਪਏ ਸਨ। ਜਦੋਂ ਉਹ ਬੀਮਾਰੀ ਦਾ ਜ਼ਿਕਰ ਦੋਸਤਾਂ ਕੋਲ ਜਾਂ ਲੋਕਾਂ ਕੋਲ ਕਰਦਾ ਤਾਂ ਲੋਕ ਉਸਦੀ ਬੀਮਾਰੀ ਪਾਖੰਡ ਸਮਝਦੇ। ਪਹਿਲਾਂ ਜੋ ਅਮੀਰਜ਼ਾਦੇ ਤੇ ਅਮੀਰਜ਼ਾਦੀਆਂ ਉਸਨੂੰ ਹੱਥਾਂ ਤੇ ਚੁਕੀ ਫਿਰਦੇ, ਪਾਣੀ ਦੀ ਥਾਂ ਵਿਸਕੀ ਪਿਲਾਂਦੇ ਅੰਤ ਸਮੇਂ ਸਭ ਮੁਖ ਮੋੜ ਗਏ। ਉਹ ਇਸੇ ਬੀਮਾਰੀ ਦੀ ਹਾਲਤ ਵਿਚ ਚੰਡੀਗੜ੍ਹ ਤੋਂ ਬਟਾਲੇ ਚਲਾ ਗਿਆ। ਲੋਕਾਂ ਅਫਵਾਹਾਂ ਫੈਲਾਈਆਂ ਕਿ ਸ਼ਿਵ ਹੋਸ਼ ਹਵਾਸ ਗਵਾ ਚੁਕਾ ਹੈ ਪਾਗਲਾਂ ਵਾਂਗ ਗੱਲਾਂ ਕਰਨ ਲੱਗ ਪਿਆ ਹੈ।

ਇਹਨਾ ਦਿਨਾਂ ਵਿਚ ਸ਼ਿਵ ਬਿਲਕੁਲ ਤਨਹਾ ਸੀ। ਕੋਈ ਮੌਸਮੀ ਹਮਦਰਦ ਜ਼ਖਮ ਤੇ ਫੂਕ ਮਾਰਨ ਵੀ ਨਹੀਂ ਸੀ ਆਉਂਦਾ। ਕੁਝ ਹਫਤੇ ਬਟਾਲੇ ਰਹਿਕੇ, ਉਹ ਆਪਣੇ ਸੌਹਰੇ ਪਿੰਡ ਮੰਗਿਆਲ ਚਲਾ ਗਿਆ। ਸਿਰ ਤੇ ਦਾੜ੍ਹੀ ਦੇ ਵਾਲ ਕਾਫੀ ਲੰਬੇ ਹੋ ਗਏ ਸਨ। ਬੀਮਾਰੀ ਨੇ ਥੋੜੀ ਦੇਰ ਵਿਚ ਹੀ ਉਸਨੂੰ ਝੰਬ ਸੁੱਟਿਆ ਤੇ ਅਖੀਰ 6 ਮਈ 1973 ਨੂੰ ਐਤਵਾਰ ਵਾਲੇ ਦਿਨ ਸ਼ਾਮ ਨੂੰ ਡਾਢੀ ਪੀੜ ਉਠੀ ਤੇ ਸਾਰੀ ਕਾਇਨਾਤ ਵਿਚ ਫੈਲ ਉਠੀ

ਇਸ਼ਕ ਨੂੰ ਸੁਗਾਤ ਜਿਹੜੀ ਪੀੜ ਸੈਂ ਤੂੰ ਦੇ ਗਇਓਂ
ਅੰਤ ਉਹੀਓ ਪੀੜ ਸ਼ਿਵ ਨੂੰ ਖਾਂਦੀ ਖਾਂਦੀ ਖਾ ਗਈ।

ਬਿਰਹਾ ਦਾ ਸੁਲਤਾਨ ਆਪਣੀ ਮੰਜ਼ਲ ਮਾਰਕੇ ਲੋਕਾਂ ਨੂੰ ਅਲਵਿਦਾ ਆਖ ਸਦਾ ਲਈ ਤੁਰ ਗਿਆ। ਸੁਲਗਦੇ ਆਖਰੀ ਸਾਹ ਨੇ ਜ਼ਿੰਦਗੀ ਦਾ ਦੀਵਾ ਗੁਲ ਕਰ ਦਿਤਾ।

**ਪਰੇਰਣਾ** ਤੋਂ ਬਿਨਾਂ ਸਹੀ ਸਿਰਜਣਾਤਮਕ ਕੰਮ ਨਹੀਂ ਹੋ ਸਕਦਾ। ਪਰ ਪਰੇਰਣਾ ਖ਼ੁਦ ਕੰਮ 'ਚੋਂ ਜਨਮ ਲੈਂਦੀ ਹੈ।





# ਸਵ੍ਰ ਸਾਗਰ ਰੇਡੀਓ ਪ੍ਰੋਗਰਾਮ




ਹਿੰਦੀ ਅਤੇ ਪੰਜਾਬੀ ਦਾ ਹਰਮਨ ਪਿਆਰਾ ਰੇਡੀਓ ਪ੍ਰੋਗਰਾਮ

**ਹਰ ਐਤਵਾਰ ਸਵੇਰੇ ਤੇ ਸ਼ਾਮ**

ਰੇਡੀਓ ਤੇ ਸੀ. ਜੇ. ਸੀ(CJJC 800 AM DIAL)

**Sunday Entertainment:**

**ਸਵ੍ਰ ਸਾਗਰ ਪ੍ਰੋਗਰਾਮ ਨੂੰ ਸੁਣਨੋ ਨਾ ਭੁਲੋ**

ਹਰ ਐਤਵਾਰ
**ਸ਼ਾਮ**
$7^{05}$ ਤੋਂ $8^{00}$

**SWAR ਹਰ ਐਤਵਾਰ SAGAR**

ਹਰ ਐਤਵਾਰ
**ਸਵੇਰੇ**
$10^{05}$ ਤੋਂ $11^{05}$

**ਹਿੰਦੀ ਅਤੇ ਪੰਜਾਬੀ ਦੇ ਹਰਮਨ ਪਿਆਰੇ ਰੇਡੀਓ ਪ੍ਰੋਗਰਾਮ ਨੂੰ ਸੁਣੋ**

ਇਹ ਪ੍ਰੋਗਰਾਮ ਤੁਸੀਂ ਗਰੇਟਰ ਵੈਨਕੂਵਰ, ਲੋਅਰ ਮੇਨ ਲੈਂਡ, ਵਿਕਟੋਰੀਆ, ਨਨਾਇਮੋਂ, ਡੰਕਨ, ਪੋਰਟ ਅਲਬਰਨੀ ਅਤੇ ਕੈਂਬਲ ਰਿਵਰ ਤਕ ਸੁਣ ਸਕਦੇ ਹੋ

ਵਪਾਰੀ ਵੀਰਾਂ ਲਈ ਵਪਾਰ ਵਿਚ ਵਾਧੇ ਲਈ ਰੇਡੀਓ ਪ੍ਰੋਗਰਾਮ ਵਿਚ ਇਸ਼ਤਿਹਾਰ ਦੇਣ ਲਈ ਫੋਨ ਕਰੋ:

**Producer : Manjit Virdi**

**PH: 434-8786 ਜਾਂ 253-7596** **24 Hrs Pager 9090**

# ਸਿੰਘ ਸਾਹਿਬ ਦੀ ਸ਼ਹਾਦਤ (ਨਾਵਲ)

**ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ(ਪਿੰਡ ਖੁਰਦਪੁਰ,ਜ਼ਿਲਾ ਜਲੰਧਰ) .ਖਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਵੈਨਕੂਵਰ, ਕੈਨਡਾ ਦੀ ਜੀਵਨ ਗਾਥਾ।**

(ਲੜੀਵਾਰ)

**ਕਿਸ਼ਤ ਤੇਰ੍ਹਵੀਂ**

**ਕੇਸਰ ਸਿੰਘ ਨਾਵਲਿਸਟ**

**ਕਾਂਡ 27**



ਜਦ ਚੰਦਾ ਸਿੰਘ ਨੂੰ ਪਤਾ ਲੱਗਾ ਕਿ ਭਾਈ ਬਲਵੰਤ ਸਿੰਘ ਹੋਰੀਂ ਕੈਨੇਡਾ ਦੇ ਗੁਰਦੁਆਰੇ ਵਿਚ ਗ੍ਰੰਥੀ ਦੀ ਸੇਵਾ ਕਰਦੇ ਸਨ ਤਾਂ ਉਹ ਭਾਈ ਸਾਹਬ ਵਿਚੋਂ ਭਾਈ ਭਗਵਾਨ ਸਿੰਘ ਨੂੰ ਲੱਭਣ ਲੱਗ ਪਿਆ। ਉਸਨੇ ਪਹਿਲਾ ਸੁਆਲ ਕੀਤਾ —"ਤੁਸੀਂ ਭਾਈ ਭਗਵਾਨ ਸਿੰਘ ਨੂੰ ਜਾਣਦੇ ਓ ! ਭਲਾ ਜਿਹਾ ਪਿੰਡ ਐ ਉਹਦਾ ਅੰਬਰਸਰ ਜ਼ਿਲੇ ਵਿਚ ।"

"ਵਿਣਗ ।" ਭਾਈ ਸਾਹਬ ਨੇ ਉਤਰ ਦਿਤਾ ।

"ਫੇਰ ਤਾਂ ਤੁਸੀਂ ਜ਼ਰੂਰ ਜਾਣਦੇ ਓ ਭਾਈ ਸਾਹਬ ਨੂੰ । ਕੀ ਹਾਲ ਐ ਉਹਦਾ ? ਕਿਥੇ ਐ ਅੱਜ ਕਲ ?"

"ਠੀਕ ਠਾਕ ਹਨ । ਚਕਰਵਰਤੀ ਰਹਿੰਦੇ ਹਨ ।"

"ਸੁਣਿਐ ਫਰੰਗੀਆਂ ਨੇ ਉਹਦੀਆਂ ਮੁਸ਼ਕਾਂ ਬੰਨ ਕੇ ਉਹਨੂੰ ਮੋੜ ਦਿਤਾ ਸੀ ।"

ਭਾਈ ਸਾਹਬ ਨੇ ਭਗਵਾਨ ਸਿੰਘ ਦੇ ਹਾਂਗਕਾਂਗ ਤੋਂ ਕੈਨੇਡਾ ਜਾਣ ਤੇ ਕੈਨੇਡਾ ਤੋਂ ਕੱਢੇ ਜਾਣ ਦੀ ਸਾਰੀ ਕਹਾਣੀ ਥੋੜੇ ਹੀ ਸ਼ਬਦਾਂ ਵਿਚ ਦਸ ਕੇ ਕਿਹਾ—"ਚੰਦਾ ਸਿੰਘ ਜੀ ! ਹੁਣ ਤਾਂ "ਗਗਨ ਦਮਾਮਾ ਬਾਜਿਓ ਪਰਿਓ ਨਿਸ਼ਾਨੇ ਘਾਉ । ਖੇਤ ਜੁ ਮਾਂਡਿਓ ਸੂਰਮਾ ਅਬ ਜੂਝਨ ਕਉ ਦਾਉ ।" ਵਾਲੀ ਗੱਲ ਹੈ। ਭਾਈ ਸਾਹਬ ਹੋਰੀਂ ਅੱਜ ਕਲ ਗ਼ਦਰ ਪਾਰਟੀ ਦੇ ਪ੍ਰਧਾਨ ਹਨ। ਉਹ ਸਾਰੇ ਦੇਸ਼ਾਂ ਵਿਚ ਫਿਰ ਤੁਰ ਕੇ ਕੰਮ ਕਰਦੇ ਹਨ । ਇਕ ਥਾਂ ਨਹੀਂ ਰਹਿੰਦੇ। ਉਹਨਾਂ ਦੇ ਜ਼ਿੰਮੇ ਵੱਡੇ ਵੱਡੇ ਕੰਮ ਹਨ । ਮਾਇਆ ਇਕੱਤਰ ਕਰਨੀ । ਹਥਿਆਰ ਖਰੀਦਣੇ । ਜਰਮਨਾਂ ਨਾਲ ਮੇਲ ਜੋਲ ਰੱਖਣਾ ਤੇ ਪਾਰਟੀ ਦੇ ਹੋਰ ਸਾਰੇ ਕੰਮ ਉਹਨਾਂ ਦੇ ਜ਼ਿੰਮੇ ਹਨ ।

ਚੰਦਾ ਸਿੰਘ, ਭਾਈ ਸਾਹਬ ਦੇ ਮੂੰਹ ਵੱਲ ਦੇਖ ਰਿਹਾ ਸੀ । ਦੋਹਾਂ ਦੀਆਂ ਅੱਖਾਂ ਮਿਲੀਆਂ । ਭਾਈ ਸਾਹਬ ਨੇ ਦੱਸਿਆ—"ਚੰਦਾ ਸਿੰਘ ਜੀ ! ਭਾਈ ਭਗਵਾਨ ਸਿੰਘ ਹੋਰੀਂ ਮਿਲੇ ਸਨ । ਉਹਨਾਂ ਨੂੰ ਪਤਾ ਸੀ ਕਿ ਤੁਸੀਂ ਦੱਖਣੀ ਸਿਆਮ ਵਿਚ 'ਯਾਲੇ' ਰਹਿੰਦੇ ਹੋ । ਉਹਨਾਂ ਨੇ ਹੀ ਤੁਹਾਨੂੰ ਮਿਲਕੇ ਨਾਲ ਰਲਾਉਣ ਦੀ ਪੱਕੀ ਕੀਤੀ ਸੀ ।"

"ਮੈਨੂੰ ਤਾਂ ਭਾਈ ਦੇ ਟਿਕਾਣੇ ਦਾ ਕੋਈ ਪਤਾ ਨਹੀਂ । ਉਹਨੂੰ ਮੇਰੇ ਟਿਕਾਣੇ ਦਾ ਕਿਵੇਂ ਪਤੈ ? ਜਦੋਂ ਉਹ ਹਾਂਗਕਾਂਗ ਗਿਆ ਸੀ ਮੈਂ ਪਿਲਾਂਗ ਰਹਿੰਦਾ ਸਾਂ ।"

"ਭਾਈ ਹੋਰਾਂ ਤਾਂ ਇਹ ਵੀ ਦਸਿਆ ਸੀ ਕਿ ਤੁਹਾਨੂੰ 'ਗ਼ਦਰ' ਅਖਬਾਰ ਪਹੁੰਚਦਾ ਹੋਣਾ ਹੈ ।"

"ਨਹੀਂ ਮੈਨੂੰ ਤਾਂ ਨਹੀਂ ਪਹੁੰਚਦਾ । ਸ਼ੇਰ ਸਿਹੁੰ ਦੋ ਵਾਰੀ ਕਿਧਰੋਂ ਲਿਆਇਐ ।"

ਭਾਈ ਸਾਹਬ ਸੋਚਣ ਲੱਗੇ ਕਿ ਇਹ ਸ਼ੇਰ ਸਿੰਘ ਕੌਣ ਹੋ ਸਕਦਾ ਹੈ। ਉਨਾਂ ਪੁਛਿਆ—"ਚੰਦਾ ਸਿੰਘ ਜੀ ! ਸ਼ੇਰ ਸਿੰਘ ਹੋਰੀਂ ਕਿੱਥੇ ਮਿਲਣਗੇ ? ਤੁਸੀਂ ਉਹਨਾਂ ਨੂੰ ਕਦੋਂ ਦੇ ਜਾਣਦੇ ਹੋ ?"

"ਜੀ ! ਅਹੁ ਜਿਹੜੇ ਬੰਦੇ ਅੰਦਰ ਸੁੱਤੇ ਪਏ ਐ, ਉਹਨਾਂ 'ਚ ਸ਼ੇਰ ਸਿਹੁੰ ਵੀ ਸੁੱਤਾ ਪਿਐ । ਪਹਿਲੋਂ ਹੋਰ ਕਿਧਰੇ ਰਹਿੰਦਾ ਹੋਣੈ । ਏਧਰ ਤਾਂ ਪੰਜ ਛੇ ਮਹੀਨਿਆਂ ਤੋਂ ਹੀ ਫੇਰੀ ਕਰਨ ਲਗੈ। ਚੰਗਾ ਪੜ੍ਹਿਆ ਲਿਖਿਆ ਜਾਪਦੈ ?"

ਸ਼ੇਰ ਸਿੰਘ ਨੂੰ ਮਿਲਣ ਤੇ ਜਾਣਨ ਲਈ ਭਾਈ ਸਾਹਬ ਦਾ ਮਨ ਉਤਾਵਲਾ ਹੋ ਉਠਿਆ ਪਰ ਉਨ੍ਹਾਂ ਸੁੱਤੇ ਪਏ ਨੂੰ ਉਠਾਉਣਾ ਯੋਗ ਨਾ ਸਮਝਿਆ । ਉਨ੍ਹਾਂ ਪੁਛਿਆ—"ਇਹ ਉਹੋ ਸੱਜਣ ਤਾਂ ਨਹੀਂ ਜੋ ਸਾਨੂੰ ਗੱਡੀ ਤੋਂ ਤੁਹਾਡੇ ਡੇਰੇ ਛੱਡਣ ਆਇਆ ਹੈ ।"

ਉਹ ਤਾਂ ਮੱਖਣ ਸਿਹੁੰ ਐ । ਉਹਨੇ ਅਗਲੇ ਸ਼ਹਿਰ "ਹਟਯਾਈ" ਬਜਾਜੀ ਲੈਣ ਜਾਣਾ ਸੀ। ਗੱਪਾਂ ਸ਼ੱਪਾਂ ਮਾਰਨ ਲਈ ਅਟਕ ਗਿਐ। ਸਵੇਰ ਦੀ ਗੱਡੀ ਚਲਾ ਜਾਊ । ਉਂਜ ਉਹ ਵੀ ਪੰਜਾਂ ਛਿਆਂ ਮਹੀਨਿਆਂ ਦਾ ਹੀ ਏਧਰ ਫੇਰੀ ਕਰਨ ਲਗੈ। ਕਹਿੰਦੇ ਪਹਿਲੋਂ ਉਹ ਤੇ ਸ਼ੇਰ ਸਿਹੁੰ ਦੋਵੇਂ ਬੰਕੋਕ ਦੇ ਆਲੇ ਦੁਆਲੇ ਫੇਰੀ ਦਾ ਕੰਮ ਕਰਦੇ ਸੀ ।"

ਭਾਈ ਸਾਹਬ ਸੋਚਣ ਲੱਗੇ ਕਿ ਸ਼ੇਰ ਸਿੰਘ ਤੇ ਮੱਖਣ ਸਿੰਘ ਸ਼ਾਇਦ, ਸੇਠ ਬੁੱਢਾ ਸਿੰਘ ਦੇ ਭਰੋਸੇ ਵਾਲੇ ਵਪਾਰੀ ਹੋਣ । ਉਹਨਾਂ ਪੁਛਿਆ—"ਤੁਸੀਂ ਕਦੇ ਸੇਠ ਬੁੱਢਾ ਸਿੰਘ ਨੂੰ ਮਿਲੇ ਹੋ ?"

"ਜੀ ਮੈਂ ਤਾਂ ਅਜੇ ਬੰਕੋਕ ਗਿਆ ਹੀ ਨਹੀਂ । ਉਹਨਾਂ ਦੀ ਸੋਭਾ ਬਹੁਤ ਸੁਣੀ ਐ। ਸ਼ੇਰ ਸਿਹੁੰ ਤੇ ਮੱਖਣ ਸਿਹੁੰ ਦਸਦੇ ਐ ਕਿ ਪਹਿਲੀ ਵਾਰੀ ਫੇਰੀ ਕਰਨ ਲੱਗਿਆ ਉਹਨਾਂ ਸੇਠ ਜੀ ਦੀ ਦੁਕਾਨ ਤੋਂ ਹੀ ਬਜਾਜੀ ਹੁਦਾਰੀ ਲਈ ਸੀ।"

ਮੱਖਣ ਸਿੰਘ ਨੇ, ਗੱਡੀ ਚੜ੍ਹਨ ਤੋਂ ਲੈ ਕੇ ਚੰਦਾ ਸਿੰਘ ਦੇ ਡੇਰੇ ਪਹੁੰਚਾਣ ਤੱਕ, ਉਨ੍ਹਾਂ ਨੂੰ ਕੋਈ ਸੁਆਲ ਨਹੀਂ ਸੀ ਪੁਛਿਆ। ਉਸ ਨੇ ਉਨ੍ਹਾਂ ਨੂੰ ਨਹੀਂ ਸੀ ਪੁਛਿਆ ਕਿ ਤੁਸੀਂ ਕੌਣ ਹੋ ਤੁਹਾਡੇ ਨਾਂ ਕੀ ਹਨ ਤੇ ਕਿੱਥੋਂ ਆਏ ਹੋ। ਇਸ ਗੱਲ ਦਾ ਧਿਆਨ ਕਰਕੇ ਭਾਈ ਸਾਹਬ ਸੋਚਣ ਲੱਗੇ ਕਿ ਮੱਖਣ ਸਿੰਘ ਨਾਲ ਵੀ ਗੱਲ ਕਰਨੀ ਚਾਹੀਦੀ ਹੈ ।

ਨਾਜਰ ਸਿੰਘ ਸਭ ਤੋਂ ਪਹਿਲੋਂ ਸੌਂ ਗਿਆ ਸੀ । ਡੇਰੇ ਵਿਚ ਰੁਕੇ ਹੋਏ ਵਪਾਰੀ ਵੀ ਸੌਂ ਗਏ ਸਨ। ਅੱਧੀ ਰਾਤ ਹੋਣ ਦੇ ਨੇੜੇ ਸੀ ਭਾਈ ਸਾਹਬ ਤੇ ਚੰਦਾ ਸਿੰਘ, ਦੋਵੇਂ ਬਰਾਂਡੇ ਵਿਚ ਕੈਨਵਸ ਦੀਆਂ ਆਰਾਮ ਕੁਰਸੀਆਂ ਉਤੇ ਬੈਠੇ ਗੱਲਾਂ ਕਰ ਰਹੇ ਸਨ। ਚੰਦਾ ਸਿੰਘ ਅਚਾਨਕ ਉਠ ਕੇ, ਕੁੱਝ ਕਦਮ ਅੱਗੇ ਵਧ ਕੇ ਵੇਖਿਆ ਤੇ ਕਿਹਾ—"ਸਿੰਘ ਸਾਹਿਬ । ਖਬਰਦਾਰ ਹੋ ਜਾਓ । ਕੋਈ ਬੰਦਾ ਸਾਡੇ ਵੱਲ ਆ ਰਿਹੈ । ਅੱਧੀ ਰਾਤੀਂ ਏਧਰ ਔਣ ਦਾ ਕਿਸੇ ਦਾ ਕੀ ਕੰਮ ?" ਕਹਿ ਕੇ ਉਸਨੇ ਆਪਣੇ ਲੰਮੇ ਕੋਟ ਵਿਚੋਂ ਰੀਵਾਲਵਰ ਕੱਢ ਕੇ ਆਪਣੇ ਸੱਜੇ ਹੱਥ ਵਿਚ ਫੜ ਲਿਆ । ਜਦ ਉਹ ਬੰਦਾ ਹੋਰ ਨੇੜੇ ਢੁਕਿਆ ਤਾਂ ਖੱਬੇ ਹੱਥ ਵਿਚ ਟਾਰਚ ਵੱਢ ਕੇ ਉਸ ਨੇ ਬਖਸ਼ੀਸ਼ ਸਿੰਘ ਨੂੰ ਪਛਾਣ ਕੇ ਪੁਛਿਆ—ਅੱਧੀ ਰਾਤੀਂ ਕੀ "ਭਾਜੜ ਪਈ ਐ ਤੈਨੂੰ ।"

ਉਸ ਨੇ ਨੇੜੇ ਢੁਕਦਿਆਂ ਉਤਰ ਦਿਤਾ—"ਦੱਸਦਾਂ" ਤੇ ਨਾਲ ਹੀ ਫਤਹ ਬੁਲਾ ਕੇ ਭਾਈ ਚੰਦਾ ਸਿੰਘ ਦੇ ਸਾਹਮਣੇ ਜਾ ਰੁਕਿਆ। ਉਸ ਨੇ ਭਾਈ ਬਲਵੰਤ ਸਿੰਘ ਵੱਲ ਭਰਪੂਰ ਨਜ਼ਰ ਸੁਟ ਕੇ ਦਸਿਆ—"ਮੈਂ ਕੋਤਾਭਾਰੂ ਗਿਆ ਹੋਇਆ ਸਾਂ। ਜਦ ਸ਼ਾਮ ਦੀ ਗੱਡੀ ਵਾਪਸ ਮੁੜਨ ਲੱਗਾ ਤਾਂ ਕੀ ਦੇਖਾਂ ਕਿ ਦੋ ਪੁਲਸੀਏ ਹਰਲ ਹਰਲ ਕਰਦੇ ਫਿਰਨ । ਪਠਾਣ ਠੇਕੇਦਾਰ ਉਹਨਾਂ ਨਾਲ । ਉਹਨੇ ਅੱਜ ਬੜਾ ਰੂਪ ਬਦਲਿਆ ਹੋਇਆ ਸੀ । ਅਸੀਂ ਤਾਂ ਉਹਨੂੰ ਚੰਗਾ ਪਠਾਣ ਸਮਝਦੇ ਰਹੇ ਆਂ । ਪੁਲਸੀਆਂ ਨਾਲ ਫਿਰਦਾ ਸੀ । ਉਹਨਾਂ ਨਾਲ ਹੱਸ ਹੱਸ ਗੱਲਾਂ ਕਰਦਾ ਸੀ । ਮੈਨੂੰ ਬੜਾ ਬੁਰਾ ਲਗਾ । ਮੈਂ ਜਾਣ ਬੁਝ ਕੇ ਉਹਨੂੰ ਨਾਹ ਬੁਲਾਇਆ । ਉਹਨੇ ਮੱਲੋ ਮੱਲੀ ਮੇਰਾ ਹੱਥ ਆ ਫੜਿਆ । ਮੇਰੀ ਤਲੀ ਵਿਚ ਇਕ ਉਂਗਲੀ ਨਾਲ ਖੁਰਕਣ ਲੱਗ ਪਿਆ । ਮੈਨੂੰ ਵਿਹੁ ਚੜ੍ਹ ਗਈ। ਮੈਂ ਹੱਥ ਛੁਡਾ ਕੇ ਗੱਡੀ ਚੜ੍ਹ ਆਇਆ । ਮੈਂ ਸੁੱਧੇ ਗੋਲੋਕ ਰੁਕ ਕੇ ਘਰ ਜਾਣਾ ਸੀ । ਉਥੇ ਮੈਨੂੰ ਪਤਾ ਲੱਗਾ ਕਿ ਦੋ ਓਪਰੇ ਓਪਰੇ ਸਿਖ ਹੱਦ ਟੱਪ ਕੇ ਆਏ ਐ । ਮੈਂ ਸੋਚਿਆ ਕਿਧਰੇ ਮੈਨੂੰ ਹੀ ਨਾ ਲੱਭਦੇ ਹੋਣ । ਮੈਂ ਘਰ ਗਿਆ ਤਾਂ ਕੁਝ ਪਤਾ ਨਾ ਲੱਗਾ । ਮੈਂ ਸੋਚਿਆ ਕਿ ਤੁਹਾਨੂੰ ਪਤਾ ਦਿਆਂ ।"

ਉਸਨੇ ਭਾਈ ਸਾਹਬ ਵੱਲ ਤੱਕ ਕੇ ਕਿਹਾ—"ਉਹ ਤਾਂ ਦੋ ਬੰਦੇ ਦੱਸਦੇ ਸੀ ।"

ਚੰਦਾ ਸਿੰਘ ਨੇ ਉਤਰ ਦਿਤਾ—"ਠਾਕਰ ਸਿਹੁੰ ਸੁੱਤਾ ਪਿਐ। ਚੰਦਾ ਸਿੰਘ ਨੇ ਇਕ ਹੋਰ ਕੁਰਸੀ ਨੇੜੇ ਕਰਕੇ ਬਖਸ਼ੀਸ਼ ਸਿੰਘ ਨੂੰ ਬਹਿ ਜਾਣ ਦਾ ਇਸ਼ਾਰਾ ਕੀਤਾ ।

ਭਾਈ ਸਾਹਬ ਨੇ ਕਿਹਾ—"ਭਾਈ ਬਖਸ਼ੀਸ਼ ਸਿੰਘ ਜੀ । ਅਸੀਂ ਤੁਹਾਨੂੰ ਜ਼ਰੂਰ ਮਿਲਣਾ ਸੀ । ਗੱਡੀ ਮਿਲ ਗਈ । ਅਸੀਂ ਏਥੇ ਆ ਗਏ ।" ਭਾਈ ਸਾਹਬ ਨੇ ਜ਼ਰਾ ਰੁਕ ਕੇ ਪੁਛਿਆ "ਪਠਾਣ ਠੇਕੇਦਾਰ ਨੇ ਕੋਟ-ਪਤਲੂਨ ਪਾਈ ਹੋਈ ਸੀ ?"

"ਉਹਨੇ ਕਦੇ ਕੋਟ-ਪਤਲੂਨ ਨਹੀਂ ਪਾਇਆ। ਸਹੁਰਾ ਸਿਰੋਂ ਵੀ ਨੰਗਾ ਪਠਾਣ ਲੱਗੇ ਈ ਨਾ। ਉਹਨੂੰ ਵੇਖ ਕੇ ਮੇਰਾ ਅੰਦਰਲਾ ਹੱਸੇ ਪਰ ਮੂੰਹੋਂ ਹਾਸਾ ਨਾ ਨਿਕਲੇ ।" ਕਹਿ ਕੇ ਬਖਸ਼ੀਸ਼ ਸਿੰਘ ਹੱਸ ਪਿਆ ।

"ਤੁਸੀਂ ਕਿਹੈ ਕਿ ਉਸ ਨੇ ਤੁਹਾਡੇ ਨਾਲ ਹੱਥ ਮਿਲਾ ਕੇ ਤੁਹਾਡੀ ਤਲੀ ਵਿਚ ਖੁਰਕਿਐ ।"

"ਜੀ ਹਾਂ ! ਮੈਨੂੰ ਬੜੀ ਵਿਹੁ ਚੜ੍ਹੀ। ਉਹਨੇ ਪਹਿਲੋਂ ਏਦਾਂ ਕਦੇ ਨਹੀਂ ਕੀਤਾ ।"

"ਉਸਦੇ ਨਾਲ ਕੋਈ ਹੋਰ ਵੀ ਸੀ ਕਿ ਉਹ ਇਕੱਲਾ ਹੀ ਸੀ ?"

"ਦੋ ਹੋਰ ਬੰਦੇ ਉਹਦੇ ਲਾਗੇ ਈ ਖੜੇ ਸਨ । ਪਤਾ ਨਹੀਂ ਉਹ ਉਹਦੇ ਨਾਲ ਸਨ ਜਾਂ ਅੱਡ ਸਨ ।"

"ਕਿਹੋ ਜਿਹੇ ਬੰਦੇ ਸਨ ਉਹ ?"

"ਇਕ ਸਿੱਖ ਤੇ ਦੂਜਾ ਪਠਾਣ ।"

"ਉਸ ਸਿੱਖ ਦੀ ਦਾੜ੍ਹੀ ਬਿਲਕੁਲ ਕੁਤਰੀ ਹੋਈ ਸੀ ?"

"ਠੀਕ ! ਬਿਲਕੁਲ ਠੀਕ ! ਹੇਠਾਂ ਪਤਲੂਨ ਤੇ ਉਤੇ ਸ਼ੇਰਵਾਨੀ ।

ਭਾਈ ਸਾਹਬ ਨੇ ਦਸਿਆ—"ਉਸ ਨਵਾਂ ਨਵਾਂ ਸਿੱਖੀ ਰੂਪ ਧਾਰਨ ਕੀਤਾ ਹੈ, ਝੂਠਾ ਮੂਠਾ । ਉਹ ਹੁਣੇ ਹੁਣੇ ਦੇਸੋਂ ਆਇਆ ਦਸੀਦਾ ਹੈ। ਖੁਫੀਆ ਪੁਲਸ ਦਾ ਕੋਈ ਵੱਡਾ ਅਫਸਰ ਹੋਣਾ ਹੈ ।" "ਫੇਰ ਤਾਂ ਉਹ ਤੁਹਾਡਾ ਪਿੱਛਾ ਕਰਦੇ ਹੋਣਗੇ ।" ਚੰਦਾ ਸਿੰਘ ਨੇ ਪੁਛਿਆ ।

"ਅਮਾਨ ਉਲਾ ਪਠਾਣ ਸਾਨੂੰ ਹੱਦ ਟਪਾ ਕੇ ਗਿਆ ਹੈ । ਸਾਡੇ ਕਾਰਨ ਹੀ ਉਸ ਨੇ ਨਵਾਂ ਰੂਪ ਧਾਰਿਆ ਸੀ । ਉਹਦੇ ਨਾਲ ਦਾ ਦੂਜਾ ਪਠਾਣ ਗਫੂਰ ਉਸਦਾ ਸਾਲਾ ਹੈ ਜੋ ਸਿੰਘਾਪੁਰ ਖੁਫੀਆ ਪੁਲਸ ਵਿਚ ਹੈ । ਸਾਡਾ ਪਿੱਛਾ ਕਰ ਰਹੇ ਹੋਣਗੇ ।

ਕੁਝ ਰੁਕ ਕੇ ਭਾਈ ਸਾਹਬ ਨੇ ਪੁਛਿਆ—"ਬਖਸ਼ੀਸ਼ ਸਿੰਘ ਜੀ ! ਕੋਈ ਹੋਰ ਸਿੱਖ ਨੌਜਵਾਨ ਵੀ ਪਠਾਣ ਦੇ ਨਾਲ ਸੀ ?

"ਨਹੀਂ ! ਉਸ ਵੇਲੇ ਹੋਰ ਕੋਈ ਸਿੱਖ ਸਟੇਸ਼ਨ ਉਤੇ ਨਹੀਂ ਸੀ ।"

"ਤੁਹਾਨੂੰ ਸਾਰੀ ਗੱਲ ਦੱਸ ਦੇਣੀ ਠੀਕ ਰਹੇਗੀ ਕਿਉਂਕਿ ਅਸੀਂ ਤਾਂ ਅੱਗੇ ਤੁਰ ਜਾਣਾ ਹੈ । ਅਸੀਂ ਕੋਤਾਭਾਰੂ ਨੱਥਾ ਸਿੰਘ ਦੇ ਘਰ ਰਾਤ ਰਹੇ। ਨੱਥਾ ਸਿੰਘ ਨੂੰ ਕੋਈ ਪਤਾ ਨਹੀਂ ਸੀ ਕਿ ਅਸੀਂ ਕੀ ਕਰਦੇ ਫਿਰਦੇ ਹਾਂ । ਉਸਦੇ ਘਰ ਜਾਣ ਤੋਂ ਪਹਿਲਾਂ ਸਾਨੂੰ ਪਠਾਣ ਮਿਲ ਪਿਆ ਸੀ । ਉਹ ਦੋਵੇਂ ਇਕ ਦੂਜੇ ਦੇ ਮਿੱਤਰ ਸਨ । ਅਸਾਂ ਪਠਾਣ ਨੂੰ ਕੁਝ ਨਹੀਂ ਦੱਸਿਆ ਪਰ ਉਸਨੂੰ ਡੱਕਾ ਡੱਕਾ ਪਤਾ ਸੀ ਕਿ ਕੀ ਕਰਦੇ ਫਿਰਦੇ ਹਾਂ । ਉਹ ਆਪਣੇ ਆਪ ਸਭ ਕੁਝ ਤਾੜ ਗਿਆ ।"

"ਪਠਾਣ ਤੇ ਨੱਥਾ ਸਿੰਘ ਸਾਨੂੰ ਹੱਦ ਟਪਾ ਕੇ ਗਏ ਸਨ । ਜਾਪਦਾ ਹੈ ਕਿ ਨੱਥਾ ਸਿੰਘ ਤਾਂ ਆਪਣੇ ਘਰ ਚਲਾ ਗਿਆ ਹੋਣਾ ਹੈ ਪਰ ਜਦ ਪਠਾਣ ਘਰ ਗਿਆ ਹੋਵੇਗਾ—ਤਾਂ ਅੱਗੇ ਉਸਦਾ ਸਾਲਾ ਗਫੂਰ ਬੈਠਾ ਹੋਵੇਗਾ ਕਿਉਂਕਿ ਗਫੂਰ ਨੇ ਸ਼ਾਹ ਵੇਲਾ ਉਸਦੇ ਘਰ ਕਰਨਾ ਸੀ । ਹੋ ਸਕਦਾ ਹੈ ਕਿ ਉਸਨੂੰ ਪਤਿਆਉਣ ਲਈ ਉਹ ਵੀ ਉਨ੍ਹਾਂ ਦੇ ਨਾਲ ਸਟੇਸ਼ਨ ਉਤੇ ਜਾ ਪਹੁੰਚਿਆ ਹੋਵੇ।

ਭਾਈ ਸਾਹਬ ਨੇ ਬਖਸ਼ੀਸ਼ ਸਿੰਘ ਨੂੰ ਸੰਬੋਧਨ ਕਰਦਿਆਂ ਦੱਸਿਆ—"ਤੁਹਾਡੀ ਤਲੀ ਵਿਚ ਖੁਰਕ ਕੇ ਉਹ ਤੁਹਾਨੂੰ ਦੱਸਣਾ ਚਾਹੁੰਦਾ ਹੋਵੇਗਾ ਕਿ ਸਭ ਠੀਕ ਠਾਕ ਹੈ ਕਿਉਂਕਿ ਉਹ ਜਾਣਦਾ ਹੋਵੇਗਾ ਕਿ ਅਸੀਂ ਹੱਦ ਟੱਪ ਕੇ ਤੁਹਾਨੂੰ ਹੀ ਮਿਲਾਂਗੇ ।"

"ਫੇਰ ਤਾਂ ਪਠਾਣ ਬੜਾ ਨਰ ਨਿਕਲਿਐ ।" ਬਖਸ਼ੀਸ਼ ਸਿੰਘ ਨੇ ਕਿਹਾ।

"ਪਠਾਣ ਬੜਾ ਚਤਰ ਐ । ਐਵੇਂ ਤਾਂ ਨਹੀਂ ਠੇਕੇਦਾਰੀ ਲਈ ਬੈਠਾ ਪਰ ਉਸ ਨੂੰ ਡਾਲੇ ਕਮਾਉਣ ਤੋਂ ਬਿਨਾਂ ਹੋਰ ਕੋਈ ਸੂਝ ਬੂਝ ਨਹੀਂ ।"

"ਭਾਈ ਚੰਦਾ ਸਿੰਘ ਜੀ। ਤੁਸੀਂ ਠੀਕ ਕਹਿੰਦੇ ਹੋ ਪਰ ਉਸ ਨੂੰ ਸਭ ਪਤਾ ਹੈ ਕਿ ਸਿੱਖ ਅੰਗਰੇਜ਼ਾਂ ਦੀਆਂ ਦੇਸੀ ਫੌਜਾਂ ਵਿਗਾੜਦੇ ਫਿਰਦੇ ਹਨ । ਨਾਲੇ ਉਸਨੂੰ ਇਹ ਵੀ ਪਤਾ ਹੈ ਕਿ ਤੁਰਕੀ ਤੇ ਅੰਗਰੇਜ਼ਾਂ ਦੀ ਜੰਗ ਹੋ ਰਹੀ ਹੈ। ਉਹ ਤੁਰਕੀ ਦੇ ਹੱਕ ਵਿਚ ਤੇ ਅੰਗਰੇਜ਼ਾਂ ਦੇ ਖਿਲਾਫ ਗੱਲਾਂ ਕਰਦਾ ਹੈ । ਇਕ ਵੱਡੀ ਗੱਲ ਇਹ ਕਿ ਬਿਨਾਂ ਕਿਸੇ ਲਾਲਚ ਆਪਣੇ ਆਪ ਨੂੰ ਖਤਰੇ ਵਿਚ ਪਾਕੇ, ਸਾਨੂੰ ਹੱਦ ਟਪਾ ਕੇ ਗਿਆ ਹੈ । ਨਾਲੇ ਆਪਣੇ ਸਾਲੇ ਗਫੂਰ ਨੂੰ ਹਜ਼ਾਰ ਹਜ਼ਾਰ ਗਾਲ੍ਹ ਕੱਢਦਾ ਹੈ। ਉਹ ਨਾਦਰਖਾਨ ਨੂੰ ਵੀ ਜਾਣਦਾ ਹੈ ਜੋ ਸਿੰਘਾਪੁਰ ਦੀ ਗੁਫੀਆ ਪੁਲਸ ਵਿਚ ਇਨਸਪੈਕਟਰ ਹੈ । ਉਹ ਉਸਨੂੰ ਹਰਾਮ ਤੁਖਮ ਤੇ ਖਰ-ਤੁਖਮ ਕਹਿੰਦਾ ਨਹੀਂ ਥੱਕਦਾ ।" ਕਹਿਕੇ ਭਾਈ ਸਾਹਬ ਮੁਸਕਰਾ ਪਏ ।

"ਫੇਰ ਤਾਂ ਆਪਣੇ ਕੰਮ ਆ ਸਕਦੈ ।" ਚੰਦਾ ਸਿੰਘ ਨੇ ਤਜਵੀਜ਼ ਕੀਤੀ ।

"ਉਸਦੇ ਦਿਲ ਅੰਦਰ ਨੇਕੀ ਦਾ ਬੀਜ ਉਗਿਆ ਹੋਇਆ ਹੈ ਕੇਵਲ ਸਿੰਜਣ ਦੀ ਲੋੜ ਹੈ ।"

ਭਾਈ ਸਾਹਬ ਦੀ ਗੱਲ ਸੁਣਕੇ ਚੰਦਾ ਸਿੰਘ ਨੇ ਹੁੰਗਾਰਾ ਦਿਤਾ—"ਬਿਲਕੁਲ ਠੀਕ ਐ, ਬਿਲਕੁਲ ਠੀਕ ।"

"ਸਿੰਘਾਪੁਰ ਸਾਡਾ ਇਕ ਪੱਕਾ ਮਿੱਤਰ ਹੈ ਬਖਤੌਰ ਸਿੰਘ । ਉਹ ਨੱਥਾ ਸਿੰਘ ਦਾ ਭਾਈਬੰਦ ਹੈ। ਨੱਥਾ ਸਿੰਘ ਬਹੁਤ ਕੱਚਾ ਹੈ ਪਰ ਉਸ ਨੂੰ ਵੀ ਆਪਣੇ ਪਾਸੇ ਢਾਲਿਆ ਜਾ ਸਕਦਾ ਹੈ । ਹੋ ਸਕਦਾ ਹੈ ਕਿ ਸਾਡੇ ਕੁਝ ਹੋਰ ਬੰਦੇ ਇਸ ਪਾਸਿਉਂ ਆਉਣ । ਗਫੂਰ ਤੇ ਉਹਦੇ ਨਾਲ ਦਾ ਭੇਖੀ ਸਿੱਖ ਤਾਂ ਕੋਤਾਭਾਰੂ ਬਹਿ ਨਹੀਂ ਰਹਿਣੇ । ਉਨ੍ਹਾਂ ਨੂੰ ਵਾਪਸ ਸਿੰਘਾਪੁਰ ਜਾਣਾ ਹੀ ਹੋਵੇਗਾ । ਇਸ ਲਈ ਪਠਾਣ ਤੇ ਨੱਥਾ ਸਿੰਘ ਨਾਲ ਪੱਕਾ ਮੇਲ-ਜੋਲ ਕਾਇਮ ਕਰਨਾ ਜ਼ਰੂਰੀ ਜਾਪਦਾ ਹੈ ।"

ਭਾਈ ਸਾਹਬ, ਚੰਦਾ ਸਿੰਘ ਤੇ ਬਖਸ਼ੀਸ਼ ਸਿੰਘ ਹੌਲੀ ਹੌਲੀ ਗੱਲਾਂ ਕਰ ਰਹੇ ਸਨ ਪਰ ਉਨ੍ਹਾਂ ਦੀਆਂ ਗੱਲਾਂ ਦੀ ਅਵਾਜ਼ ਸੁਣ ਕੇ ਸ਼ੇਰ ਸਿੰਘ ਉਠ ਖਲੋਤਾ ਉਸਨੂੰ ਖੰਘ ਲੱਗੀ ਹੋਈ ਸੀ । ਉਸਨੇ ਪਾਣੀ ਪੀਕੇ ਬਾਹਰ ਤੱਕਿਆ ਤੇ ਕਿਹਾ—"ਤੁਸੀਂ ਅਜੇ ਤਕ ਨਹੀਂ ਸੁੱਤੇ ।" ਬਖਸ਼ੀਸ਼ ਸਿੰਘ ਨੂੰ ਵੇਖ ਕੇ ਉਸ ਨੇ ਪੁਛਿਆ—"ਤੁਸੀਂ ਕਦੋਂ ਆਏ ?"

"ਹੁਣੇ ਆਇਆਂ ।"

"ਸ਼ੇਰ ਸਿਹਾਂ । ਕੁਰਸੀ ਖਿਚ ਲਿਆ ਤੇਰੇ ਨਾਲ ਗੱਲ ਕਰਨੀ ਐ ।" ਉਹ ਉਨੀਂਦੇ ਵਿਚ ਸੀ। ਸੌਣਾ ਚਾਹੁੰਦਾ ਸੀ ਪਰ ਇਕ ਕੁਰਸੀ ਘਸੀਟ ਕੇ ਉਨ੍ਹਾਂ ਕੋਲ ਬੈਠ ਗਿਆ ।

"ਸਿੰਘ ਸਾਹਬ ਤੇ ਠਾਕਰ ਸਿਹੁੰ ਹੋਰਾਂ ਬੰਕੋਕ ਜਾਣੈ ।" "ਚੰਦਾ ਸਿੰਘ ਨੇ ਦਸਿਆ ।"

"ਮੈਂ ਪਹਿਲੋਂ ਹੀ ਬੁੱਝ ਗਿਆ ਸੀ ।" ਉਸਦੀ ਗੱਲ ਸੁਣ ਕੇ ਭਾਈ ਸਾਹਬ ਨੇ ਉਸਦੇ ਚਿਹਰੇ ਉਤੇ ਭਰਪੂਰ ਨਜ਼ਰ ਸੁੱਟੀ ।

"ਮੈਂ ਤੇ ਮੱਖਣ ਸਿੰਘ ਦੋਵੇਂ ਇਨ੍ਹਾਂ ਨੂੰ ਛੱਡਕੇ ਆਵਾਂਗੇ ।"

"ਦੋਹਾਂ ਦਾ ਜਾਣਾ ਜ਼ਰੂਰੀ ਨਹੀਂ । ਇਕ ਬੰਦਾ ਜਾਓ ।" ਚੰਦਾ ਸਿੰਘ ਤਜਵੀਜ ਕੀਤੀ ।

"ਫੇਰ ਮੈਂ ਆਪ ਜਾਵਾਂਗਾ ।"

ਠਾਕਰ ਸਿੰਘ, ਭਾਈ ਸਾਹਬ ਨੂੰ "ਸਿੰਘ ਸਾਹਬ" ਕਹਿ ਕੇ ਬੁਲਾਂਦਾ ਸੀ ਚੰਦਾ ਸਿੰਘ ਨੇ ਵੀ "ਸਿੰਘ ਸਾਹਬ" ਕਹਿਣਾ ਸ਼ੁਰੂ ਕਰ ਦਿਤਾ ਸੀ । ਚੰਦਾ ਸਿੰਘ ਨੇ ਦਸਿਆ—"ਸਿੰਘ ਸਾਹਿਬ ! ਇਹ ਸ਼ੇਰ ਸਿਹੁੰ ਐ । ਪਹਿਲੀ ਵਾਰੀ ਇਸੇ ਸਿੰਘ ਨੇ ਸਾਨੂੰ 'ਗ਼ਦਰ' ਅਖਬਾਰ ਦੇ ਦਰਸ਼ਨ ਕਰਵਾਏ ਸਨ ।"

"ਭਾਈ ਸ਼ੇਰ ਸਿੰਘ ਜੀ । ਤੁਸੀਂ ਸੇਠ ਬੁੱਢਾ ਸਿੰਘ ਜੀ ਨੂੰ ਤਾਂ ਜਾਣਦੇ ਹੋਵੋਗੇ ।"

"ਸਾਨੂੰ ਪਹਿਲੀ ਵਾਰੀ ਸੇਠ ਹੋਰਾਂ ਹੀ ਬਜਾਜੀ ਹੁਦਾਰੀ ਦਿਤੀ ਸੀ ।"

"ਸ਼ੇਰ ਸਿਹਾਂ ! ਛੱਡ ਬਜਾਜੀਆਂ ਦੀਆਂ ਗੱਲਾਂ । ਸਿੱਧਾ ਹੋਕੇ ਗੱਲ ਕਰ। ਤੈਨੂੰ ਬੰਕੋਕ ਛਡ ਕੇ ਏਥੇ ਜੰਗਲ ਵਿਚ ਬਜਾਜੀ ਵੇਚਣ ਦੀ ਕੀ ਲੋੜ ਪਈ ਸੀ ? ਤੂੰ 'ਗ਼ਦਰ' ਕਿਥੋਂ ਲਿਆ ਸੀ ?"

ਸ਼ੇਰ ਸਿੰਘ ਹੱਥ ਜੋੜ ਕੇ ਖੜਾ ਹੋ ਗਿਆ—"ਜੀ ! ਸੇਠ ਜੀ ਤੋਂ ! ਅਸੀਂ ਨਿੱਕੇ ਨਿੱਕੇ ਵਪਾਰੀ ਆਂ । ਡਰ ਡਰ ਕੇ ਰਹਿੰਦੇ ਆਂ ।"

"ਤੇ ਸੇਠ ਹੋਰੀਂ .....।" ਚੰਦਾ ਸਿੰਘ ਦੀ ਗੱਲ ਵਿਚੋਂ ਹੀ ਫੜ ਕੇ ਸ਼ੇਰ ਸਿੰਘ ਬੋਲ ਪਿਆ—"ਸੇਠ ਜੀ ਤਾਂ ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਦੇ ਵਪਾਰੀ ਐ । ਅਸਾਂ ਅਜੇ ਪਹਿਲੀ ਬਜਾਜੀ ਦੇ ਵੀ ਪੈਸੇ ਨਹੀਂ ਮੋੜੇ। ਜਦ ਕਹੋ ਕਹਿੰਦੇ ਐ ਆ ਜਾਣਗੇ ।"

"ਫੇਰ ਸ਼ੇਰ ਸਿੰਘ ਜੀ ! ਤੁਸੀਂ ਸਾਨੂੰ ਸੇਠ ਜੀ ਪਾਸ ਲੈ ਚਲੋ ।" ਭਾਈ ਸਾਹਬ ਨੇ ਬੇਨਤੀ ਕੀਤੀ ।

"ਸਿੰਘ ਸਾਹਬ ! ਥੱਕੇ ਹੋਵੋਗੇ । ਤੁਸੀਂ ਵੀ ਥੋੜਾ ਆਰਾਮ ਕਰ ਲੋ ।" ਕਹਿ ਕੇ ਚੰਦਾ ਸਿੰਘ ਉਠ ਖਲੋਤਾ। ਉਸਦੇ ਨਾਲ ਹੀ ਭਾਈ ਸਾਹਬ ਤੇ ਬਖਸ਼ੀਸ਼ ਸਿੰਘ ਵੀ ਉਠ ਪਏ ।

ਸ਼ੇਰ ਸਿੰਘ ਨੇ ਆਕੜ ਭੰਨਦਿਆਂ ਕਿਹਾ—"ਮੈਨੂੰ ਤਾਂ ਹੁਣ ਨੀਂਦ ਨਹੀਂ ਆਉਣੀ । ਮੈਂ ਹੁਣੇ ਤਿਆਰ ਹੋ ਜਾਣੈ । ਪਹਿਲੀ ਗੱਡੀ ਹੀ ਫੜ ਲਈਏ।

(ਚਲਦਾ)

**ਰਾਮੂਵਾਲੀਆ ਭਜੰਗੀ ਪਾਰਟੀ ਕਾਕਾ ਹਰਭਜਨ ਸਿੰਘ ਅਤੇ ਕਾਕਾ ਗੁਰਸੇਵਕ ਸਿੰਘ 'ਮਾਨ' । ਸ਼ਗਿਰਦ ਕਰਨੈਲ ਸਿੰਘ 'ਪਾਰਸ' ਰਾਮੂਵਾਲੀਆ**



**ਫੋਨ - 524-2778 — 524-8861**

ਬੁਜ਼ਦਿਲ ਮੌਤ ਆਉਣ ਤੋਂ ਪਹਿਲਾਂ ਹੀ ਮਰ ਜਾਂਦਾ ਹੈ. —ਸ਼ੇਕਸਪੀਅਰ

ਇੱਕ ਅਹਿਮਕ ਆਪਣੀ ਤਰੀਫ ਸੁਨਣ ਲਈ ਆਪਣੇ ਤੋਂ ਵੱਡੇ ਅਹਿਮਕ ਦੀ ਤਲਾਸ਼ ਕਰ ਲੈਂਦਾ ਹੈ.
—ਕੋਲਰਿਜ

# ਬੱਬਰ ਅਕਾਲੀ ਲਹਿਰ

### ਸੋਹਣ ਸੁਰਿੰਦਰ ਸੰਘਾ ਸਕਰੂਲਵੀ

ਗੁਲਾਮੀ ਦੇ ਬੋਝ ਹੇਠ ਦੱਬਿਆ ਰੋਸ ਰਦੋਂ ਭੀ ਜੋਸ਼ ਤੇ ਜ਼ੋਰ ਦੀ ਸ਼ਕਲ ਵਿਚ ਪ੍ਰਗਟ ਹੋਇਆ, ਆਜ਼ਾਦੀ ਦੀ ਲਹਿਰ ਦਾ ਰੂਪ ਧਾਰਨ ਕਰ ਗਿਆ। ਹਰ ਲਹਿਰ ਬੇਮਿਸਾਲ ਕੁਰਬਾਨੀਆਂ ਦਾ ਸਫਰ ਤੈਹ ਕਰਕੇ ਆਉਣ ਵਾਲੀਆਂ ਨਸਲਾਂ ਨੂੰ ਆਜ਼ਾਦੀ ਤੇ ਸੱਚ ਦੀ ਲੜਾਈ ਲਈ ਉਤਸਾਹਿਤ ਕਰਦੀ ਹੈ।

ਬੱਬਰ ਅਕਾਲੀ ਲਹਿਰ ਆਜ਼ਾਦੀ ਦੀਆਂ ਜੋਸ਼ੀਲੀਆਂ ਤੇ ਖਾੜਕੂ ਲਹਿਰਾਂ ਦੀ ਲੜੀ ਦੀ ਇਕ ਕੜੀ ਹੈ। ਆਜ਼ਾਦੀ ਦੀ ਲੜਾਈ ਦੇ ਇਤਿਹਾਸ ਵਿਚ ਇਸ ਲਹਿਰ ਦੀ ਖਾਸ ਮਹਾਨਤਾ ਹੈ।

1921 ਵਿਚ ਇਸ ਲਹਿਰ ਦੇ ਚਿੰਨ ਪ੍ਰਗਟ ਹੋਏ। 1922-23 ਵਿਚ ਇਸਦਾ ਉਭਾਰ ਸਿਖਰ ਤੇ ਸੀ। ਇਸਦੇ ਚਕਰਵਰਤੀ ਜੱਥੇ ਸ਼ਸ਼ਤਰ ਸਜਾ ਕੇ ਦੁਆਬੇ ਦੇ ਪਿੰਡਾਂ ਵਿਚ ਨਿਧੜਕ ਅੰਗਰੇਜ਼ ਹਕੂਮਤ ਦੇ ਖਲਾਫ ਖੁਲ੍ਹਾ ਪਰਚਾਰ ਕਰਦੇ ਫਿਰਦੇ ਸਨ।

ਸਤੰਬਰ 1922 ਦੇ ਆਖੀਰ ਵਿਚ ਜਲੰਧਰ ਜ਼ਿਲੇ ਦੇ ਡਿਪਟੀ ਕਮਿਸ਼ਨਰ ਨੇ ਡੀ. ਆਈ. ਜੀ., ਸੀ. ਆਈ. ਡੀ. ਨੂੰ ਇਕ ਲੰਮਾ ਖਤ ਲਿਖਿਆ ਜਿਸਦਾ ਭਾਵ ਸੀ, ਕਿ ਜੇ ਹਕੂਮਤ ਨੇ ਛੇਤੀ ਹੀ ਕੋਈ ਖਾਸ ਕਦਮ ਨਾ ਚੁਕੇ ਤਾਂ ਦੁਆਬੇ ਦੇ ਪਿੰਡਾਂ ਵਿਚ ਸਰਕਾਰੀ ਮਿਸ਼ਨਰੀ ਢਹਿ ਢੇਰੀ ਹੋ ਜਾਏਗੀ। ਬੱਬਰ ਜਾਂ ਅਕਾਲੀ ਲਹਿਰ ਨੂੰ ਕੁਚਲਣ ਲਈ ਉਚੇਚੀ ਕਾਰਵਾਈ ਕੀਤੀ ਜਾਵੇ।

1. ਇਸ ਲਹਿਰ ਦਾ ਮਕਸਦ ਤੇ ਪ੍ਰੋਗਰਾਮ ਕੀ ਸੀ ?
2. ਇਸ ਦੀ ਜਥੇਬੰਦੀ ਤੇ ਕੰਮ ਕਰਨ ਦਾ ਢੰਗ ?
3. ਇਸ ਲਹਿਰ ਨੂੰ ਕਿਵੇਂ ਫੌਜੀ ਤਾਕਤ ਨਾਲ ਦਬਾਇਆ ਗਿਆ।
4. ਬੱਬਰਾਂ ਨੇ ਕਿਵੇਂ ਹੱਸ ਹੱਸ ਕੇ ਕੁਰਬਾਨੀਆਂ ਦਿਤੀਆਂ ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਦੱਸਣ ਦਾ ਨਿਰਮਾਣ ਜਿਹਾ ਯਤਨ ਇਸ ਲੇਖ ਵਿਚ ਕੀਤਾ ਜਾਵੇਗਾ।

## ਮਕਸਦ ਤੇ ਪ੍ਰੋਗਰਾਮ

ਗ਼ਦਰ ਪਾਰਟੀ ਦੇ ਮਕਸਦ ਵਾਂਗ ਬੱਬਰਾਂ ਦਾ ਮਕਸਦ ਭੀ ਪੈਸਾ ਤੇ ਹਥਿਆਰ ਇਕੱਠੇ ਕਰਕੇ ਫੌਜ ਨੂੰ ਨਾਲ ਮਿਲਾ ਕੇ ਅੰਗਰੇਜ਼ ਨੂੰ ਭਾਰਤ ਤੋਂ ਬਾਹਰ ਧੱਕ ਕੇ ਦੇਸ਼ ਵਿਚ ਲੋਕ ਰਾਜ ਕਾਇਮ ਕਰਨਾ ਸੀ।

ਬੱਬਰ ਅਕਾਲੀ ਸਾਜ਼ਸ਼ ਕੇਸ ਦਾ ਜੱਜ ਅੰਗਰੇਜ਼ ਸੀ। ਉਸਨੇ ਆਪਣੀ ਜੱਜਮੈਂਟ ਵਿਚ ਬੱਬਰਾਂ ਦੇ ਮਕਸਦ ਉਤੇ ਆਪ ਰੋਸ਼ਨੀ ਪਾਈ ਹੈ। ਉਹ ਲਿਖਦਾ ਹੈ, "ਆਰੰਭ ਵਿਚ ਬੱਬਰਾਂ ਦਾ ਮਕਸਦ ਥਰਕਾਉ ਨਹੀਂ ਸੀ। ਸਗੋਂ ਉਹ ਹਥਿਆਰ ਇਕੱਠੇ ਕਰਕੇ ਫੌਜੀਆਂ ਤੇ ਕਿਸਾਨਾਂ ਵਿਚ ਹਕੂਮਤ ਵਿਰੁਧ ਪਰਚਾਰ ਕਰਕੇ ਜਨਤਕ ਇਨਕਲਾਬ ਵਲ ਵਧਦਾ ਚਾਹੁੰਦੇ ਸਨ।" ਅੱਗੇ ਜੱਜ ਲਿਖਦਾ ਹੈ :-

"ਮੈਂ ਇਸ ਗਲ ਨਾਲ ਸਹਿਮਤ ਹਾਂ ਕਿ ਇਹ ਸਾਜ਼ਿਸ਼ ਜਿਸਦਾ ਮੁੱਢ 1921 ਦੇ ਅਖੀਰ ਜਾਂ 1922 ਦੇ ਆਰੰਭ ਵਿਚ ਬੱਝਾ ਕੇਵਲ ਇਨਕਲਾਬ ਕਰਨ ਦੇ ਮਕਸਦ ਨਾਲ ਜਥੇਬੰਦ ਕੀਤੀ ਗਈ ਸੀ ਤੇ ਸ਼ੁਰੂ ਸ਼ੁਰੂ ਵਿਚ ਝੋਲੀਚੁਕਾਂ ਨੂੰ ਕਤਲ ਕਰਨ ਦਾ ਕੋਈ ਵਿਚਾਰ ਨਹੀਂ ਸੀ।" ਸਫਾ 138।

ਅਸੈਸਰ ਲਿਖਦੇ ਹਨ, "ਬੱਬਰ ਲੀਡਰ ਹਕੂਮਤ ਵਿਰੁਧ ਨਫਰਤ ਫੈਲਾਉਣ ਬਗਾਵਤ ਖੜੀ ਕਰਨ, ਬਰਤਾਨਵੀ ਹਕੂਮਤ ਨੂੰ ਹਿੰਦੂਸਤਾਨ ਵਿਚੋਂ ਬਾਹਰ ਕੱਢਣ ਹਿੰਦੂਸਤਾਨ ਵਿਚ ਸਵਰਾਜ ਤੇ ਪੰਜਾਬ ਵਿਚ ਸਿੱਖ ਰਾਜ ਸਥਾਪਤ ਕਰਨ ਦੇ ਮਕਸਦ ਨਾਲ ਪਿੰਡਾਂ ਵਿਚ ਬਾਗੀਆਨਾ ਤਕਰੀਰਾਂ ਕਰਦੇ ਅਤੇ ਭੜਕਾਊ ਨਜ਼ਮਾਂ ਪੜ੍ਹਦੇ ਫਿਰਨ ਲੱਗੇ।" ਸਫਾਂ 131

ਜੱਜ ਸੰਤਾ ਸਿੰਘ ਦਾ ਹਵਾਲਾ ਦੇ ਕੇ ਲਿਖਦਾ ਹੈ,

"ਜਦ ਮੈਂ ਸੰਤਾ ਸਿੰਘ ਨੂੰ ਪੁਛਿਆ ਕਿ ਕਿਸ਼ਨ ਸਿੰਘ ਦੀਆਂ ਤਕਰੀਰਾਂ ਪਿਛੇ ਮਕਸਦ ਕੀ ਸੀ ਤਾਂ ਉਸ ਨੇ ਦਸਿਆ ਕਿ ਕਿਸ਼ਨ ਸਿੰਘ ਅਤੇ ਉਸਦੇ ਸਾਥੀਆਂ ਨੇ (ਜਿਨਾਂ ਵਿਚ ਉਹ (ਸੰਤਾ ਸਿੰਘ) ਖੁਦ ਭੀ ਸ਼ਾਮਲ ਸੀ) ਕਈ ਵਾਰ ਫੈਸਲਾ ਕੀਤਾ ਸੀ ਕਿ ਗੌਰਮਿੰਟ ਵਿਰੁਧ ਤਕਰੀਰਾਂ ਕੀਤੀਆਂ ਜਾਣ। ਝੋਲੀਚੁਕਾਂ ਨੂੰ ਡਰਾਇਆ ਧਮਕਾਇਆ ਜਾਏ ਅਤੇ ਫੇਰ ਬਗਾਵਤ ਕੀਤੀ ਜਾਏ। ਉਹਨਾਂ ਨੂੰ ਇਹ ਉਮੀਦ ਸੀ ਕਿ ਸਿਖ ਰਜਮੈਂਟਾਂ ਦਾ ਕਾਬੂ ਤੋਂ ਬਾਹਰ ਹੋ ਜਾਣਗੀਆਂ ਅਤੇ ਗੜਬੜ ਪੈ ਜਾਏਗੀ।" ਸਫਾ 138।

"20 ਅਗਸਤ 1922 ਤੋਂ 21 ਮਈ 1923 ਤੱਕ 15 ਪਰਚੇ ਛਾਪੇ ਗਏ (ਬੱਬਰਾਂ ਪਾਸ ਆਪਣਾ ਉਡਾਰੋ ਪਰੈਸ ਸੀ। ਜਿਸਦੇ ਨਾਲ ਉਹ ਆਪਣੇ ਅਖਬਾਰ ਕੱਢਦੇ ਸਨ ਜਿਸਦਾ ਐਡੀਟਰ ਕਰਮ ਸਿੰਘ ਦੌਲਤਪੁਰ ਸੀ) ਲੇਖਾਂ ਦੀ ਜ਼ਬਾਨ ਖਰਵੀ ਜੰਤਾ ਨੂੰ ਅਪੀਲ ਕਰਨ ਵਾਲੀ ਹੈ। ਹਰ ਇਕ ਪਰਚੇ ਦਾ ਲਹਿਜਾ ਬਾਗੀਆਨਾ ਅਤੇ ਭੜਕਾਊ ਹੈ। ਫਰੰਗੀਆਂ ਨੂੰ ਤੇ ਸਰਕਾਰ ਨੂੰ ਸਖਤ ਬੁਰਾ-ਭਲਾ ਆਖਿਆ ਗਿਆ ਹੈ। ਕੁਝ ਸਰਕਾਰੀ ਅਫਸਰਾਂ ਦੀ ਤਾਂ ਬਹੁਤ ਮਿੱਟੀ ਪੁੱਟੀ ਗਈ ਹੈ। ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਨੂੰ ਇਕ ਮੁਠ ਹੋਣ ਤੇ ਬਗਾਵਤ ਜਥੇਬੰਦ ਕਰਨ ਤਲਵਾਰ ਧੂਣ, ਖੰਜ਼ਰ ਉਠਾਣ, ਜ਼ਾਲਮਾਂ ਦਾ ਸਿਰ ਲਾਹ ਦੇਣ, ਥਾਣੇ ਤੇ ਖਜ਼ਾਨੇ ਲੁੱਟ ਪੁੱਟ ਕੇ ਅੱਗ ਲਾ ਦੇਣ ਅਤੇ ਰੇਲਵੇ ਲਾਈਨਾਂ ਨੂੰ ਉਡਾ ਦੇਣ ਦੀ ਅਪੀਲ ਕੀਤੀ ਗਈ ਹੈ। ਪਲਟਨਾਂ ਨੂੰ ਹਥਿਆਰ ਆਦਿ ਕਾਬੂ ਕਰਕੇ ਲਹਿਰ ਨਾਲ ਸ਼ਾਮਲ ਹੋਣ ਦਾ ਸੱਦਾ ਦਿਤਾ ਗਿਆ ਹੈ। ਸਰਕਾਰ ਦੇ ਖੈਰਖਾਹਾਂ ਨੂੰ ਟੋਡੀ ਤੇ ਝੋਲੀਚੁਕ ਦਸਦਿਆਂ ਹੋਇਆਂ ਅਗੇ ਚਲ ਕੇ ਲਿਖਿਆ ਹੈ ਕਿ ਇਹ ਇਨਾਮਾਂ ਖਾਤਰ ਭੱਜੇ ਫਿਰਦੇ ਹਨ। ਬੱਬਰਾਂ ਨੂੰ ਚਾਹੀਦਾ ਹੈ ਇਹਨਾਂ ਨੂੰ ਛੇਤੀ ਇਨਾਮ ਦੇ ਦੇਣ (ਬੱਬਰਾਂ ਦੀ ਬੋਲੀ ਵਿਚ ਝੋਲੀਚੁਕ ਦਾ ਕਤਲ ਉਸਨੂੰ ਇਨਾਮ ਦੇਣਾ ਹੁੰਦਾ ਸੀ) ਸ਼ਾਂਤਮਈ ਨੇ ਮੁਲਕ ਨੂੰ ਤਬਾਹ ਕਰ ਛਡਿਆ ਹੈ, ਇਹ ਸਿਖ ਸੁਭਾ ਦੇ ਮਾਫਕ ਨਹੀਂ। ਇਸ ਨੂੰ ਛਡ ਕੇ ਹਥਿਆਰੀਂ ਉਤਰੋ। ਬੱਬਰ ਉਹੀ ਹੈ ਜੋ ਲੜੇ ਦੀਨ ਕੇ ਹੇਤ ....ਸਫਾ 61

## ਜੱਥੇਬੰਦੀ :-

1920 ਵਿਚ ਗੁਰਦੁਆਰਾ ਸੁਧਾਰ ਅਕਾਲੀ ਅੰਦੋਲਨ ਸ਼ੁਰੂ ਹੋਇਆ। 14 ਦਸੰਬਰ 1920 ਨੂੰ ਸ਼ਰੋਮਣੀ ਅਕਾਲੀ ਦਲ ਵੀ ਬਣ ਗਿਆ। ਗੁਰਦੁਆਰਾ ਸੁਧਾਰ ਲਹਿਰ ਪੂਰਨ ਸ਼ਾਂਤਮਈ ਸੀ। ਉਸ ਵੇਲੇ ਦੇ ਮਹੰਤ, ਗ੍ਰੰਥੀ ਤੇ ਪੁਜਾਰੀ ਸਿੱਖ ਧਰਮ ਦੇ ਅਸੂਲਾਂ ਤੋਂ ਸਿਰਫ ਦੂਰ ਹੀ ਨਹੀਂ ਚਲੇ ਗਏ ਸੀ ਸਗੋਂ ਗੁਰਦੁਆਰਿਆਂ ਦੇ ਧਨ ਨੂੰ ਆਪਣੀ ਨਿੱਜੀ ਜ਼ਿੰਦਗੀ ਨੂੰ ਐਸ਼ ਨਾਲ ਗੁਜਾਰਨ ਲਈ ਵਰਤਣ ਲਗ ਪਏ ਸਨ। ਅੰਗਰੇਜ਼ ਸਰਕਾਰ ਮਹੰਤਾਂ ਨੂੰ ਸੁਧਾਰਨ ਦੀ ਅਕਾਲੀ ਲਹਿਰ ਨੂੰ ਆਪਣੇ ਲਈ ਖਤਰਾ ਸਮਝ ਕੇ ਮਹੰਤਾਂ ਦੀ ਪਿੱਠ ਤੇ ਆ ਖੜੀ ਹੋਈ। ਸਰਕਾਰ ਦੀ ਸ਼ਹਿ ਨੇ ਮਹੰਤਾਂ ਤੋਂ ਕਤਲਾਮ ਤੇ ਅਤਿਆਚਾਰ ਕਰਵਾ ਦਿੱਤੇ। 25 ਜਨਵਰੀ 1921 ਨੂੰ ਗੁਰਦੁਆਰਾ ਤਰਨ ਤਾਰਨ ਸਾਹਿਬ ਦੇ ਮਹੰਤ ਨੂੰ ਸੁਧਾਰ ਕਰਨ ਲਈ ਅਕਾਲੀ ਜਥੇ ਪਹੁੰਚੇ। ਮਹੰਤਾਂ ਵਲੋਂ ਸ਼ਾਂਤਮਈ ਅਕਾਲੀਆਂ ਉਤੇ ਇੱਟਾਂ ਪੱਥਰਾਂ ਦੀ ਵਰਖਾ ਤੇ ਛਵੀਆਂ ਦੇ ਵਾਰ ਨਾਲ 17 ਅਕਾਲੀ ਬੁਰੀ ਤਰ੍ਹਾਂ ਫੱਟੜ ਹੋਏ ਤੇ ਦੋ ਸਿੰਘ ਸ਼ਹੀਦ ਹੋਏ। 20 ਫਰਵਰੀ 1921 ਨੂੰ ਨਨਕਾਣਾ ਸਾਹਿਬ ਵਿਚ ਬੜਾ ਭਿਆਨਕ ਸਾਕਾ ਵਰਤ ਗਿਆ।

ਤਰਨ ਤਾਰਨ ਤੇ ਨਨਕਾਣਾ ਸਾਹਿਬ ਦੇ ਖੂਨੀ ਸਾਕਿਆਂ ਨੇ ਕੁਝ ਸਿੰਘਾਂ ਨੂੰ ਸ਼ਾਤਮਈ ਨੂੰ ਛਡ ਕੇ ਤਲਵਾਰ ਨੂੰ ਹੱਥ ਪਾਉਣਾ ਜਾਇਜ਼ ਵਿਖਾ ਦਿਤਾ। 19,20,21 ਮਾਰਚ 1921 ਨੂੰ ਹੁਸ਼ਿਆਰਪੁਰ ਹੋਈ ਐਜੂਕੇਸ਼ਨ ਕਾਨਫਰੰਸ ਤੋਂ ਮਗਰੋਂ ਗਰਮ ਖਿਆਲੀਆਂ ਨੇ ਵੱਖਰੀ ਮੀਟਿੰਗ ਕਰਕੇ ਬੱਬਰ ਅਕਾਲੀ ਲਹਿਰ ਦੀ ਨੀਂਹ ਰਖ ਦਿੱਤੀ। ਜਥੇਦਾਰ ਕਿਸ਼ਨ ਸਿੰਘ ਭਾਈ ਸੁੰਦਰ ਸਿੰਘ ਤੇ ਕਰਮ ਸਿੰਘ ਝਿੰਗੜ ਨੇ ਨਵੰਬਰ 1921 ਵਿਚ ਰੁੜਕਾ ਕਲਾ ਵਿਖੇ ਚਕਰਵਰਤੀ ਜਥੇ ਦਾ ਐਲਾਨ ਕਰ ਦਿਤਾ। ਜਥੇਦਾਰ ਕਿਸ਼ਨ ਸਿੰਘ ਅਕਾਲੀ ਦਲ ਦੇ ਸੈਕਟਰੀ ਸਨ। ਉਨ੍ਹਾਂ ਦੇ ਵਰੰਟ ਨਿਕਲੇ ਹੋਏ ਸਨ। ਅਕਾਲੀ ਦਲ ਦੀ ਨੀਤੀ ਤੋਂ ਉਲਟ ਉਨ੍ਹਾਂ ਨੇ ਗੁਪਤਵਾਸ ਵਿਚ ਰਹਿ ਕੇ ਸਰਕਾਰ ਨੂੰ ਉਲਟਾਉਣ ਦਾ ਪਰਚਾਰ ਸ਼ੁਰੂ ਕਰ ਦਿਤਾ।

ਕਰਮ ਸਿੰਘ ਦੌਲਤਪੁਰ ਗਦਰ ਪਾਰਟੀ ਦੇ ਮੈਂਬਰ ਸਨ। ਵੈਨਕੂਵਰ, ਕੈਨੇਡਾ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਦੇਸ਼ ਪੁੱਜੇ ਸਨ। ਉਨ੍ਹਾਂ ਨੇ ਕਰਮ ਸਿੰਘ ਝਿੰਗੜ, ਆਸਾ ਸਿੰਘ ਭਕੜਦੀ (ਇਹ ਦੋਵੇਂ ਸਜਣ ਵੀ ਵੈਨਕੂਵਰ ਤੋਂ 1914 ਵਿਚ ਦੇਸ਼ ਗਏ ਸਨ ਤਿੰਨਾ ਨੂੰ ਗਦਰ ਲਹਿਰ ਵੇਲੇ ਆਪਣੇ ਆਪਣੇ ਪਿੰਡਾਂ ਵਿਚ ਜੂਹ ਬੰਦ ਕਰ ਦਿਤਾ ਸੀ। 1918 ਤਕ ਇਹ ਪਾਬੰਦੀ ਲਗੀ ਰਹੀ ) ਨੂੰ ਨਾਲ ਲੈ ਕੇ ਬੱਬਰ ਅਕਾਲੀ ਰਸਾਲਾ ਜਾਰੀ ਕਰ ...ਇਕ ਜੱਥਾ ਬਣਾ ਲਿਆ। ਤਕਰੀਰਾਂ ਦੇ ਨਾਲ ਉਡਾਰੋ ਪਰੈਸ ਕਾਇਮ ਕਰ ਕੇ ਇਕ ਬੱਬਰ ਅਕਾਲੀ ਰਸਾਲਾ ਜਾਰੀ ਕਰ ਦਿਤਾ। ਗਰਮ ਖਿਆਲੀ ਲੋਕ ਇਨਾਂ ਨਾਲ ਮਿਲਦੇ ਗਏ।

ਅਗਸਤ 1922 ਨੂੰ ਸੰਤ ਠਾਕਰ ਸਿੰਘ ਰਾਜੋਵਾਲ ਦੀ ਕੁਟੀਆ ਵਿਚ ਬੱਬਰਾਂ ਦਾ ਇਕੱਠ ਹੋਇਆ ਜਿਸ ਵਿਚ ਜਥੇਬੰਦਕ ਵਰਕਿੰਗ ਕਮੇਟੀ ਬਣਾ ਲਈ ਗਈ। ਜਿਸ ਉਤੇ ਲਹਿਰ ਨੂੰ ਚਲਾਉਣ ਦੀ ਜ਼ਿੰਮੇਵਾਰੀ ਪਾਈ ਗਈ। ਇਸ ਕਮੇਟੀ ਦੀ ਚੋਣ ਇਸ ਪਰਕਾਰ ਸੀ :

ਜਥੇਦਾਰ — ਕਿਸ਼ਨ ਸਿੰਘ।
ਸਕੱਤਰ — ਦਲੀਪ ਸਿੰਘ ਗੋਸਲ।
ਖਜ਼ਾਨਚੀ — ਬਾਬੂ ਸੰਤਾ ਸਿੰਘ।
ਮੈਂਬਰ — ਕਰਮ ਸਿੰਘ ਦੌਲਤ ਪੁਰ — ਕਰਮ ਸਿੰਘ ਝਿੰਗੜ ਅਤੇ ਉਦੇ ਸਿੰਘ।

## ਪਰਚਾਰ :-

ਪਰਚਾ ਭੀ ਬਕਾਇਦਾ ਸ਼ੁਰੂ ਕਰ ਦਿਤਾ। ਹਰ ਮਹੀਨੇ ਇਕ ਤੇ ਲੋੜ ਪੈਣ ਤੇ ਸਪੈਸ਼ਲ ਨੰਬਰ ਭੀ ਨਿਕਲੇ ਪਰਚੇ ਦੇ ਮਥੇ ਉਤੇ ਗੁਰਬਾਣੀ ਦਾ ਇਹ ਵਾਕ ਹੁੰਦਾ ਸਹ :

"ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।"

ਪਿੰਡ ਪਿੰਡ ਪਰਚਾਰ ਲਈ ਦੀਵਾਨ ਸਜਾਏ ਜਾਂਦੇ। ਕਾਨਫਰੰਸਾਂ ਭੀ ਕੀਤੀਆਂ ਜਾਂਦੀਆਂ। ਬੱਬਰ ਲੈਕਚਰ ਕਰਕੇ ਪੁਲਸ ਤੋਂ ਬਚ ਕੇ ਨਿਕਲ ਜਾਂਦੇ।

25 ਦਸੰਬਰ 1922 ਨੂੰ ਹਰੀ ਸਿੰਘ ਜਸੋਵਾਲ ਦੀ ਹਵੇਲੀ ਅੰਦਰ ਬੱਬਰਾਂ ਦੀ ਮੀਟਿੰਗ ਹੋਈ ਜਿਸ ਵਿਚ ਜਥੇਦਾਰ ਕਿਸ਼ਨ ਸਿੰਘ, ਮਾਸਟਰ ਦਲੀਪ ਸਿੰਘ, ਕਰਮ ਸਿੰਘ ਝਿੰਗੜ, ਬਾਬੂ ਸੰਤਾ ਸਿੰਘ, ਕਰਮ ਸਿੰਘ ਦੌਲਤਪੁਰ, ਧੰਨਾ ਸਿੰਘ ਬਹਿਬਲਪੁਰ, ਉਦੇ ਸਿੰਘ, ਬੂਟਾ ਸਿੰਘ ਪੰਡੋਰੀ ਨਿਝਰਾਂ, ਆਸਾ ਸਿੰਘ ਭਕੜਦੀ, ਅਮਰ ਸਿੰਘ ਗਰੰਥੀ ਕੋਟ ਫਤੂਹੀ, ਹਰੀ ਸਿੰਘ, ਲਾਭ ਸਿੰਘ ਤੇ ਕਰਮ ਸਿੰਘ ਜਸੋਵਾਲ ਤੇ ਹੋਰ ਬੱਬਰ ਸ਼ਾਮਲ ਹੋਏ। ਉਸ ਦਿਨ ਝੋਲੀਚੁਕਾਂ ਨੂੰ ਸੋਧਣ ਦਾ ਫੈਸਲਾ ਕੀਤਾ ਗਿਆ। ਬੱਬਰਾਂ ਦਾ ਕਹਿਣਾ ਸੀ ਕਿ ਲੋਕ ਮੰਗ ਕਰਦੇ ਹਨ। ਜੇ ਇਸ ਮੰਗ ਨੂੰ ਪੂਰਾ ਨਾ ਕੀਤਾ ਤਾਂ ਲੋਕਾਂ ਪੁਰ ਹਕੂਮਤੀ ਏਜੰਟਾਂ ਦਾ ਡਰ ਬੈਠ ਜਾਵੇਗਾ। ਵਰਕਿੰਗ ਕਮੇਟੀ ਨੂੰ ਪਲੈਨ ਬਣਾਉਣ ਲਈ ਆਖਿਆ ਗਿਆ। ਪਲੈਨ ਦੇ ਮੁਤਾਬਕ ਐਕਸ਼ਨਾਂ ਦੇ ਦੌਰਾਨ ਝੋਲੀਚੁਕਾਂ ਦੇ ਬੱਚਿਆਂ ਨੂੰ ਹੱਥ ਨਾ ਲਾਇਆ ਜਾਵੇ ਅਤੇ ਨਾ ਹੀ ਕਿਸੇ ਔਰਤ ਦਾ ਅਪਮਾਨ ਕੀਤਾ ਜਾਵੇ।

ਹਰ ਕਤਲ ਦਾ ਐਲਾਨ ਦੋ ਤਿੰਨ ਬੱਬਰਾਂ ਦੇ ਨਾਂ ਪੁਰ ਬੱਬਰ ਅਖਬਾਰ ਵਿਚ ਕੀਤਾ ਜਾਵੇ। ਬਦਨਾਮ ਸ਼ਾਹੂਕਾਰਾਂ, ਝੋਲੀਚੁਕਾਂ ਅਤੇ ਹਕੂਮਤ ਦੀ ਜਾਇਦਾਦ ਨੂੰ ਲੁੱਟ ਲੈਣਾ ਜਾਇਜ਼ ਹੈ। ਹੋਰ ਕਿਸੇ ਦੇ ਮਾਲ ਜਾਂ ਧੰਨ ਨੂੰ ਹੱਥ ਲਾਉਣਾ ਜ਼ੁਰਮ ਸਮਝਿਆ ਜਾਏਗਾ। ਜੋ ਧੰਨ ਪ੍ਰਾਪਤ ਹੋਵੇ ਉਸ ਨੂੰ ਜਥੇ ਦੇ ਸਾਂਝੇ ਫੰਡ ਵਿਚ ਪਾਇਆ ਜਾਵੇ ਜਿਸ ਨਾਲ ਹਥਿਆਰ ਖਰੀਦ ਕੇ ਹਕੂਮਤ ਦੇ ਖਲਾਫ ਬਗਾਵਤ ਕੀਤੀ ਜਾਵੇ।

ਬੱਬਰ ਆਪਣੇ ਜ਼ਿੰਮੇ ਲਾਏ ਕੰਮ ਕਰਨ ਵਿਚ ਮਗਨ ਹੋ ਗਏ। ਲਹਿਰ ਜੋਰ ਫੜਦੀ ਗਈ ਤੇ ਗੋਲੀ ਚਲਦੀ ਗਈ।

## ਲਹਿਰ ਨੂੰ ਦਬਾਉਣਾ ਤੇ ਸ਼ਹੀਦੀਆਂ

ਮੀਰ ਫਜ਼ਲ ਇਮਾਮ ਨੇ ਹਾਲਾਤ ਦਾ ਜਾਇਜ਼ਾ ਲੈ ਕੇ ਇਕ ਰਿਪੋਰਟ ਡੀ. ਆਈ. ਜੀ., ਸੀ. ਆਈ. ਡੀ. ਨੂੰ ਭੇਜੀ ਇਸ ਵਿਚ ਆਖਿਆ "ਦੁਆਬੇ ਦੀ ਸਿੱਖ ਵਸੋਂ ਵਿਚ ਇਹ ਖਿਆਲ ਆਮ ਹੈ ਕਿ ਬਰਤਾਨਵੀ ਰਾਜ ਬਸ ਕੁਛ ਦਿਨਾਂ ਦਾ ਹੀ ਪ੍ਰਾਹੁਣਾ ਹੈ। ਕੋਈ ਆਦਮੀ ਅਕਾਲੀਆਂ ਵਿਰੁਧ ਖਬਰ ਦੇਣ ਨੂੰ ਭੀ ਤਿਆਰ ਨਹੀਂ।"

1922 ਦੇ ਅਖੀਰ ਵਿਚ ਵੱਡੇ ਵੱਡੇ ਪੁਲਸ ਅਫਸਰਾਂ ਦੀ ਮੀਟਿੰਗ ਜਲੰਧਰ ਵਿਖੇ ਹੋਈ। ਜਿਸ ਵਿਚ ਮਿਸਟਰ ਆਈਸਮੋਂਗਰ ਡੀ. ਆਈ. ਜੀ. ਸੀ. ਆਈ. ਡੀ. ਮਿਸਟਰ ਜੈਕਬ ਡਿਪਟੀ ਕਮਿਸ਼ਨਰ। ਖਾਨ ਬਹਾਦਰ ਸ਼ੇਖ ਅਬਦੁਲ ਅਜ਼ੀਜ਼ ਸੁਪਰਟੈਂਡਿੰਟ ਸੀ. ਆਈ. ਡੀ. ਖਾਨ ਬਹਾਦਰ ਫਜ਼ਲ ਇਮਾਮ ਡਿਪਟੀ ਸੁਪਰਟੈਂਡਿੰਟ ਸੀ. ਆਈ. ਡੀ. ਸੁਪਰਟੈਂਡਿੰਟ ਪੁਲੀਸ ਜਲੰਧਰ ਅਤੇ ਸੁਪਰਟੈਂਡੈਂਟ ਪੁਲਸ ਹੁਸ਼ਿਆਰਪੁਰ ਨੇ ਹਿਸਾ ਲਿਆ। ਬੱਬਰ ਲਹਿਰ ਨੂੰ ਫੌਜੀ ਤੇ ਪੁਲਸ ਤਾਕਤ ਨਾਲ ਦਬਾਉਣ ਵਾਸਤੇ ਸਖਤ ਕਦਮ ਉਠਾਉਣ ਦਾ ਫੈਸਲਾ ਲਿਆ ਗਿਆ। ਸਪੈਸ਼ਲ ਸਟਾਫ ਕਾਇਮ ਕਰ ਦਿਤਾ ਗਿਆ। ਜਥੇਦਾਰ ਕਿਸ਼ਨ ਸਿੰਘ, ਐਡੀਟਰ ਕਰਮ ਸਿੰਘ ਦੌਲਤਪੁਰ ਕਰਮ ਸਿੰਘ ਝਿੰਗੜ ਦਲੀਪ ਸਿੰਘ ਗੋਸਲ ਧੰਨਾ ਸਿੰਘ ਬਹਿਬਲ ਪੁਰ ਆਸਾ ਸਿੰਘ ਭਕੜਦੀ ਤੇ ਹੋਰ ਬੱਬਰ ਆਗੂਆਂ ਦੀ ਗ੍ਰਿਫਤਾਰੀ ਲਈ ਇਨਾਮੀ ਇਸ਼ਤਿਹਾਰ ਪਿੰਡ ਪਿੰਡ ਲਾਏ ਗਏ।

10 ਫਰਵਰੀ 1923 ਨੂੰ ਗਦਾਰੀ ਨਾਲ 26 ਫਰਵਰੀ 1923 ਨੂੰ ਪੰਡੋਰੀ ਮਾਹਲ ਵਿਖੇ ਜਥੇਦਾਰ ਕਿਸ਼ਨ ਸਿੰਘ ਨੂੰ ਮਿਸਟਰ ਮਾਥਿਊਸ ਨੈਬ ਸੁਪਰਟੈਂਡੈਂਟ ਪੁਲਸ ਗ੍ਰਿਫਤਾਰ ਕਰਨ ਵਿਚ ਸਫਲ ਹੋ ਗਿਆ। (ਕਤਲਾਂ ਜਾਂ ਗ੍ਰਿਫਤਾਰੀਆਂ ਦਾ ਵਿਸਥਾਰ ਲੇਖ ਦੇ ਲੰਬਾ ਹੋਣ ਦੇ ਕਾਰਨ ਇਥੇ ਨਹੀਂ ਲਿਖ ਰਿਹਾ ਕਿਸੇ ਹੋਰ ਲੇਖ ਵਿਚ ਲਿਖਾਂਗਾ)।

ਬੱਬਰਾਂ ਦੇ ਫੈਸਲੇ ਮੁਤਾਬਿਕ ਕਮਰ ਸਿੰਘ ਐਡੀਟਰ, ਧੰਨਾ ਸਿੰਘ ਬਹਿਬਲਪੁਰ ਤੇ ਉਦੇ ਸਿੰਘ ਰਾਮਗੜ੍ਹ, ਹਰ ਕਤਲ ਆਪਣੇ ਸਿਰ ਲੈ ਲੈਂਦੇ ਭਾਵੇਂ ਕਿਸੇ ਹੋਰ ਬੱਬਰ ਜਾਂ ਬੱਬਰਾਂ ਨੇ ਕੀਤਾ ਹੋਵੇ। ਤਾਂ ਕਿ ਆਮ ਲੋਕਾਂ ਉਤੇ ਪੁਲਸ ਦੀ ਸਖਤੀ ਘਟ ਜਾਵੇ। ਪਰ ਸਖਤੀ ਵਧਦੀ ਹੀ ਗਈ। ਇਹ ਗੱਲ ਗਵਰਨਰ ਪੰਜਾਬ ਨੂੰ ਭੀ ਲਿਖ ਦਿਤੀ। "ਤੇਰੇ ਜ਼ੁਲਮਾਂ ਤੋਂ ਤੰਗ ਆ ਕੇ ਬੱਬਰਾਂ ਅਕਾਲੀਆਂ ਨੇ ਸ਼ਾਂਤਮਈ ਦਾ ਰਸਤਾ ਛਡ ਕੇ ਤਲਵਾਰ ਦਾ ਰਸਤਾ ਫੜਿਆ ਹੈ।"

ਅਨੂਪ ਸਿੰਘ ਦੀ ਗਦਾਰੀ ਨਾਲ ਬੁਬੇਲੀ ਦਾ ਸ਼ਹੀਦੀ ਸਾਕਾ ਹੋਇਆ। ਚਾਰ ਬੱਬਰਾਂ ਨੂੰ ਫੜਨ ਲਈ ਸਮਿਥ 2000 ਫੌਜ ਲੈ ਕੇ ਆ ਗਿਆ। ਕਰਮ ਸਿੰਘ ਐਡੀਟਰ, ਉਦੇ ਸਿੰਘ, ਮਹਿੰਦਰ ਸਿੰਘ ਤੇ ਬਿਸ਼ਨ ਸਿੰਘ ਮਾਂਗਟ ਲੜਦੇ ਲੜਦੇ ਸ਼ਹੀਦ ਹੋ ਗਏ।

(ਬਾਕੀ ਪੰਨਾ 11 ਤੇ)

ਤੇਰਾ ਲੱਕ ਨਾ ਮਰੋੜਿਆ ਜਾਵੇ
ਸੰਭਲ ਕੇ ਤੁਰ ਕੁੜੀਏ।

ਤੈਨੂੰ ਗਸ਼ ਨਾ ਕਿਤੇ ਪੈ ਜਾਵੇ
ਖੁੱਲ੍ਹ ਕੇ ਨਾ ਹੱਸ ਮੁੰਡਿਆ।

**Sunlife**
OF CANADA
**Get Your Life in Shape**



**Mohinder Singh Gill**
**B.Comm., M.B.A., C.G.A.**
Life Under Writer

700 Royal Center (Box 11112)
1055 W. Georgia St., Vancouver,
B.C.
V6E 3P3

**Do You Have a Key-Person in Your Business ?**

What would happen if you lost that person ? Insure your reco very
Call: Off.682-8441 Res.433-1684

**WILL WHEATON**
**PONTIAC BUICK GMC LTD.**
**325-12th St.**
**NEW WESTMINSTER**
**FOR**
New and used cars, station wagons, new & used truck, van and 4x4 jimmy....for all your driving needs....your well known professional salesman



Kuldip S. Jhand
*Grand Salesmaster*

**Ph. Bus.526-2781 Res.524-4137**
**Pager 687-7711 #7610**

# ਫਿਲਮਾਂ ਗਲੀ ਗਲੀ

## ਜਯਾ ਪ੍ਰਦਾ:

ਜਯਾ ਪ੍ਰਦਾ ਨੇ ਆਪਣੀ ਪਹਿਲੀ ਹੀ ਹਿੰਦੀ ਫਿਲਮ 'ਸਰਗਮ' ਨਾਲ ਦਰਸ਼ਕਾਂ ਤੇ ਆਪਣੀ ਛਾਪ ਛਡੀ ਸੀ ਤੇ ਇਸਦੇ ਨਾਲ ਹੀ ਜਯਾ ਪ੍ਰਦਾ ਹਿਟ ਹੋ ਗਈ ਸੀ। ਇਸ ਫਿਲਮ ਵਿਚ ਉਸ ਨੇ ਗੁੰਗੀ ਕੁੜੀ ਦਾ ਰੋਲ ਕੀਤਾ ਸੀ ਤੇ ਬਿਨਾਂ ਬੋਲਿਆਂ ਹੀ ਉਹ ਆਪਣੀ ਅਭਿਨੈ-ਪ੍ਰਤਿਭਾ ਦਾ ਪਰਿਚੈ ਦੇ ਗਈ ਸੀ। ਉਸ ਤੋਂ ਆਸ ਬਝ ਗਈ ਸੀ ਕਿ ਉਹ ਸਫਲਤਾ ਦਾ ਲੰਬਾ ਰਸਤਾ ਤੈਅ ਕਰੇਗੀ। ਪਰ ਉਸਦੀਆਂ ਬਾਅਦ ਦੀਆਂ ਕੁਝ ਫਿਲਮਾਂ ਬਾਕਸ ਆਫਿਸ ਤੇ ਚਮਤਕਾਰ ਨਾ ਕਰ ਸਕੀਆਂ। ਪਰ ਹੁਣ 'ਕਾਮਚੋਰ' ਫਿਰ ਹਿੱਟ ਹੋ ਗਈ ਤੇ ਇਕ ਵਾਰ ਫਿਰ ਜਯਾ ਪ੍ਰਦਾ ਦੀ ਤਾਰੀਫ ਹੋਣ ਲਗ ਪਈ ਹੈ। ਇਹਨੀਂ ਦਿਨੀਂ ਉਹ 'ਪਾਪੀ ਪੇਟ ਕਾ ਸਵਾਲ', 'ਮੇਰਾ ਫੈਸਲਾ' 'ਕਿਆਮਤ' 'ਮੈਂ ਆਵਾਰਾ ਹੂੰ' ਅਤੇ 'ਧਾਗੇ ਕੀ ਜ਼ੰਜੀਰ' ਆਦਿ ਫਿਲਮਾਂ ਵਿਚ ਕੰਮ ਕਰ ਰਹੀ ਹੈ।

ਹਿੰਦੀ ਫਿਲਮਾਂ ਵਿਚ ਆਉਣ ਤੋਂ ਪਹਿਲਾਂ ਉਹ ਦਖਣ ਵਿਚ ਤੇਲਗੂ, ਤਾਮਿਲ ਅਤੇ ਕੰਨੜ ਦੀਆਂ ਕੋਈ 105 ਫਿਲਮਾਂ ਵਿਚ ਕੰਮ ਕਰ ਚੁਕੀ ਹੈ। ਜੋ ਜ਼ਿਆਦਾਤਰ ਹਿੱਟ ਰਹੀਆਂ।

ਹਿੰਦੀ ਫਿਲਮਾਂ ਦੀ ਮਾਰਕਿਟ ਨੈਸ਼ਨਲ ਹੈ। ਇਸ ਲਈ ਹਰ ਖੇਤਰੀ ਕਲਾਕਾਰ ਹਿੰਦੀ ਫਿਲਮਾਂ ਵਿਚ ਆਉਣਾ ਚਾਹੁੰਦਾ ਹੀ ਹੈ। ਪਰ ਜਯਾ ਪ੍ਰਦਾ ਸਿਰਫ ਇਸ ਲਈ ਹੀ ਹਿੰਦੀ ਫਿਲਮਾਂ ਵਿਚ ਨਹੀਂ। ਉਹ ਤਾਂ ਸਗੋਂ ਹਿੰਦੀ ਫਿਲਮਾਂ ਵਿਚ ਲਿਆਂਦੀ ਗਈ ਹੈ। ਉਹ ਤੇਲਗੂ ਫਿਲਮ 'ਸਿਰਸਿਰੀ ਮੁਵਾ' ਦੀ ਹੀਰੋਇਨ ਸੀ। ਦਖਣ ਵਿਚ ਇਹ ਫਿਲਮ ਬੇਹੱਦ ਹਿੱਟ ਹੋਈ। ਇਹੋ ਦੇਖ ਕੇ ਇਸ ਫਿਲਮ ਨੂੰ ਹਿੰਦੀ ਵਿਚ ਬਨਾਉਣ ਦਾ ਫੈਸਲਾ ਕੀਤਾ ਗਿਆ ਅਤੇ ਹਿੰਦੀ ਵਿਚ ਵੀ ਜਯਾ ਪ੍ਰਦਾ ਨੂੰ ਹੀ ਹੀਰੋਇਨ ਲਿਆ ਗਿਆ। ਹਿੰਦੀ ਵਿਚ ਵੀ ਫਿਲਮ ਸਫਲ ਹੋਈ। ਸੋ ਜਯਾ ਹਿੰਦੀ ਫਿਲਮਾਂ ਵਿਚ ਆ ਗਈ।

ਬੀਤੇ ਦਿਨੀਂ ਜਯਾ ਨਾਲ ਬੰਬਈ ਵਿਚ ਮੁਲਾਕਾਤ ਹੋਈ ਤਾਂ ਮੈਂ ਉਸ ਨੂੰ ਪੁਛਿਆ—ਤੁਸੀਂ ਸਾਊਥ ਵਾਲਿਆਂ ਦੇ ਨਾਲ ਵੀ ਕੰਮ ਕੀਤਾ ਹੈ ਅਤੇ ਬੰਬਈ ਵਾਲਿਆਂ ਨਾਲ ਵੀ। ਦੋਹਾਂ ਤਰ੍ਹਾਂ ਦੇ ਲੋਕਾਂ ਨਾਲ ਕੰਮ ਕਰਨ ਵਿਚ ਤੁਹਾਨੂੰ ਕੀ ਫਰਕ ਮਹਿਸੂਸ ਹੋਇਆ?

—ਫਰਕ ਤਾਂ ਬਹੁਤ ਹੈ—ਜਿਵੇਂ ਸਮੇਂ ਦੀ ਪਾਬੰਦੀ ਨੂੰ ਹੀ ਲਵੋ। ਉਥੇ ਹਰ ਕੰਮ ਆਪਣੇ ਸਮੇਂ ਸਿਰ ਹੁੰਦਾ ਹੈ। ਸਮੇਂ ਸਿਰ ਆਰਟਿਸਟ ਆਉਂਦੇ ਹਨ। ਸਮੇਂ ਤੇ ਸ਼ੂਟਿੰਗ ਸ਼ੁਰੂ ਹੁੰਦੀ ਹੈ ਅਤੇ ਸਮੇਂ ਸਿਰ ਖਤਮ ਹੁੰਦੀ ਹੈ ਆਦਿ ਆਦਿ। ਜਦ ਕਿ 'ਇਥੇ ਅਜਿਹੀ ਗੱਲ ਸੌ ਵਿਚੋਂ ਦਸ ਫੀਸਦੀ ਹੈ। ਇਥੇ ਬਹੁਤ ਘਟ ਕਲਾਕਾਰ ਹਨ ਜਿਹਨਾਂ ਨੂੰ ਸਮੇਂ ਅਤੇ ਆਪਣੇ ਕੰਮ ਦਾ ਖਿਆਲ ਹੈ।

ਹਿੰਦੀ ਫਿਲਮਾਂ ਵਿਚ ਕੰਮ ਕਰਨ ਨਾਲ ਤੁਹਾਡੇ ਕੈਰੀਅਰ ਵਿਚ ਕੀ ਫਰਕ ਆਇਆ? ਮੇਰਾ ਅਗਲਾ ਸਵਾਲ ਸੀ।

—ਪਰਿਵਰਤਨ ਤਾਂ ਆਇਆ ਹੈ ਅਤੇ ਉਹ ਵੀ ਜ਼ਬਰਦਸਤ। ਸਾਊਥ ਦੀਆਂ ਕੋਈ ਸੌ ਦੇ ਕਰੀਬ ਫਿਲਮਾਂ ਵਿਚ ਕੰਮ ਕੀਤਾ ਹੈ, ਫਿਰ ਵੀ ਉਹ ਗੱਲ ਨਾ ਬਣ ਸਕੀ, ਜਿਹੜੀ ਹਿੰਦੀ ਫਿਲਮ ਇਕ ਹੀ ਕਰਨ ਨਾਲ ਬਣ ਗਈ। ਮੇਰੀ ਫਿਲਮ 'ਸਰਗਮ' ਰਲੀਜ਼ ਹੋਈ ਤਾਂ ਦੇਸ਼ ਦੇ ਕੋਨੇ ਕੋਨੇ ਚੋਂ ਪ੍ਰਸੰਸਾ ਪੱਤਰ ਆਉਣੇ ਸ਼ੁਰੂ ਹੋ ਗਏ। ਇਕ ਇਕ ਦਿਨ ਵਿਚ ਤਿੰਨ ਤਿੰਨ ਸੌ ਚਾਰ ਸੌ ਪੱਤਰ। ਮੈਂ ਤਾਂ ਹੈਰਾਨ ਰਹਿ ਗਈ ਸੀ ਪੱਤਰਾਂ ਦਾ ਇਹ ਹੜ੍ਹ ਦੇਖ ਕੇ। ਇਸ ਤੋਂ ਪਹਿਲਾਂ ਕਦੀ ਮੈਨੂੰ ਏਨੇ ਪੱਤਰ ਨਹੀਂ ਸੀ ਆਏ।

ਹਿੰਦੀ ਫਿਲਮਾਂ ਦੀ ਲੋਕ-ਪ੍ਰੀਯਤਾ ਨੂੰ ਤੁਸੀਂ ਆਪ ਮੰਨਿਆ ਹੈ, ਫਿਰ ਤੁਸੀਂ ਵੀ ਰਤੀ ਅਗਨੀਹੋਤਰੀ ਵਾਂਗ ਪੂਰੀ ਤਰ੍ਹਾਂ ਬੰਬਈ ਕਿਉਂ ਨਹੀਂ ਆ ਜਾਂਦੇ?

ਮੇਰੇ ਇਸ ਸਵਾਲ ਦਾ ਜਵਾਬ ਸੀ—ਮੈਂ ਦੂਸਰਿਆਂ ਵਾਂਗ ਅਹਿਸਾਨ ਫਰਾਮੋਸ਼ ਨਹੀਂ ਹਾਂ। ਸਾਊਥ ਵਾਲਿਆਂ ਨੇ ਮੈਨੂੰ ਚਾਂਸ ਦਿਤਾ, ਮੇਰਾ ਕੈਰੀਅਰ ਬਣਾਇਆ। ਮੈਂ ਉਹਨਾਂ ਨੂੰ ਹਿੰਦੀ ਫਿਲਮਾਂ ਦੀ ਖਾਤਰ ਨਹੀਂ ਛਡ ਸਕਦੀ। ਸਾਊਥ ਅਤੇ ਹਿੰਦੀ ਦੀਆਂ ਫਿਲਮਾਂ ਮੈਂ ਨਾਲੋਂ ਨਾਲ ਕਰਦੀ ਰਹਾਂਗੀ। ਬੰਬਈ ਵਿਚ ਵਸਣ ਦੇ ਬਾਰੇ ਮੈਂ ਅਜੇ ਸੋਚਿਆ ਹੀ ਨਹੀਂ। ਜੇ ਮੈਂ ਬੰਬਈ ਵਸ ਵੀ ਗਈ ਤਾਂ ਵੀ ਸਾਊਥ ਦੀਆਂ ਫਿਲਮਾਂ ਕਰਦੀ ਰਹਾਂਗੀ।

ਕੀ ਇਹ ਠੀਕ ਹੈ ਕਿ 'ਦਿਲੇ ਨਾਦਾਨ' ਵਿਚ ਤੁਹਾਡੀ ਥਾਂ ਕਿਸੇ ਹੋਰ ਦੀ ਆਵਾਜ਼ ਲਈ ਗਈ ਸੀ?

—ਜੀ ਹਾਂ, ਮੈਂ ਦੂਸਰਿਆਂ ਵਾਂਗ ਝੂਠ ਨਹੀਂ ਬੋਲਾਂਗੀ। 'ਦਿਲੇ ਨਾਦਾਨ' ਵਿਚ ਮੇਰੀ ਪੂਰੀ ਡਬਿੰਗ ਜ਼ਰੀਨਾ ਕਾਦਿਰ ਨੇ ਕੀਤੀ ਹੈ। ਪਰ ਹੁਣ ਮੈਂ ਹਿੰਦੀ ਸਿਖ ਲਈ ਹੈ। 'ਕਾਮਚੋਰ' ਵਿਚ ਮੇਰੀ ਆਪਣੀ ਹੀ ਆਵਾਜ਼ ਹੈ ਅਤੇ ਆਉਣ ਵਾਲੀਆਂ ਫਿਲਮਾਂ ਵਿਚ ਵੀ ਤੁਸੀਂ ਮੇਰੀ ਹੀ ਆਵਾਜ਼ ਸੁਣੋਗੇ।

ਤੁਸੀਂ ਹੁਣੇ ਹੁਣੇ ਦੋ ਵਾਰ ਰਤੀ ਅਗਨੀਹੋਤਰੀ ਤੇ ਵਿਅੰਗ ਕੀਤਾ ਹੈ ਕਿ ਤੁਸੀਂ ਦੂਸਰਿਆਂ ਵਾਂਗ ਝੂਠ ਨਹੀਂ ਬੋਲਦੇ। ਆਖਿਰ ਕੀ ਗੱਲ ਹੈ? ਪਿਛਲੇ ਦਿਨੀਂ ਰਤੀ ਨੇ ਵੀ ਇਕ ਪਤ੍ਰਿਕਾ ਵਿਚ ਤੁਹਾਡੇ ਬਾਰੇ ਕਾਫੀ ਉਲਟਾ ਸਿਧਾ ਕਿਹਾ ਸੀ।

—ਦਰਅਸਲ ਇਹਨੀਂ ਦਿਨੀਂ ਮੇਰੇ ਪਾਸ ਹਿੰਦੀ ਫਿਲਮਾਂ ਦੀ ਕਾਫੀ ਆਫਰ ਆ ਰਹੀ ਹੈ। ਹਿੰਦੀ ਫਿਲਮਾਂ ਵਿਚ ਮੇਰਾ ਰੁਝੇਵਾਂ ਦੇਖ ਕੇ ਰਤੀ ਨੂੰ ਸਾੜਾ ਹੋਣ ਲਗ ਪਿਆ ਹੈ ਅਤੇ ਉਸ ਨੇ ਮੇਰੇ ਬਾਰੇ ਵਿਚ ਉਲਟਾ ਸਿਧਾ ਕਹਿਣਾ ਸ਼ੁਰੂ ਕਰ ਦਿਤਾ ਹੈ। ਉਸ ਨੇ ਤਾਂ ਇਥੋਂ ਤਕ ਕਿਹਾ ਕਿ ਉਹ ਜਯਾ ਪ੍ਰਦਾ ਨਾਂ ਦੀ ਕਿਸੇ ਅਭਿਨੇਤਰੀ ਨੂੰ ਜਾਣਦੀ ਹੀ ਨਹੀਂ। ਮੈਂ ਵੀ ਦਖਣ ਦੀ ਹਾਂ, ਉਹ ਵੀ ਦਖਣ ਦੀਆਂ ਫਿਲਮਾਂ ਚੋਂ ਆਈ ਹੈ। ਇਹੋ ਨਹੀਂ, 'ਮੈਂ ਆਵਾਰਾ ਹੂੰ' ਅਤੇ 'ਮੇਰਾ ਫੈਸਲਾ' ਵਿਚ ਅਸੀਂ ਇਕੱਠੀਆਂ ਕੰਮ ਕਰ ਰਹੀਆਂ ਹਾਂ। ਇਸ ਦੇ ਬਾਵਜੂਦ ਉਸਦਾ ਇਹ ਕਹਿਣਾ ਕਿ ਉਹ ਮੈਨੂੰ ਨਹੀਂ ਜਾਣਦੀ, ਕਿਤਨੀ ਘਟੀਆ ਹਰਕਤ ਹੈ। ਜਿਹੜੇ ਸਾਊਥ ਵਾਲਿਆਂ ਨੇ ਉਸ ਦਾ ਕੈਰੀਅਰ ਬਣਾਇਆ ਉਹਨਾਂ ਦੇ ਬਾਰੇ ਹੀ ਉਸ ਨੇ ਜੋ ਜੋ ਗਲਤ ਗੱਲਾਂ ਕਹੀਆਂ, ਇਹ ਅਹਿਸਾਨ ਫਰਾਮੋਸ਼ੀ ਦੀ ਜ਼ਿੰਦਾ ਮਿਸਾਲ ਹੈ। ਸਾਊਥ ਵਾਲੇ ਉਸ ਨੂੰ ਕਦੀ ਮਾਫ ਨਹੀਂ ਕਰਨਗੇ। ਰਤੀ ਇਹ ਵੀ ਝੂਠ ਬੋਲਦੀ ਹੈ ਕਿ ਉਹ ਸਾਊਥ ਦੀ ਨੰਬਰ ਇਕ ਹੀਰੋਇਨ ਸੀ। ਉਸ ਨੇ ਉਥੋਂ ਦੀਆਂ ਸਿਰਫ ਤੀਹ ਬੱਤੀ ਫਿਲਮਾਂ ਵਿਚ ਹੀ ਕੰਮ ਕੀਤਾ ਹੈ। ਨੰਬਰ ਵੰਨ ਦੀ ਪੁਜ਼ੀਸ਼ਨ ਜਾਂ ਤਾਂ ਮੇਰੀ ਸੀ ਜਾਂ ਫਿਰ ਮਾਧਵੀ ਦੀ। ਉਹ ਕਦੀ ਨੰਬਰ ਇਕ ਰਹੀ ਹੀ ਨਹੀਂ। ਪਤਾ ਨਹੀਂ ਰੱਤੀ ਅਜਿਹੀਆਂ ਗੱਲਾਂ ਫੈਲਾ ਕੇ ਕੀ ਸਾਬਤ ਕਰਨਾ ਚਾਹੁੰਦੀ ਹੈ।

ਹਿੰਦੀ ਫਿਲਮਾਂ ਵਿਚ ਆਉਂਦਿਆਂ ਹੀ ਤੁਹਾਡੇ ਨਾਲ ਅਫਵਾਹਾਂ ਦਾ ਵੀ ਹੜ੍ਹ ਆ ਗਿਆ। ਪਿਛਲੇ ਦਿਨੀਂ ਸੁਣਿਆ ਸੀ ਕਿ ਤੁਸੀਂ ਕਿਸੇ ਬਿਜਨਸਮੈਨ ਨਾਲ ਸ਼ਾਦੀ ਕਰ ਲਈ ਹੈ। ਫਿਰ ਕੋਈ ਹੋਰ ਸੱਜਣ ਤੁਹਾਡੇ ਪਤੀ ਹੋਣ ਦਾ ਦਾਅਵਾ ਕਰ ਰਹੇ ਸਨ?

—ਇਹ ਸਭ ਝੂਠੀਆਂ ਗੱਲਾਂ ਹਨ। ਪਤਾ ਨਹੀਂ, ਮੈਗਜ਼ੀਨ ਵਾਲਿਆਂ ਨੂੰ ਇਹ ਗੱਲਾਂ ਕਿਸ ਨੇ ਦਸੀਆਂ? ਮੈਂ ਇਸ ਖਬਰ ਦਾ ਖੰਡਨ ਪਹਿਲਾਂ ਹੀ ਕਰ ਚੁਕੀ ਹਾਂ। ਇਹ ਸਭ ਬਕਵਾਸ ਹੈ। ਇਹਨਾਂ ਵਿਚ ਰਤੀ ਭਰ ਵੀ ਸਚਾਈ ਨਹੀਂ।

ਅਤੇ ਰਾਜੇਸ਼ ਖੰਨਾ ਨਾਲ ਰੁਮਾਂਸ ਵਾਲੀਆਂ ਗੱਲਾਂ?

ਇਹ ਵੀ ਸਭ ਬਕਵਾਸ ਹੈ।

ਫਿਰ ਰਾਜੇਸ਼ ਖੰਨਾ ਨਿਰਮਾਤਾਵਾਂ ਨੂੰ ਤੁਹਾਨੂੰ ਹੀਰੋਇਨ ਲੈਣ ਦੀ ਸਿਫਾਰਸ਼ ਕਿਉਂ ਕਰਦਾ ਹੈ।

ਰਾਜੇਸ਼ ਖੰਨਾ ਨਾਲ ਮੈਂ 'ਦਿਲੇ ਨਾਦਾਨ' ਵਿਚ ਕੰਮ ਕਰ ਚੁਕੀ ਹਾਂ। 'ਪਾਪੀ ਪੇਟ ਕਾ ਸਵਾਲ' ਵਿਚ ਵੀ ਅਸੀਂ ਇਕੱਠੇ ਕੰਮ ਕਰ ਚੁਕੇ ਹਾਂ। ਰੂਪੇਸ਼ ਕੁਮਾਰ ਇਕ ਫਿਲਮ ਬਣਾਉਣ ਵਾਲੇ ਹਨ, 'ਏਕ ਮੁਸਾਫਿਰ ਦੋ ਹੁਸੀਨਾ'। ਉਸ ਵਿਚ ਵੀ ਮੈਂ ਰਾਜੇਸ਼ ਖੰਨਾ ਨਾਲ ਹਾਂ। ਇਸ ਸਮੇਂ ਰਾਜੇਸ਼ ਖੰਨਾ ਨਾਲ ਮੇਰੀਆਂ ਕਾਫੀ ਫਿਲਮਾਂ ਹਨ। ਸ਼ਾਇਦ ਇਹ ਦੇਖ ਕੇ ਹੀ ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿਤਾ ਹੈ ਕਿ ਸਾਡੇ ਵਿਚ ਰੋਮਾਂਸ ਚਲ ਰਿਹਾ ਹੈ ਅਤੇ ਰਾਜੇਸ਼ ਖੰਨਾ ਮੇਰੇ ਲਈ ਨਿਰਮਾਤਾਵਾਂ ਨੂੰ ਸਿਫਾਰਸ਼ ਕਰਦੇ ਫਿਰਦੇ ਹਨ। ਉਫ! ਲੋਕ ਪਤਾ ਨਹੀਂ ਨਿਕੀਆਂ ਨਿਕੀਆਂ ਗੱਲਾਂ ਦੀ ਕਿਵੇਂ ਕਹਾਣੀ ਘੜ ਲੈਂਦੇ ਹਨ। ●



# 1983 ਦੀ ਸਰਵੋਤਮ ਹੀਰੋਇਨ ਕੌਣ?

ਸਾਲ 1983 ਵਿਚ ਕਿਹੜੀ ਅਭਿਨੇਤਰੀ ਸਰਵ-ਉਚਤਮ ਹੋਵੇਗੀ ਜਾਂ ਨੰਬਰ ਇਕ ਅਭਿਨੇਤਰੀ ਦਾ ਸਥਾਨ ਕਿਸ ਨੂੰ ਮਿਲੇਗਾ—ਇਹ ਇਕ ਖਾਸ ਵਾਦ-ਵਿਵਾਦ ਦਾ ਵਿਸ਼ਾ ਹੈ।

ਕਿਸੇ ਵੀ ਅਭਿਨੇਤਾ, ਅਭਿਨੇਤਰੀ ਜਾਂ ਫਿਲਮ ਦੀ ਸਫਲਤਾ ਅਤੇ ਅਸਫਲਤਾ ਇਸ ਗੱਲ ਤੋਂ ਮਾਪੀ ਜਾਂਦੀ ਹੈ ਕਿ ਉਸ ਅਭਿਨੇਤਾ ਜਾਂ ਅਭਿਨੇਤਰੀ ਦੀ ਦੀ ਫਲਾਨੀ ਫਿਲਮ ਬਾਕਸ ਆਫਿਸ ਤੇ ਕਿਸ ਹੱਦ ਤਕ ਹਿੱਟ ਰਹੀ ਹੈ। ਅਰਥਾਤ ਇਕ ਫਿਲਮ ਨੇ ਆਪਣੇ ਨਿਰਮਾਤਾ, ਨਿਰਦੇਸ਼ਕ ਦੀ ਤਿਜੋਰੀ ਕਿੰਨੀ ਕੁ ਭਰੀ ਹੈ। ਜੇ ਕੋਈ ਫਿਲਮ ਅਜਿਹਾ ਕਰਨ ਵਿਚ ਅਸਫਲ ਰਹੀ ਹੈ ਤਾਂ ਸੰਬਧਿਤ ਨਿਰਮਾਤਾ, ਨਿਰਦੇਸ਼ਕ ਹੀ ਨਹੀਂ ਅਭਿਨੇਤਾ ਅਭਿਨੇਤਰੀ ਵੀ ਅਸਫਲ ਮੰਨੇ ਜਾਂਦੇ ਹਨ। ਇਸ ਤਰ੍ਹਾਂ ਫਿਲਮ ਦੇ ਚਲਣ ਤੇ ਸਾਰੇ ਸਬੰਧਤ ਲੋਕ ਸਫਲ ਮੰਨੇ ਜਾਂਦੇ ਹਨ। ਅਜਿਹੇ ਅਭਿਨੇਤਾ ਅਭਿਨੇਤਰੀਆਂ ਚੰਦ ਹੀ ਹਨ ਜਿਨ੍ਹਾਂ ਦੇ ਨਾਂਅ ਤੇ ਫਿਲਮਾਂ ਧੜਾਧੜ ਚਲਦੀਆਂ ਹਨ। ਜਿਵੇਂ ਅਮਿਤਾਭ ਬੱਚਨ ਅਤੇ ਰੇਖਾ ਆਦਿ। ਬਹੁਤ ਸਾਰੇ ਨਾਂਅ ਅਜਿਹੇ ਹਨ ਜਿਨ੍ਹਾਂ ਦੇ ਨਾਂਅ ਤੇ ਕੁਝ ਹੱਦ ਤਕ ਫਿਲਮਾਂ ਚਲਦੀਆਂ ਹਨ।

ਆਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਅਮਿਤਾਭ ਇਸ ਸਾਲ ਦਾ ਨੰਬਰ ਇਕ ਅਭਿਨੇਤਾ ਰਿਹਾ ਹੈ ਜਾਂ ਅਗਲੇ ਸਾਲ ਵੀ ਉਹ ਇਸ ਸਥਾਨ ਤੇ ਹੀ ਰਹੇਗਾ। ਪਰ ਅਭਿਨੇਤਰੀਆਂ ਬਾਰੇ ਇਸ ਤਰ੍ਹਾਂ ਦੀਆਂ ਭਵਿੱਖ-ਬਾਣੀਆਂ ਕਰਨਾ ਮੁਸ਼ਕਿਲ ਹੈ।

ਅੱਜਕਲ੍ਹ ਫਿਲਮਾਂ ਵਿਚ ਹੀਰੋਇਨ ਇਕ ਸ਼ੋਅ ਕੇਸ ਬਣਕੇ ਰਹਿ ਗਈ ਹੈ। ਅਭਿਨੈ ਦੇ ਨਾਂਅ ਤੇ ਘਟ ਕਪੜਿਆਂ ਵਿਚ ਉਸਦੇ ਗੁਦਗੁਦੇ ਸਰੀਰ ਦਾ ਵਧ ਤੋਂ ਵਧ ਉਤੇਜਕ ਪ੍ਰਦਸ਼ਨ ਕੀਤਾ ਜਾਂਦਾ ਹੈ। ਇਸ ਲਈ ਕਲਾ ਦੀ ਪਰਖ ਤੋਂ ਇਹ ਵਿਵੇਚਨਾ ਕਰਨੀ ਕਠਿਨ ਹੈ ਕਿ 1983 ਵਿਚ ਕਿਹੜੀ ਅਭਿਨੇਤਰੀ ਸਰਵ-ਉਚਤਮ ਹੋਵੇਗੀ।

ਇਸ ਤਰ੍ਹਾਂ ਅਸੀ ਅਭਿਨੇਤਰੀਆਂ ਦੀ ਦੋ ਸ਼ਰੇਣੀਆਂ ਵਿਚ ਵੰਡ ਕਰ ਲੈਂਦੇ ਹਾਂ। ਪਹਿਲੀ ਸ਼ਰੇਣੀ ਵਿਚ ਉਹ ਅਭਿਨੇਤਰੀਆਂ ਆਉਂਦੀਆਂ ਹਨ ਜੋ ਆਪਣੇ ਸੁੰਦਰ ਅਤੇ ਲੰਮੇ-ਲੰਮੇ ਸਰੀਰ ਦੀ ਖਿੱਚ ਕਾਰਨ ਚਲ ਰਹੀਆਂ ਹਨ। ਦੂਸਰੇ ਸ਼ਰੇਣੀ ਵਿਚ ਉਹ ਅਭਿਨੇਤਰੀਆਂ ਆਉਂਦੀਆਂ ਹਨ ਜੋ ਸੁੰਦਰਤਾ ਅਤੇ ਨਿਪੁੰਨ ਕਲਾ ਦੋਹਾਂ ਦੇ ਕਾਰਨ ਚਲ ਰਹੀਆਂ ਹਨ। ਇਸ ਸਮੇਂ ਪਹਿਲੀ ਸ਼ਰੇਣੀ ਵਿਚ ਪੂਨਮ ਢਿੱਲੋਂ, ਰੇਖਾ, ਸਲਮਾ ਆਗਾ, ਰਤੀ ਅਗਨੀਹੋਤਰੀ ਅਤੇ ਟੀਨਾ ਮੁਨੀਮ ਦਾ ਨਾਂਅ ਆਉਂਦਾ ਹੈ। ਦੂਸਰੀ ਸ਼ਰੇਣੀ ਵਿਚ ਜ਼ੀਨਤ ਅਮਾਨ, ਸਮਿਤਾ ਪਾਟਿਲ, ਪਦਮਨੀ ਕੋਹਲਾਪੁਰੀ, ਰਣਜੀਤਾ, ਰਾਮੇਸ਼ਵਰੀ ਤਾਂ ਹਨ ਹੀ ਰੇਖਾ ਅਤੇ ਸਲਮਾ ਆਗਾ ਵੀ ਇਸ ਸ਼ਰੇਣੀ ਵਿਚ ਰਖੀਆਂ ਜਾ ਸਕਦੀਆਂ ਹਨ।

ਇਹਨਾਂ ਨਾਵਾਂ ਤੋਂ ਇਲਾਵਾ ਹੋਰ ਵੀ ਕਈ ਨਾਂਅ ਹਨ ਜਿਵੇਂ, ਸ਼ਬਾਨਾ ਆਜ਼ਮੀ, ਜ਼ਰੀਨਾ ਵਹਾਬ, ਰੀਨਾ ਰਾਏ, ਮੌਸਮੀ ਚੈਟਰਜੀ, ਸਾਰਿਕਾ, ਦੀਪਤੀ ਨਵਲ, ਪਰਵੀਨ ਬਾਬੀ, ਸਵਰੂਪ ਸੰਪਤ, ਵਿਜੇਅਤਾ, ਬਿੰਦੀਆ ਗੋਸਵਾਮੀ ਅਤੇ ਅਨੀਤਾ ਰਾਜ ਆਦਿ। ਪਰ ਇਹ ਅਭਿਨੇਤਰੀਆਂ ਕਦੇ ਵੀ ਪਹਿਲੇ ਨੰਬਰ ਦੀਆਂ ਦਾਵੇਦਾਰ ਨਹੀਂ ਹੋ ਸਕਦੀਆਂ। ਇਹਨਾਂ ਨੇ ਨਾ ਤਾਂ ਵਧੀਆ ਅਭਿਨੈ ਦਾ ਪ੍ਰਦਰਸ਼ਨ ਕੀਤਾ ਹੈ ਅਤੇ ਨਾ ਹੀ ਇਹਨਾਂ ਕੋਲ ਸਤੰਭਕਾਰੀ ਸੁੰਦਰਤਾ ਹੈ। ਹੇਮਾ ਮਾਲਿਨੀ ਅਤੇ ਰਾਖੀ ਅਜੇ ਵੀ ਫਿਲਮਾਂ ਵਿਚ ਰੋਲ ਕਰ ਰਹੀਆਂ ਹਨ। ਪਰ ਆਪਣੀ ਵਧਦੀ ਹੋਈ ਉਮਰ ਦੇ ਕਾਰਨ ਇਸ ਦੌੜ ਵਿਚ ਪਿਛੇ ਰਹਿ ਗਈਆਂ ਹਨ।

ਪਹਿਲੀ ਸ਼ਰੇਣੀ ਦੀਆਂ ਅਭਿਨੇਤਰੀਆਂ ਵਿਚ ਸਿਰਫ ਪੰਜ ਨਾਂਅ ਆਉਂਦੇ ਹਨ। ਪੂਨਮ ਢਿਲੋਂ, ਰੇਖਾ ਸਲਮਾ ਆਗਾ, ਰਤੀ ਅਗਨੀਹੋਤਰੀ ਅਤੇ ਟੀਨਾ ਮੁਨੀਮ।

ਪੂਨਮ ਢਿਲੋਂ ਜੇ ਪ੍ਰਥਮ ਸਥਾਨ ਦੀ ਹੋੜ ਵਿਚ ਹੈ ਤਾਂ ਇਸ ਕਰਕੇ ਕਿ ਉਸ ਕੋਲ ਸੰਗਮਰਮਰੀ ਵਿਅਕਤਿਤਵ ਹੈ। ਉਸਨੇ ਆਪਣੀ ਪਹਿਲੀ ਫਿਲਮ 'ਤ੍ਰਿਸ਼ੂਲ' ਵਿਚ ਉਸਨੇ ਉਹ ਜਾਦੂ ਜਗਾਇਆ ਸੀ ਜੋ ਅਜੇ ਤਕ ਕਾਇਮ ਹੈ। ਪਰ ਬਾਅਦ ਦੀਆਂ ਫਿਲਮਾਂ (ਸਿਵਾ ਨੂਰੀ ਤੋਂ) ਪੂਨਮ ਵਧੇਰੇ ਕੁਝ ਨਹੀਂ ਕਰ ਸਕੀ। ਆਪਣੀਆਂ ਬਾਕੀ ਫਿਲਮਾਂ 'ਰੈੱਡ ਰੋਜ਼', 'ਤੇਰੀ ਕਸਮ', ਯੇਹ ਤੋਂ ਕਮਾਲ ਹੋ ਗਿਆ' ਆਦਿ ਵਿਚ ਪੂਨਮ ਨੇ ਸਿਰਫ ਆਪਣੀ ਸਰੀਰਕ ਸੁੰਦਰਤਾ ਹੀ ਦਿਖਾਈ ਹੈ। ਪੂਨਮ ਸੰਦੀਪ ਪਾਟਿਲ ਨਾਲ 'ਕਭੀ ਅਜਨਬੀ ਥੇ' ਵਿਚ ਕੁਮਾਰ ਗੌਰਵ ਦੇ ਨਾਲ 'ਰੋਮਾਂਸ' ਅਤੇ 'ਮੁੱਠੀ ਭਰ ਅਸਮਾਨ' ਵਿਚ ਅਤੇ ਸੰਨੀ ਦਿਉਲ ਨਾਲ 'ਸਵੇਰ' ਵਾਲੀ ਗਾਡੀ' ਵਿਚ ਆ ਰਹੀ ਹੈ। ਪਰ ਇਹਨਾਂ ਸਾਰੀਆਂ ਫਿਲਮਾਂ ਵਿਚ ਇਸ ਦਾ ਕੋਈ ਖਾਸ ਰੋਲ ਨਹੀਂ ਹੈ।

ਇਸੇ ਤਰ੍ਹਾਂ ਰਤੀ ਅਗਨੀਹੋਤਰੀ ਅਤੇ ਟੀਨਾ ਮੁਨੀਮ ਹਨ। ਰਤੀ ਅਗਨੀਹੋਤਰੀ ਕਮਲ ਹਸਨ ਨਾਲ ਪਹਿਲੀ ਵਾਰ 'ਏਕ ਦੂਜੇ ਕੇ ਲੀਏ' ਵਿਚ ਆਈ ਸੀ ਜੋ ਕਾਫੀ ਹਿੱਟ ਰਹੀ। ਟੀਨਾ ਮੁਨੀਮ ਨੂੰ ਵੀ ਪਹਿਲੀ ਫਿਲਮ ਦੇਵ ਆਨੰਦ ਦੇ ਨਾਲ ਮਿਲੀ 'ਦੇਸ ਪ੍ਰਦੇਸ'। ਫਿਲਮ ਦੇਵ ਆਨੰਦ ਦੇ ਕਾਰਨ ਹੀ ਚੱਲੀ। ਪਰ ਉਸਦੇ ਬਾਅਦ ਟੀਨਾ ਮੁਨੀਮ ਅਤੇ ਰਤੀ ਅਗਨਹੋਤਰੀ ਕੇਵਲ ਸ਼ੋਅ ਪੀਸ ਬਣਕੇ ਹੀ ਰਹਿ ਗਈਆਂ ਹਨ। ਭਾਵੇਂ ਟੀਨਾ ਦੀ 'ਆਪਕੇ ਦੀਵਾਨੇ', 'ਕਰਜ਼', 'ਮਨਪਸੰਦ' ਹੋਵੇ ਜਾਂ ਫਿਰ ਰਤੀ ਅਗਨੀਹੋਤਰੀ ਦੀ 'ਜਾਨੀ ਆਈ ਲਵ ਯੂ' ਜਾਂ 'ਸ਼ੌਕਨ'।

ਇਸ ਤੋਂ ਬਾਅਦ ਰੇਖਾ ਅਤੇ ਸਲਮ ਆਗਾ ਹਨ। ਸੰਨ 1970 ਵਿਚ ਰੇਖਾ ਨੇ ਨਵੀਨ ਨਿਸਚਲ ਨਾਲ ਫਿਲਮ 'ਸਾਵਣ ਭਾਦੋਂ' ਨਾਲ ਫਿਲਮਾਂ ਵਿਚ ਪ੍ਰਵੇਸ਼ ਕੀਤਾ ਸੀ। ਉਦੋਂ ਤੋਂ ਲੈ ਕੇ ਹੁਣ ਤਕ ਰੇਖਾ ਨੇ ਇਕ ਲੰਮਾ ਸਫਰ ਤਹਿ ਕੀਤਾ ਹੈ.


JIM PATTISON

Pontiac Buick GMC TRUCKS



JIM PATTISON ON MAIN

SERVICE AFTER SALE

GM

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4×4 ਜਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੂਨ ਕਰੋ

PARLAD GILL



BUS. 879-4233 3434 MAIN ST. VANCOUVER, B.C. RES. 435-1834

# The Universal Religion of Guru Nanak



**By Harbhajan Singh (Retired Principal)**

**..... from last issue)**

The second biggest boon from the Gurus to the strife stricken mankind is the compilation of Shri Guru Granth Sahib, the Sikh scriptures, by the Fifth Master, Guru Arjan Dev. The Guru Granth Sahib unlike the scriptures of other religions, contains not only the holy word of the Gurus alone, but also the sacred word (Bani) of about thirty Bhagats, including Muslim Sufi Saints and other Godly persons, who lived from 1170 A.D. to 1675 A.D., and most of them belonged to the socalled low and untouchable castes. Saint Jaidev of Bengal was born in 1170 A.D. and Guru Tegh Bahadur, the ninth Guru was martyred at delhi at the behest of King Aurangzeb in 1675 A.D. So, the Holy Volume contains the wisdom of spiritual thought of about five centuries. It is, thus a unique Granth in the world, for the fact that it is the only Granth (scriptures) of "Spiritual Synthesis" that could promote emotional integration and co-existence. And there is no denying the fact that these are the rare qualities so badly needed today for the world of greed, selfishness, hatred and distrust. Varily, if man is ever to escape from the total annihilation which is staring into his very face, it must choose the broad and all embracing path of live, equality and sacrifice, so successfully preached and practised by Guru Nanak and his nine successors. That is the only way that unifies man to man and makes him tread the way pf peace and prosperity, the way of God.

Women, too, received due attention of the Gurus. "How can thay be called inferior" says Guru Nanak, "when they give birth to kings and Prophets Women as well as men share in the grace of God and are equally responsible for their actions to Him. Guru Hargobind called woman the conscience of man. Sati, the horrible ceremony of burning alive, with the dead husband was condemned by the sikh Gurus.

As Guru Nanak believed more in example than in precept, it took him and his successors 239 years to create a perfect man who was rightly called Khalsa, the pure, the one who straightaway belongs to God. The Khalsa is an ideally perfect man on earth. He is both a Saint and a Soldier. Guru Gobind Singh, the Tenth Master, loved and respected the Khalsa so much that he saw no difference between himself and the Khalsa. So much so, that he, after baptising the five "choosen sikhs" (Panj Pyare) who stood to offer their heads, one by one, at each call of the Guru, on the Baisakhi Day of 1699 A.D. at Anandpur Sahib, himself got baptism from them and thus made Khalsa the Guru and Guru the Khalsa.

The unique and universal religion of the Gurus can also be the religion of the space age. The Gurus, centuries ago, talked of millions of worlds, universes, suns and moons, as the science does reveal today. The Gurus base their teachings on healthy logic and true wisdom. There is no place for blind faith, religious fanaticism or bigotry in the fundamental principles or actual day to day working of the Sikh religion. Therein one finds not only willing and whole hearted toleration for other's faith and belief but selfless service and heavenly sympathy for all. What the Sikh Gurus earnestly wish is that a Hindu, Muslim, Christian or a Yogi etc. should become a faithful christian, a pious Hindu and a true Muslim. Real religion does not teach to hate and persecute persons of other faiths. All are judged before God and rewarded for their good actions towards others and not by the mere fact that they profess or have the label belonged to any particular sect. All are equal in the Court of God as He made human blood of one colour.

Guru Gobind Singh the tenth Master (1666-1708) strictly forbade the sikhs to use tobacco in any form and declared that whosoever disobeyed his orders, shall cease to be his sikh (disciple) and would become an apostate. It is a matter of joy and relief the world has realized, after all, that smoking is so injurious and dangerous to health.

In the close and well-knit-world of today, the man, unlike his fore-fathers, has the choice and privilege to adopt any way of life (religion) he likes. So, in such circumstances, the Sikh religion has the brightest chance and scope to become a world religion, as it contains truth in fullness.

The truth is that Guru Nanak is not just another prophet, Guru Granth Sahib just another scripture, Golden Temple just another Dharam Mandir and Sikhism just another sect or religion. They all are unique in every respect. The sooner the world realises this simple truth and come together, the better it is for it. Only thus and thus it can escape from the total annihiliation from the deadly destructive weapons which one day are bound to be used because of the hate, distruct and fear which unfortunately are nursed by man against man, nation against nation.

# ਇਕ ਅਭੁੱਲ ਪਛਤਾਵਾ

**ਸੁਰਜੀਤ ਸਿੰਘ ਸੰਧੂ, ਰਿਚਮੰਡ ਬੀ. ਸੀ.**

"ਉਏ ਤੂੰ ਕਿਸੇ ਦਾ ਭਲਾ ਕਰਨ ਤੋਂ ਪਹਿਲਾਂ
ਕੁਛ ਉਸਦਾ ਅੱਗਾ ਪਿਛਾ ਤਾਂ ਵੇਖ ਲਿਆ ਕਰ"

ਇਹ ਆਵਾਜ਼ ਕੰਨਾਂ ਵਿਚ ਟੈਲੀਫੋਨ ਦੀ ਘੰਟੀ ਖੜਕਣ ਦੇ ਜਵਾਬ ਵਿਚ "ਹੈਲੋ" ਕਹਿੰਦਿਆਂ ਹੀ ਪੈ ਜਾਂਦੀ ਹੈ। ਇਹ ਉਸ ਦੇਸ਼ ਸੇਵਕ ਦੀ ਆਵਾਜ਼ ਸੀ ਜਿਸ ਨੇ ਕੈਨੇਡਾ ਵਿਚੋਂ ਯੂਨੀਵਰਸਿਟੀ ਦੀ ਡਿਗਰੀ ਲੈ ਕੇ ਵੀ ਡਾਲੇ ਕਮਾਉਣ ਦੀ ਥਾਂ ਆਪਣੇ ਦੇਸ ਜਾ ਕੇ ਜ਼ਿੰਦਗੀ ਦਾ ਸਭ ਤੋਂ ਕੀਮਤੀ ਹਿਸਾ ਦੇਸ਼-ਆਜ਼ਾਦੀ ਦੇ ਸੰਗਰਾਮ ਵਿਚ ਲਾਇਆ ਸੀ। ਜੇਲ੍ਹਾਂ ਕੱਟਣੀਆਂ, ਅਲੋਪ ਹੋ ਕੇ ਰਹਿਣਾ, ਭੁੱਖ ਨੰਗ ਨੂੰ ਬਰਦਾਸ਼ਤ ਕਰਕੇ ਕਈ ਕਿਸਮ ਦੇ ਕਸ਼ਟ ਸਹਾਰੇ। ਮੈਨੂੰ ਉਹਨਾਂ ਨੇ ਇਹ ਉਲ੍ਹਾਮਾ ਕਿਉਂ ਦਿਤਾ ?

ਇਕ ਅਣ-ਜਾਣਿਆ ਪਹਿਚਾਣਿਆ ਮੀਣਾ ਜਿਹਾ ਪਰਿੰਦਾ ਮੇਰੇ ਉਸ ਭਾਈਬੰਦ ਦੇ ਨਾਲ ਜਿਸ ਨਾਲ ਮੈਂ ਰਹਿੰਦਾ ਹੁੰਦਾ ਸਾਂ। ਸਾਡੇ ਪਾਸ ਆਉਣਾ ਜਾਣਾ ਸ਼ੁਰੂ ਕਰ ਦਿਤਾ। ਬੜੀ ਮਿਠੀ ਜਿਹੀ ਜ਼ਬਾਨ ਨਾਲ ਉਹ ਬੋਲਦਾ ਸੀ। ਪਹਿਲਾਂ ਉਹ ਇੰਗਲੈਂਡ ਵੀ ਕੁਛ ਸਮਾਂ ਰਹਿ ਆਇਆ ਸੀ। ਕੁਛ ਹੁਨਰਮੰਦ ਵੀ ਸੀ ਪਰ ਫੇਰ ਵੀ ਉਹ ਬੜਾ ਨਰਾਸ਼ ਸੀ ਕਿ ਉਸਨੂੰ ਕੋਈ ਨੌਕਰੀ ਨਹੀਂ ਮਿਲ ਰਹੀ। ਮੇਰੇ ਪਾਸੋਂ ਉਹ ਕੋਈ ਨੌਕਰੀ ਭਾਲਣ ਵਿਚ ਮਦਦ ਮੰਗਦਾ ਸੀ ਪਰ ਮੈਂ ਕੋਈ ਖਾਸ ਧਿਆਨ ਨਾ ਦਿਤਾ ਕਿਉਂਕਿ ਮੇਰੀ ਉਸ ਨਾਲ ਕੋਈ ਐਸੀ ਜਾਣ ਪਹਿਚਾਣ ਨਹੀਂ ਸੀ।

ਇਕ ਦਿਨ ਸਵੇਰ ਵੇਲੇ ਹੀ ਮੇਰੇ ਪਾਸ ਖਬਰ ਪਹੁੰਚੀ ਕਿ ਉਹ ਤਾਂ ਹਸਪਤਾਲ ਵਿਚ ਪਿਆ ਹੋਇਆ ਹੈ ਕਿਉਂਕਿ ਰਾਤੀਂ ਉਸ ਨੇ ਪਹਿਲਾਂ ਤਾਂ ਰੱਜ ਕੇ ਸ਼ਰਾਬ ਪੀਤੀ ਅਤੇ ਫਿਰ ਜ਼ਹਿਰ ਦੀਆਂ ਗੋਲੀਆਂ ਖਾ ਕੇ ਆਤਮ-ਘਾਤ ਕਰਨ ਦੀ ਕੋਸ਼ਿਸ਼ ਕੀਤੀ। ਬੜੀ ਹੈਰਾਨੀ ਹੋਈ ਕਿ ਜਵਾਨ ਉਮਰ, ਬਾਲ-ਬੱਚੇਦਾਰ ਹੋਵੇ ਤੇ ਫਿਰ ਇਸ ਤਰ੍ਹਾਂ ਦਾ ਕਦਮ ਕਿਉਂ ਚੁਕਿਆ। ਅਖੀਰ ਪਤਾ ਲੱਗਾ ਕਿ ਉਹ ਇੰਗਲੈਂਡ ਤੋਂ ਏਥੇ ਸੈਲਾਨੀ ਵਜੋਂ ਆਇਆ ਏ, ਆਵਾਸੀ ਹੱਕ ਉਸ ਪਾਸ ਕੋਈ ਨਹੀਂ, ਏਥੇ ਆਵਾਸੀ ਹੱਕ ਉਸ ਨੂੰ ਤਦ ਹੀ ਮਿਲ ਸਕਦੇ ਹਨ ਜੇ ਕੋਈ ਨੌਕਰੀ ਮਿਲ ਸਕੇ ਤਾਂ। ਵਾਪਸ ਇੰਗਲੈਂਡ ਜਾਣਾ ਨਹੀਂ ਚਾਹੁੰਦਾ ਕਿਉਂਕਿ ਉਥੇ ਵੀ ਉਹ ਆਪਣੇ ਸੱਸ ਸੌਹਰੇ ਪਾਸੋਂ ਸਭ ਕੁਛ ਸਮੇਟਣਾ ਚਾਹੁੰਦਾ ਸੀ। ਜਿਸ ਕਰਕੇ ਉਸਦੇ ਸਾਲਿਆਂ ਨੇ ਕੁੱਟ ਮਾਰ ਕੇ ਘਰੋਂ ਕੱਢ ਦਿਤਾ ਸੀ ਅਤੇ ਹੁਣ ਉਸਦੀ ਸਿੰਘਣੀ ਆਪਣੀਆਂ ਭਰਜਾਈਆਂ ਦੇ ਬੱਚੇ ਅਤੇ ਭਾਂਡੇ ਟੀਂਡੇ ਸਾਫ ਕਰਕੇ ਆਪਣਾ ਗੁਜ਼ਾਰਾ ਕਰ ਰਹੀ ਏ।

ਇਹ ਸੁਣ ਕੇ ਮੇਰੇ ਦਿਲ ਵਿਚ ਬੜਾ ਤਰਸ ਆਇਆ ਤਾਂ ਮੈਂ ਉਸ ਦੇਸ਼ ਸੇਵਕ ਬਜ਼ੁਰਗ ਪਾਸ ਇਸਨੂੰ ਕੋਈ ਰੁਜ਼ਗਾਰ ਤੇ ਲਵਾਉਣ ਦੀ ਸਫਾਰਸ਼ ਕੀਤੀ। ਉਸ ਬਜ਼ੁਰਗ ਨੇ ਬੜੀ ਕੋਸ਼ਿਸ਼ ਕਰਕੇ ਇਸ ਜਵਾਨ ਨੂੰ ਨੌਕਰੀ ਤੇ ਲਵਾ ਦਿਤਾ ਜਿਸ ਨਾਲ ਫਿਰ ਉਹ ਕੈਨੇਡਾ ਦੇ ਆਵਾਸੀ ਹੱਕ ਲੈਣ ਵਿਚ ਕਾਮਯਾਬ ਹੋ ਗਿਆ।

ਕੁਛ ਦਿਨ ਪਾ ਕੇ ਉਹ ਬਜ਼ੁਰਗ ਇਹ ਜਾਣ ਕੇ ਬੜਾ ਨਿਰਾਸ ਹੋਇਆ ਕਿ ਇਹ ਤਾਂ ਉਸ ਗ਼ਦਾਰ ਦਾ ਪੋਤਰਾ ਹੈ ਜੋ ਕਿ ਬੱਬਰ ਅਕਾਲੀਆਂ ਨੂੰ ਅਤੇ ਗ਼ਦਰੀ ਦੇਸ਼ ਭਗਤਾਂ ਨੂੰ ਫੜਾ ਕੇ ਫਾਂਸੀ ਲਵਾਉਂਦਾ ਰਿਹਾ ਸੀ, ਜਿਸ ਦੇ ਇਵਜ਼ ਵਿਚ ਅੰਗਰੇਜ਼ ਨੇ ਉਸ ਗ਼ਦਾਰ ਨੂੰ ਠਾਣੇਦਾਰ ਬਣਾ ਰੱਖਿਆ ਸੀ। ਜਦ ਕਿ ਉਸਨੇ ਇਕ ਦਿਨ ਸਕੂਲ ਜਾ ਕੇ ਵੀ ਨਹੀਂ ਸੀ ਦੇਖਿਆ।

ਮੇਰੇ ਪਾਸ ਵੀ ਉਹ ਸ਼ਰਾਬ ਦੀ ਘੁੱਟ ਪੀ ਕੇ ਆਪਣੇ ਦਾਦੇ ਦੀਆਂ ਬਹਾਦਰੀਆਂ ਦੱਸਣ ਲੱਗ ਪਿਆ ਅਤੇ ਬੜੇ ਫਖਰ ਨਾਲ ਕਹਿੰਦਾ ਕਿ ਉਸਦਾ ਸੁਭਾਅ ਬਿਲਕੁਲ ਉਸਦੇ ਦਾਦੇ ਤੇ ਹੈ।

ਇਸ ਤਰ੍ਹਾਂ ਇਕ ਬੇਲੇ ਦੀ ਔਲਾਦ ਦਾ ਭਲਾ ਹੋ ਗਿਆ ਜਿਸ ਦਾ ਪਛਤਾਵਾ ਮੈਨੂੰ ਲੱਗਾ ਅਤੇ ਉਸ ਬਜ਼ੁਰਗ ਨੂੰ ਵੀ ਜਿਸ ਦੇ ਸਾਥੀਆਂ ਨੂੰ ਇਸਦੇ ਦਾਦੇ ਨੇ ਫਾਂਸੀ ਦੇ ਤਖਤਿਆਂ ਤੇ ਚੜ੍ਹਾਇਆ ਸੀ !!


BUYING SELLING TRADING

*Any Kind Of Real Estate Property*
CONTACT

**JAS MANGAT**

- BUYING
- TRADING
- FARMS
- SELLING
- COMMERCIAL
- INDUSTRIAL

**Bus: 324-1034**
**Res: 876-1629**

**CATHAY PACIFIC REALTY LTD.**

5052 Victoria Dr., Vancouver



NATIONAL LIFE
ASSURANCE COMPANY
OF CANADA

Since 1899



501 - 1155 West Pender Street
Vancouver, B.C. V6E 2P7
Bus: 685-7231

**The National Life is pleased to announce that SATNAM SINGH JOHAL has qualifed for a trip to attend a Life Insurance seminar in Toronto from May 29 to June 1, 1983.**

**The seminar is in recognition for outstanding leadership and sales performance with the National Life.**

J.S. Sidhu
Sales Manager

# ਲੋਇਲ ਫਰਨੀਚਰ ਲਿ:

## ਵਲੋਂ

## 14 ਮਈ, 1983 — ਸ਼ਨਿਚਰਵਾਰ ਨੂੰ
## 12 ਘੰਟੇ ਦੀ ਸਪੈਸ਼ਲ ਕਲੀਅਰੈਂਸ ਸੇਲ

ਫਰਨੀਚਰ ਦੀਆਂ ਕੀਮਤਾਂ ਤੇ

## 15% ਤੋਂ 50% ਤੱਕ ਕਟੌਤੀ

12 - Hour Clearance Sale

- .. ਬੈਡ ਰੂਮ ਸੁਈਟਸ
- .. ਲਿਵਿੰਗ ਰੂਮ ਸੁਈਟਸ
- .. ਡਾਈਨਿੰਗ ਰੂਮ ਸੁਈਟਸ

Saturday - May 14
9 A.M. — 9 P.M.

ਹੈਰਾਨ ਕਰਨ ਵਾਲੀਆਂ ਕੀਮਤਾਂ ਦੇਖਣ ਲਈ ਲੋਇਲ ਫਰਨੀਚਰ ਤੇ
**14 ਮਈ — ਸ਼ਨੀਵਾਰ ਨੂੰ ਜ਼ਰੂਰ ਆਓ !**

**ਲੋਇਲ ਫਰਨੀਚਰ ਵਲੋਂ ਖਾਸ ਸੂਚਨਾ :—**

1. ਫਰਨੀਚਰ ਖ਼੍ਰੀਦਣ ਸਮੇਂ ਅਸਲ ਤੇ ਨਕਲ ਦੀ ਪਛਾਣ ਜ਼ਰੂਰ ਕਰੋ ।
2. ਕਈ ਅਣਜਾਣ ਕਿਸਮ ਦੇ ਵਪਾਰੀ ਸਸਤੀਆਂ ਕੀਮਤਾਂ ਦਾ ਹੋਕਾ ਦੇ ਕੇ ਆਮ ਜਨਤਾ ਨੂੰ ਗੁਮਰਾਹ ਕਰਦੇ ਹਨ - ਉਨ੍ਹਾਂ ਦੇ ਗਲਤ ਤੇ ਝੂਠੇ ਪ੍ਰਾਪੇਗੰਡੇ ਤੋਂ ਬਚੋ ।

**ਲੋਇਲ ਫਰਨੀਚਰ ਦੀਆਂ ਵਿਸ਼ੇਸ਼ਤਾਈਆਂ :-**

1. ਐਟਲਾਂਟਿਕ Atlantic ਕੰਪਨੀ ਦੇ ਬਣੇ ਪਾਏਦਾਰ ਸੋਫਾ ਸੈਟ -
2. ਗਰੇਂਜ Grange ਕੰਪਨੀ ਦੇ 25 ਸਾਲਾਂ ਦੀ ਗਰੰਟੀ ਵਾਲੇ ਬੈਡ -
3. ਸੈਲਾਮੈਂਡਰ Salamander Industries Inc. Manufacturers of Superior Furniture ਕੰਪਨੀ ਦੇ ਡਾਈਨਿੰਗ ਰੂਮ ਸੈਟ -

**CJOR on location - May 14th — Saturday**
**Drop in for coffee & donuts — Say hello to Linda Lee.**

ਵਧੀਆ ਫਰਨੀਚਰ ਤੇ ਵਾਜਬ ਕੀਮਤਾਂ ਲਈ ਹਮੇਸ਼ਾਂ ਇਕੋ ਇਕ ਨਾਂ ਯਾਦ ਰੱਖੋ — ਲੋਇਲ ਫਰਨੀਚਰ

LF

# Loyal Furniture Ltd.

**2707 - Main St. at 11th Ave. Vancouver. B.C.**

**Ph. 879-8319 or 879-4813**